


SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938


ਹਫਤਾਵਾਰੀ

# ਦੇਸ਼ ਦੁਆਬਾ


VOL - 8 ISSUE - 6
May 22, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ





Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਪਾਕਿਸਤਾਨ ਵਿੱਚ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਕੰਮ 70 ਫੀਸਦੀ ਪੂਰਾ ਹੋਣ 'ਤੇ ਬੋਪਾਰਾਏ ਬ੍ਰਦਰਜ਼ ਵੱਲੋਂ ਲੱਖ-ਲੱਖ ਵਧਾਈ
**(ਹੋਰ ਜਾਣਕਾਰੀ ਲਈ ਦੇਖੋ ਸਫਾ 11 'ਤੇ)**



ਪੰਜਾਬ ਬੁਧਿਸਟ ਸੁਸਾਇਟੀ ਨੇ ਬੁੱਧ ਪੂਰਨਿਮਾ ਧੂੰਮ ਧਾਮ ਨਾਲ ਮਨਾਈ। ਵੱਖ-ਵੱਖ ਸੰਸਥਾਵਾਂ ਵੱਲੋਂ ਬੁੱਧ ਪੂਰਨਿਮਾ ਮਨਾਏ ਜਾਣ ਸਬੰਧੀ ਰਿਪੋਰਟਾਂ ਅੰਦਰ ਦੇਖੋ।



ਸੈਕਰਾਮੈਂਟੋ ਪੀ. ਸੀ. ਐਸ. ਦੇ 30ਵੇਂ ਸਭਿਆਚਾਰਕ ਮੇਲੇ ਨੇ ਵਿਲੱਖਣ ਪੈੜਾਂ ਪਾਈਆਂ **(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 12-13 'ਤੇ)**

# 'ਆਪ' ਤੇ ਪੀਡੀਏ ਦੀ ਨਵੀ ਸਿਆਸੀ ਪ੍ਰੀਖਿਆ 23 ਤੋਂ ਬਾਅਦ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਵੋਟਾਂ ਪੈਣ ਦੀ ਪ੍ਰਕਿਰਿਆ ਮੁਕੰਮਲ ਹੁੰਦਿਆਂ ਹੀ ਅਗਲੀ ਸਿਆਸੀ ਰਣਨੀਤੀ ਦੀਆਂ ਗਿਣਤੀਆਂ-ਮਿਣਤੀਆਂ ਸ਼ੁਰੂ ਹੋ ਗਈਆਂ ਹਨ। ਖ਼ਾਸਕਰ 23 ਮਈ ਨੂੰ ਲੋਕ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ 'ਆਪ' ਅਤੇ ਪੰਜਾਬ ਜਮਹੂਰੀ ਗੱਠਜੋੜ (ਪੀਡੀਏ) ਵਿਚਲੀਆਂ ਧਿਰਾਂ ਦੀ ਨਵੀਂ ਸਿਆਸੀ ਪ੍ਰੀਖਿਆ ਹੋਵੇਗੀ।

ਇਨ੍ਹਾਂ ਲੋਕ ਸਭਾ ਚੋਣਾਂ ਵਿਚ ਭਾਵੇਂ 'ਆਪ' ਨੇ ਸਮੂਹ 13 ਲੋਕ ਸਭਾ ਹਲਕਿਆਂ ਵਿਚ ਚੋਣ ਲੜੀ ਹੈ, ਪਰ ਲੀਡਰਸ਼ਿਪ ਦੀ ਆਸ ਦੀ ਕਿਰਨ ਪਾਰਟੀ ਪ੍ਰਧਾਨ ਭਗਵੰਤ ਸਿੰਘ ਮਾਨ ਦੇ ਹਲਕਾ ਸੰਗਰੂਰ 'ਤੇ ਹੀ ਲੱਗੀ ਹੈ। ਸ੍ਰੀ ਕੇਜਰੀਵਾਲ ਵੱਲੋਂ 13 ਤੋਂ 17 ਮਈ ਤਕ ਪੰਜ ਦਿਨ ਪੰਜਾਬ ਵਿਚ ਕੀਤੇ ਚੋਣ ਪ੍ਰਚਾਰ ਵਿਚੋਂ ਵੀ ਦੋ ਦਿਨ ਸੰਗਰੂਰ ਹਲਕੇ ਵਿਚ ਹੀ ਲਾਏ ਗਏ। ਰੋਪੜ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਤੇ ਮਾਨਸਾ ਦੇ ਬਾਗ਼ੀ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਵੱਲੋਂ ਕਾਂਗਰਸ ਵਿਚ ਸ਼ਾਮਲ ਹੋਣ ਕਾਰਨ ਉਨ੍ਹਾਂ ਦੀ ਵਿਧਾਇਕੀ ਜਾਣੀ ਤੈਅ ਹੈ, ਉੱਥੇ ਸ੍ਰੀ ਖਹਿਰਾ ਸਣੇ ਫ਼ਰੀਦਕੋਟ ਤੋਂ ਚੋਣ ਲੜੇ ਪਾਰਟੀ ਦੇ ਬਾਗ਼ੀ ਵਿਧਾਇਕ ਮਾਸਟਰ ਬਲਦੇਵ ਸਿੰਘ ਦੀ ਵਿਧਾਨ ਸਭਾ ਦੀ ਮੈਂਬਰਸ਼ਿਪ ਵੀ ਜਾ ਸਕਦੀ ਹੈ। ਐਚਐਸ ਫੂਲਕਾ ਪਹਿਲਾਂ ਹੀ ਅਸਤੀਫ਼ਾ ਦੇ ਚੁੱਕੇ ਹਨ ਅਤੇ ਇਸ ਤਰਾਂ 'ਆਪ' ਦੇ 5 ਵਿਧਾਇਕਾਂ ਦੇ ਅਹੁਦੇ ਦਾਅ 'ਤੇ ਲੱਗੇ ਹਨ। ਇਨ੍ਹਾਂ ਤੋਂ ਇਲਾਵਾ ਪਾਰਟੀ 'ਚੋਂ ਮੁਅੱਤਲ ਕੀਤੇ ਵਿਧਾਇਕ ਕੰਵਰ ਸੰਧੂ, ਪਿਰਮਲ ਸਿੰਘ ਖ਼ਾਲਸਾ, ਜਗਤਾਰ ਸਿੰਘ ਜੱਗਾ ਤੇ ਜਗਦੇਵ ਸਿੰਘ ਕਮਾਲੂ ਬਾਗ਼ੀ ਚੱਲ ਰਹੇ ਹਨ। ਇਸ ਕਾਰਨ ਪਾਰਟੀ ਵਿਚ ਕੇਵਲ 11 ਵਿਧਾਇਕ ਹੀ ਵਿਰੋਧੀ ਧਿਰ ਦੇ ਆਗੂ ਵਕੀਲ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਚੱਲ ਰਹੇ ਹਨ ਤੇ 'ਆਪ' ਦਾ ਮੁੱਖ ਵਿਰੋਧੀ ਧਿਰ ਦਾ ਦਰਜਾ ਵੀ ਖੁੱਸਣ ਦੇ ਆਸਾਰ ਬਣ ਸਕਦੇ ਹਨ। ਦੂਜੇ ਪਾਸੇ, ਬਾਗ਼ੀ ਧਿਰ ਦੇ ਆਗੂ ਸ੍ਰੀ ਖਹਿਰਾ ਦੀ ਇਸ ਚੋਣ ਵਿਚ ਕਾਰਗੁਜ਼ਾਰੀ ਉਨ੍ਹਾਂ ਦਾ ਸਿਆਸੀ ਭਵਿੱਖ ਤੈਅ ਕਰੇਗੀ। ਉਨ੍ਹਾਂ ਵੱਲੋਂ ਆਪਣੀ ਪੰਜਾਬ ਏਕਤਾ ਪਾਰਟੀ ਵੱਲੋਂ ਜਿੱਥੇ ਖ਼ੁਦ ਬਠਿੰਡਾ ਤੋਂ ਚੋਣ ਲੜੀ ਹੈ, ਉੱਥੇ ਖਡੂਰ ਸਾਹਿਬ ਤੋਂ ਪਰਮਜੀਤ ਕੌਰ ਖਾਲੜਾ ਤੇ ਫ਼ਰੀਦਕੋਟ ਤੋਂ ਮਾਸਟਰ ਬਲਦੇਵ ਸਿੰਘ ਨੂੰ ਚੋਣ ਲੜਾਈ ਹੈ। ਇਸੇ ਤਰ੍ਹਾਂ 'ਆਪ' ਵਿਚੋਂ ਬਾਹਰ ਹੋ ਕੇ ਨਵਾਂ ਪੰਜਾਬ ਪਾਰਟੀ ਵੱਲੋਂ ਪਟਿਆਲਾ ਤੋਂ ਚੋਣ ਲੜੇ ਡਾ. ਧਰਮਵੀਰ ਗਾਂਧੀ ਦਾ ਭਵਿੱਖ ਵੀ ਇਸ ਚੋਣ ਦੇ ਨਤੀਜੇ ਨਾਲ ਜੁੜਿਆ ਹੈ।



# ਭਾਰਤ ਦੇ ਚੋਣ ਨਤੀਜੇ ਲਈ ਅਮਰੀਕੀ ਪੰਜਾਬੀਆਂ 'ਚ ਭਾਰੀ ਉਤਸ਼ਾਹ

ਨਿਊਯਾਰਕ (ਬਿਊਰੋ)- ਅਮਰੀਕਾ ਵਿਚ ਵੱਸਦੇ ਪੰਜਾਬੀ ਭਾਈਚਾਰੇ ਦੇ ਲੋਕ ਭਾਰਤ ਦੀਆਂ 16ਵੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਦੀ ਬੜੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ।ਆਪਣੇ ਵਤਨ ਦੀ ਹਰ ਵੇਲੇ ਖੈਰ-ਸੁੱਖ ਮੰਗਣ ਅਤੇ ਦੁੱਖ ਦਰਦ 'ਚ ਸ਼ਰੀਕ ਹੋਣ ਵਾਲੇ ਪਰਵਾਸੀ ਭਾਈਚਾਰੇ ਲਈ ਵੀ 23 ਮਈ ਦਾ ਦਿਨ ਅਹਿਮ ਹੈ ਜਦੋਂ ਭਾਰਤ ਦੀ ਤਕਦੀਰ ਦਾ ਫ਼ੈਸਲਾ ਹੋਣਾ ਹੈ। ਸਿਆਸਤ 'ਚ ਦਿਲਚਸਪੀ ਰੱਖਣ ਵਾਲੇ ਗੱਲ-ਗੱਲ 'ਤੇ ਪੂਰੇ ਦੇਸ਼ ਅਤੇ ਖ਼ਾਸ ਕਰਕੇ ਪੰਜਾਬ ਦੀਆਂ 13 ਸੀਟਾਂ 'ਤੇ ਜੇਤੂ ਉਮੀਦਵਾਰਾਂ ਬਾਰੇ ਆਪੋ-ਆਪਣੇ ਟੇਵੇ ਲਾ ਰਹੇ ਹਨ। ਕਈ ਲੋਕਾਂ 'ਚ ਚੋਣ ਨਤੀਜਿਆਂ ਨੂੰ ਲੈ ਕੇ ਇੰਨਾ ਉਤਸ਼ਾਹ ਹੈ ਕਿ ਉਨ੍ਹਾਂ ਆਪਣੇ ਕੰਮ-ਕਾਜ ਵੀ ਉਸ ਢੰਗ ਨਾਲ ਤੈਅ ਕਰ ਲਏ ਹਨ ਤਾਂ ਜੋ ਗਿਣਤੀ ਹੋਣ ਤਕ ਵਿਹਲੇ ਹੋ ਸਕਣ। ਇਥੋਂ ਦਾ ਵਕਤ ਪਿੱਛੇ ਹੋਣ ਕਰਕੇ ਜਦੋਂ ਤੱਕ ਭਾਰਤ 'ਚ ਅੱਠ ਵਜੇ ਗਿਣਤੀ ਦਾ ਅਮਲ ਸ਼ੁਰੂ ਹੋਣਾ ਹੈ ਇਧਰ ਆਸਟ੍ਰੇਲੀਆ ਵਿਚ ਵੀ ਦੁਪਹਿਰ ਦੇ ਢਾਈ ਵਜੇ ਤਕ ਨਤੀਜੇ ਵੇਖਣ ਦੇ ਚਾਹਵਾਨ ਲੋਕ ਆਪੋ-ਆਪਣੇ ਕੰਮ-ਧੰਦੇ ਮੁਕਾ ਕੇ ਸਕਰੀਨਾਂ ਅੱਗੇ ਜੁੜ ਕੇ ਬੈਠ ਜਾਣਗੇ। ਖ਼ਾਸ ਤੌਰ 'ਤੇ ਪੰਜਾਬ ਤੋਂ ਆਪਣੇ ਬੱਚਿਆਂ ਕੋਲ ਪੁੱਜੇ ਹੋਏ ਮਾਪਿਆਂ ਲਈ ਇਹ ਪਲ ਬਹੁਤ ਸੁਖਾਵਾਂ ਮਾਹੌਲ ਹੋਵੇਗਾ ਜੋ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਭਾਰਤ 'ਚ ਗੁਜ਼ਾਰ ਕੇ ਆਏ ਹਨ। ਘਰਾਂ ਦੇ ਘੁਟਣਮਈ ਮਾਹੌਲ 'ਚੋਂ ਬਾਹਰ ਨਿਕਲ ਕੇ ਪੰਜਾਬੀ ਬਜ਼ੁਰਗ ਆਪਣੇ ਦੇਸ਼ ਬਾਰੇ ਖੁੱਲ੍ਹ ਕੇ ਆਪਸ 'ਚ ਚੋਣ ਚਰਚਾ ਵੀ ਕਰ ਸਕਣਗੇ।







MANDEEP SANDHU

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823



Sandeep Jony Bagga



RAMESH SUMAN
Broker Realtor
RCS-D ™

MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ‘ਆਸੀਸ ਪ੍ਰੋਗਰਾਮ’ ਦੌਰਾਨ ਫਰਿਜ਼ਨੋ ’ਚ ਲੱਗੀਆਂ ਰੌਣਕਾਂ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ)**: ਅੱਜ ਦੇ ਸਮੇਂ ਅੰਦਰ ਵਿਦੇਸੀਆਂ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਪਰਿਵਾਰ ਦਾ ਆਪਸੀ ਇਕ-ਦੂਜੇ ਨੂੰ ਸਮਾਂ ਦੇਣਾ ਬਹੁਤ ਮੁਸ਼ਕਲ ਹੋ ਗਿਆ ਹੈ। ਖਾਸਕਰ ਬਹੁਤ ਔਰਤਾਂ ਘਰ ਬਾਹਰੀ ਕੰਮ-ਕਾਰ ਤੋਂ ਇਲਾਵਾ ਘਰ ਦੇ ਚੁੱਲੇ-ਚੌਕੇ (ਰਸ਼ੋਈ) ਤੱਕ ਸੀਮਤ ਹੋ ਗਈਆਂ ਹਨ। ਜਿਸ ਦਾ ਵਧੇਰੇ ਅਸਰ ਬਜ਼ੁਰਗ ਔਰਤਾਂ ਉੱਪਰ ਪਿਆ ਹੈ। ਪਰ ਉਨ੍ਹਾਂ ਦੀ ਪਰਿਵਾਰਾਂ ਨੂੰ ਬਹੁਤ ਦੇਣ ਹੈ। ਘਰ ਅੰਦਰ ਰਸ਼ੋਈ ਦੇ ਕੰਮ ਤੋਂ ਬੱਚੇ ਸੰਭਾਲਣ ਤੱਕ ਸਾਰਾ ਕੰਮ ਉਹ ਕਰਦੀਆਂ ਹਨ। ਉਨ੍ਹਾਂ ਦਾ ਹੀ ਆਸੀਰਵਾਦ ਹੈ ਕਿ ਪਰਿਵਾਰ ਖੁਸ਼ਹਾਲ ਜਿੰਦਗੀ ਬਤੀਤ ਕਰ ਰਹੇ ਹਨ। ਇਹ ਪ੍ਰੋ-ਗਰਾਮ ਸਿਰਫ ਔਰਤਾਂ ਲਈ ਹੀ ਸੀ। ਇਸੇ ਸਦਕਾ ਨੌਜਵਾਨ ਔਰਤਾਂ ਨੇ ਮਿਲਕੇ ਫਰਿਜ਼ਨੋ ਵਿਖੇ “ਆਸ਼ੀਸ਼” ਨਾਂ ਦੇ ਪ੍ਰੋਗਰਾਮ ਦਾ ਆਗਾਜ਼ ਕੀਤਾ। ਜਿਸ ਵਿੱਚ ਮਾਂਵਾਂ-ਧੀਆਂ, ਸੱਸਾ-ਨੂੰਹਾਂ, ਪੋਤੀਆਂ-ਦੋਹਤੀਆਂ ਆਦਿਕ ਸਭ ਰਲ ਇਕੱਠੀਆਂ ਹੋਈਆਂ ਅਤੇ ਆਪਸੀ ਆਪਸੀ ਰਲ ਵਿਚਾਰਾ ਦੀ ਸਾਂਝ ਪਾਈ। ਇਸ ਸਮੇਂ ਸਿਆਣੀਆਂ ਹਾਜ਼ਰ ਬਜ਼ੁਰਗ ਔਰਤਾਂ ਦਾ ਮਾਣ-ਸਨਮਾਨ ਵੀ ਕੀਤਾ ਗਿਆ। ਜਿਸ ਤੋਂ ਇਲਾਵਾ ਮੰਨੋਰੰਜਨ ਲਈ ਰਲ ਗਿੱਧਾ, ਬੋਲੀਆਂ ਅਤੇ ਗੀਤ-ਸੰਗੀਤ ਦਾ ਪ੍ਰੋਗਰਾਮ ਵੀ ਹੋਇਆਂ। ਪਰ ਇਸ ਸਾਲ ਔਰਤਾਂ ਨੇ ਪੁਰਾਣੇ ਸਮੇਂ ਦੀਆਂ ਆਪਣੇ ਹੱਥੀ ਕਢਾਈ ਅਤੇ ਮੀਨਾਕਾਰੀ ਕੀਤੀਆਂ ਫੁੱਲਕਾਰੀਆਂ ਅਤੇ ਚਾਦਰਾਂ ਦੀ ਅਜ਼ਮਾਇਸ਼ ਵੀ ਕੀਤੀ। ਇਸੇ ਹੁਨਰ ਨੂੰ ਪ੍ਰਫੁਲਤ ਕਰਦੇ ਹੋਏ ਹੱਥੀ ਕਢਾਈ ਅਤੇ ਮੀਨਾਕਾਰੀ ਦੇ ਮੁਕਾਬਲੇ ਵੀ ਕਰਵਾਏ ਗਏ। ਆਪਣੀ ਖ਼ੂਬਸੂਰਤ ਗਾਇਕੀ ਰਾਹੀ ਪਰਮਜੀਤ ਧੰਜ਼ਲ ’ਪਿੰਕੀ’ ਨੇ ਗੀਤਾਂ ਰਹੀ ਖੂਬ ਰੰਗ ਬੰਨਿਆਂ। ਪ੍ਰੋਗਰਾਮ ਵਿੱਚ ਸਾਮਲ ਔਰਤਾਂ ਦੁਆਰਾਂ ਪੰਜਾਬੀ ਵਿਰਸੇ ਨੂੰ ਯਾਦ ਕਰਦੇ ਹੋਏ ਗੀਤ ਅਤੇ ਬੋਲੀਆਂ ਵੀ ਗਾਈਆਂ ਗਈਆਂ। ਇਸ ਸਮੇਂ ਅਜੋਕੇ ਸਮਾਜਿਕ ਹਾਲਾਤਾਂ ’ਤੇ ਚੋਟ ਕਰਦੀਆਂ ਵਿਅੰਗਮਈ ਸਕਿੱਟਾਂ ਵੀ ਕੀਤੀਆਂ ਗਈਆਂ। ਸੱਜ-ਸਵਰ ਕੇ ਆਈਆਂ ਬੀਬੀਆਂ ਨੂੰ ਇਨਾਮ ਦਿੱਤੇ ਗਏ। ਜਿਸ ਨੂੰ ਸਫਲ ਬਣਾਉਣ ਵਿੱਚ ਰਮਨ ਵਿਰਕ, ਜਗਮੀਤ ਰੈਪਸੀ ਅਤੇ ਅਰਵਿੰਦ ਸੇਖੋ ਤੋਂ ਇਲਾਵਾ ਬਹੁਤ ਸਾਰੀਆਂ ਔਰਤਾਂ ਨੇ ਸਹਿਯੋਗ ਦਿੱਤਾ। ਇਸ ਸਮੇਂ ਹਾਜ਼ਰੀਨ ਔਰਤਾਂ ਨੇ ਵਿਚਾਰਾ ਦਾ ਅਦਾਨ-ਪ੍ਰਦਾਨ ਵੀ ਕੀਤਾ। ਮੰਨੋਰੰਜਨ ਲਈ ਗੀਤ-ਸੰਗੀਤ, ਗਿੱਧਾ ਅਤੇ ਅਜੋਕੇ ਹਾਲਾਤਾ ’ਤੇ ਸਕਿੱਟਾ ਕੀਤੀਆ ਗਈਆ। ਪ੍ਰੋਗਰਾਮ ਵਿੱਚ ਹਾਜ਼ਰ ਸਮੂੰਹ ਮੈਂਬਰਾਂ ਦੇ ਲਈ ਸੁਆਦਿਸਟ ਖਾਣੇ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਇੰਨ੍ਹਾਂ ਔਰਤਾਂ ਦੁਆਰਾਂ ਰਲ ਕੇ ਕੀਤਾ ਜਾਣ ਵਾਲਾ ਇਹ ਪ੍ਰੋਗਰਾਮ ਆਪਣੇ ਤੀਸਰੇ ਸਾਲ ਯਾਦਗਾਰੀ ਹੋ ਨਿਬੜਿਆ।





# ਅਮਰੀਕਾ ’ਚ ਸਾਲ 2020 ’ਚ ਸਥਾਨਕ ਸਫ਼ਰ ਕਰਨ ਸਮੇਂ ਪਾਸਪੋਰਟ ਜਾਂ ਗ੍ਰੀਨ ਕਾਰਡ ਹੋਣਾ ਲਾਜ਼ਮੀ ਹੋ ਜਾਵੇਗਾ

**ਸਿਆਟਲ (ਹਰਮਨਪ੍ਰੀਤ ਸਿੰਘ)–** ਅਮਰੀਕਾ ਦੀ ਹੋਮਲੈਂਡ ਸਕਿਉਰਿਟੀ ਡਿਪਾਰਟਮੈਂਟ ਸਾਲ 2020 ਵਿਚ ਅਮਰੀਕਾ ਵਿਚ ਹਵਾਈ ਜਹਾਜ਼ ਰਾਹੀਂ ਅਤੇ ਸੜਕ ਰਾਹੀਂ ਸਰਹੱਦ ਪਾਰ ਕਰਕੇ ਗੁਆਂਢੀ ਮੁਲਕ ਕੈਨੇਡਾ ਜਾਂ ਮੈਕਸੀਕੋ ਜਾਣ ਸਮੇਂ ਪਾਸਪੋਰਟ ਜਾਂ ਗ੍ਰੀਨ ਕਾਰਡ ਹੋਣਾ ਲਾਜ਼ਮੀ ਕਰਨ ਜਾ ਰਿਹਾ ਹੈ । ਹੋਮਲੈਂਡ ਸਕਿਉਰਿਟੀ ਮਹਿਕਮੇ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪਹਿਲਾਂ ਆਮ ਲੋਕ ਅਮਰੀਕਾ ਦੀ ਆਮ ਆਈ. ਡੀ. ਦਿਖਾ ਕੇ ਜਹਾਜ਼ ਵਿਚ ਸਫ਼ਰ ਕਰ ਸਕਦੇ ਸਨ ਪਰ ਹੁਣ 1 ਅਕਤੂਬਰ 2020 ਤੋਂ ਸਭ ਤੋਂ ਪਹਿਲਾਂ ਵਾਸ਼ਿੰਗਟਨ ਸਟੇਟ ਵਿਚ ਲਾਗੂ ਹੋ ਰਿਹਾ ਹੈ । ਨਵੇਂ ਹੁਕਮ ਅਨੁਸਾਰ ਤੁਸੀਂ ਜਹਾਜ਼ ਵਿਚ ਸਫ਼ਰ ਕਰਨ ਸਮੇਂ, ਸਰਹੱਦ ਪਾਰ ਕਰਕੇ ਕੈਨੇਡਾ ਜਾਂ ਮੈਕਸੀਕੋ ਜਾਣ ਸਮੇਂ ਜਾਂ ਸਥਾਨਕ ਸਰਕਾਰ ਦੇ ਮਹੱਤਵਪੂਰਨ ਮਹਿਕਮੇ ਦੇ ਦਫ਼ਤਰ ਜਾਣ ਸਮੇਂ ਤੁਹਾਡੇ ਕੋਲ ਅਮਰੀਕੀ ਪਾਸਪੋਰਟ ਜਾਂ ਗ੍ਰੀਨ ਕਾਰਡ ਹੋਣਾ ਲਾਜ਼ਮੀ ਹੋ ਜਾਵੇਗਾ। ਸੂਤਰਾਂ ਅਨੁਸਾਰ ਇਹ ਸਾਰੇ ਅਮਰੀਕਾ ਵਿਚ ਲਾਗੂ ਹੋ ਜਾਵੇਗਾ ਪਰ ਸਭ ਤੋਂ ਪਹਿਲਾਂ ਵਾਸ਼ਿੰਗਟਨ ਸਟੇਟ ਵਿਚ 1 ਅਕਤੂਬਰ, 2020 ਤੋਂ ਲਾਗੂ ਹੋ ਜਾਵੇਗਾ । ਸੂਤਰਾਂ ਨੇ ਦੱਸਿਆ ਕਿ ਟਰੰਪ ਪ੍ਰਸ਼ਾਸਨ ਇਹ ਗੱਲ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਬਗ਼ੈਰ ਪੇਪਰਾਂ ਵਾਲੇ ਗ਼ੈਰ-ਕਾਨੂੰਨੀ ਵਿਅਕਤੀਆਂ ’ਤੇ ਸ਼ਿਕੰਜਾ ਪੂਰੀ ਤਰ੍ਹਾਂ ਕੱਸਿਆ ਜਾ ਸਕੇ । ਇਸ ਵੇਲੇ ਸਿਰਫ਼ ਆਈ. ਡੀ. ਜਾਂ ਡਰਾਈਵਿੰਗ ਲਾਈਸੈਂਸ ਦਿਖਾ ਕੇ ਹਵਾਈ ਸਫ਼ਰ ਕੀਤਾ ਜਾ ਸਕਦਾ ਹੈ ਪਰ ਨਵਾਂ ਕਾਨੂੰਨ ਲਾਗੂ ਹੋਣ ਨਾਲ ਪਾਸਪੋਰਟ ਜਾਂ ਗ੍ਰੀਨ ਕਾਰਡ ਨਾਲ ਹੀ ਸਫ਼ਰ ਕੀਤਾ ਜਾ ਸਕੇਗਾ।

ਆਉਣ ਵਾਲੇ ਦਿਨਾਂ ਵਿਚ ਟਰੰਪ ਪ੍ਰਸ਼ਾਸਨ ਵਲੋਂ ਹੋਰ ਬਹੁਤ ਸਾਰੀਆਂ ਇਮੀਗ੍ਰੇਸ਼ਨ ਨਾਲ ਸਬੰਧਿਤ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦਾ ਦਾਖ਼ਲਾ ਅਮਰੀਕਾ ’ਚ ਰੋਕਿਆ ਜਾ ਸਕੇ।




# 108 ਸੰਤ ਬਾਬਾ ਜਵਾਹਰ ਦਾਸ ਜੀ ਦੀ 100ਵੀਂ ਬਰਸੀ ਮਨਾਈ ਗਈ









**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀਆਂ ਗੁਰਸਿੱਖ ਸੰਗਤਾਂ ਵੱਲੋਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ 19 ਮਈ ਦਿਨ ਐਤਵਾਰ ਨੂੰ 108 ਸੰਤ ਬਾਬਾ ਜਵਾਹਰ ਦਾਸ ਜੀ ਸੂਸਾ ਵਾਲਿਆਂ ਦੀ 100ਵੀਂ ਬਰਸੀ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਸਰਪ੍ਰਸਤੀ ਹੇਠ ਬੜੀ ਧੂੰਮ ਧਾਮ ਨਾਲ ਮਨਾਈ ਗਈ, ਜਿਸ ਵਿਚ 19 ਮਈ ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ।

ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਪ੍ਰਿਤਪਾਲ ਸਿੰਘ ਜੀ, ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਗੁਰਬਾਣੀ ਕਥਾ ਕਰਦੇ ਹੋਏ ਸੰਤ ਬਾਬਾ ਜਵਾਹਰ ਦਾਸ ਜੀ ਮਹਾਰਾਜ ਦੇ ਮਹਾਨ ਜੀਵਨ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ।

ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਲਗਵਾਈ। ਸਟੇਜ ਸੈਕਟਰੀ ਦੀ ਸੇਵਾ ਗੁਰੂ ਘਰ ਦੇ ਹੈਡ ਕੈਸ਼ੀਅਰ ਸ੍ਰੀ ਰਾਮ ਸੇਵਕ ਭਾਟੀਆ ਨੇ ਨਿਭਾਈ।



ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਗੁਰੂ ਅਮਰਦਾਸ ਜੀ ਮਹਾਰਾਜ ਦਾ ਪ੍ਰਕਾਸ਼ ਦਿ-ਹਾੜਾ ਮਈ 24, 25, 26 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਬੜੀ ਧੂੰਮ ਧਾਮ ਨਾਲ ਮਨ-ਾਇਆ ਜਾ ਰਿਹਾ ਹੈ।

**24 ਮਈ 2019 ਦਿਨ ਸ਼ੁੱਕਰਵਾਰ ਨੂੰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**

**26 ਮਈ 2019 ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।**

ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

-----

# ਫੌਲਰ ਨਿਵਾਸੀ ਟਰੱਕ ਡਰਾਈਵਰ ਸਤਵੰਤ ਸਿੰਘ ਬੈਂਸ ਦੀ ਮ੍ਰਿਤਕ ਦੇਹ ਡੈਲਟਾ ਮੈਨਡੋਟਾ ਕੈਨਾਲ ‘ਚੋਂ ਬਰਾਮਦ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਫਰਿਜ਼ਨੋ ਦੇ ਲਾਗਲੇ ਸ਼ਹਿਰ ਫੌਲਰ ਤੋਂ ਪਿਛਲੇ ਹਫ਼ਤੇ ਤੋਂ ਗੁੰਮਸੁਦਾ ਟਰੱਕ ਡਰਾਈਵਰ ਸਤਵੰਤ ਸਿੰਘ ਬੈਂਸ (54) ਦੀ ਮ੍ਰਿਤਕ ਦੇਹ ਡੈਲਟਾ-ਮੈਨਡੋਟਾ ਨਹਿਰ ਚੋਂ ਬਰਾਮਦ ਕਰ ਲਈ ਗਈ ਹੈ, ਇਸ ਗੱਲ ਦੀ ਪੁਸ਼ਟੀ ਮਰਸਿੱਡ ਕਾਉਂਟੀ ਸ਼ੈਰਫ ਆਫ਼ਿਸ ਨੇ ਕੀਤੀ ਹੈ। ਇਹ ਨਹਿਰ ਜਿੱਥੇ ਬੈਂਸ ਦਾ ਟਰੱਕ ਲੱਭਿਆ ਸੀ ਉਸਤੋਂ ਕੁਝ ਦੂਰੀ ਤੇ ਹੀ ਹੈ।





ਤੁਹਾਨੂੰ ਯਾਦ ਹੋਣਾ ਕਿ ਮਈ 15 ਨੂੰ ਸਵੇਰੇ 5 ਵਜੇ ਦੇ ਕਰੀਬ ਕੈਲੇਫੋਰਨੀਆਂ ਹਾਈਵੇਅ ਪਟਰੋਲ ਨੂੰ ਫਰੀਵੇਅ 5 ਅਤੇ ਵਿੱਟਵਰਥ ਰੋਡ ਜਿਹੜੀ ਕਿ ਲਾਸ ਬਾਨਸ ਸ਼ਹਿਰ ਦੇ ਨੋਰਟਹੱਏਸਟ ਏਰੀਏ ਵਿੱਚ ਹੈ, ਇੱਥੋ ਕਾਲ ਆਈ ਸੀ ਕਿ ਇੱਕ ਟਰੱਕ ਜੀਹਦੇ ਮਗਰ ਰੀਫਰ ਟ੍ਰੇਲਰ ਪਾਇਆ ਹੋਇਆ ਹੈ, ਇਹ ਫਰੀਵੇਅ ਦੀ ਅੱਧੀ ਕੁ ਨੌਰਥ ਬਾਂਡ ਲੇਨ ਬਲੌਕ ਕਰਕੇ ਖੜਾ ਹੈ ਅਤੇ ਇਸਦਾ ਇੰਜਨ ਚੱਲ ਰਿਹਾ ਹੈ. ਜਦੋਂ ਪੁਲਿਸ ਨੇ ਆਕੇ ਵੇਖਿਆ ਟਰੱਕ ਸਟਾਰਟ ਸੀ, ਦਰਵਾਜ਼ੇ ਖੁੱਲੇ ਸੀ, ਅੰਦਰ ਕੋਈ ਨਹੀਂ ਸੀ। ਡਰਾਈਵਰ ਸਤਵੰਤ ਸਿੰਘ ਬੈਂਸ ਦਾ ਪਰਸ ਤੇ ਫ਼ੋਨ ਵੀ ਟਰੱਕ ਵਿੱਚ ਹੀ ਪਿਆ ਸੀ। ਪੁਲਿਸ ਮੁਤਾਬਕ ਉਹਨਾਂ ਏਰੀਏ ਦੀ ਸਰਚ ਕੀਤੀ ਲੇਕਿਨ ਬੈਂਸ ਨੂੰ ਲੱਭਣ ਵਿੱਚ ਨਾਕਾਮਯਾਬ ਰਹੇ। ਇਸ ਉਪਰੰਤ ਟਰੱਕ ਟ੍ਰੇਲਰ ਟੋਅ ਕਰਕੇ ਸਟੋਰਜ ਜਗ੍ਹਾ ਤੇ ਲਿਜਾਇਆ ਗਿਆ ਤੇ ਫੌਲਰ ਸ਼ਹਿਰ ਵਸਦੇ ਬੈਂਸ ਪਰਿਵਾਰ ਨੂੰ ਇਸ ਘਟਨਾਂ ਬਾਰੇ ਦੱਸਿਆ ਗਿਆ। ਇਸ ਪਿੱਛੋ ਪਰਿਵਾਰ ਵੱਲੋਂ ਗੁਆਚੇ ਦੀ ਭਾਲ ਲਈ ਰਿਪੋਰਟ ਫਰਿਜ਼ਨੋ ਸ਼ੈਰਫ ਆਫਿਸ ਵਿੱਚ ਦਰਜ ਕਰਵਾਈ ਗਈ। ਪਰਿਵਾਰ ਮੁਤਾਬਕ ਬੈਂਸ ਲੋਡ ਲੈਕੇ ਫੇਅਰਫੀਲਡ ਨੂੰ ਜਾ ਰਿਹਾ ਸੀ। ਬੈਂਸ ਹਸਮੁੱਖ ਸੁਭਾਅ ਦਾ ਬੰਦਾ ਸੀ, ਬੱਚੇ ਆਪੋ ਆਪਣੀ ਥਾਂਈ ਸੈਂਟ ਨੇ ਇਸ ਤਰਾਂ ਨਹੀਂ ਕਿ ਉਹ ਬਿਨਾਂ ਦੱਸੇ ਕਿਸੇ ਪਾਸੇ ਚਲਾ ਗਿਆ ਹੋਵੇ।

ਪਰਿਵਾਰ ਮੁਤਾਬਕ ਉਹ ਸ਼ੂਗਰ ਦਾ ਮਰੀਜ਼ ਸੀ। ਜ਼ਰੂਰ ਉਸ ਨਾਲ ਕੋਈ ਹਾਦਸਾ ਵਾਪਰਿਆਂ ਹੈ। ਏਜੰਸੀਆਂ ਨੇ ਵੱਡੀ ਪੱਧਰ ਤੇ ਸਰਚ ਓਪਰੇਸ਼ਨ ਚਲਾਇਆ ਲੇਕਿਨ ਸਤਵੰਤ ਬੈਂਸ ਨੂੰ ਲੱਭਣ ਵਿੱਚ ਨਾਕਾਮ ਰਹੇ। ਅਤੇ ਅੱਜ ਮਰਸਿੱਡ ਕਾਉਂਟੀ ਸ਼ੈਰਫ ਨੇ ਡੈਲਟਾ- ਮੈਨਡੋਟਾ ਕੈਨਾਲ ਵਿੱਚ ਬਾਡੀ ਮਿਲਣ ਉਪਰੰਤ ਐਲਾਨ ਕੀਤਾ ਕਿ ਇਹ ਮ੍ਰਿਤਕ ਦੇਹ ਫੌਲਰ ਨਿਵਾਸੀ ਸਤਵੰਤ ਸਿੰਘ ਬੈਂਸ ਦੀ ਹੈ। ਮੌਤ ਦੇ ਕਾਰਨਾਂ ਦਾ ਹਾਲੇ ਪਤਾ ਨਹੀਂ ਲੱਗ ਸਕਿਆ ਕਿ ਮੌਤ ਕਿੰਨਾ ਹਾਲਤਾਂ ਵਿੱਚ ਹੋਈ। ਕਿਸੇ ਨੂੰ ਵੀ ਅਗਰ ਇਸ ਘਟਨਾ ਬਾਰੇ ਪਤਾ ਹੋਵੇ ਤਾਂ Merced County Sheriff`s Office ਨੂੰ (209) 385-7445 ਤੇ ਸੰਪਰਕ ਕਰ ਸਕਦੇ ਹੋ।

## ਸਿੱਖ ਪੰਜਾਬੀ ਯੂਥ ਕਲੱਬ ਰੋਜਵਿੱਲ ਵਲੋਂ ਕਲਚਰਲ ਪ੍ਰੋਗਰਾਮ 8 ਜੂਨ ਨੂੰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਹਰ ਵਰ੍ਹੇ ਸਿੱਖ ਪੰਜਾਬੀ ਯੂਥ ਕਲੱਬ ਰੋਜਵਿੱਲ ਵਲੋਂ ਕਰਵਾਇਆ ਜਾਂਦਾ ਸਭਿਆਚਾਰ ਪ੍ਰੋਗਰਾਮ ਐਤਕਾਂ 8 ਜੂਨ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਪੰਜਾਬੀ ਦੇ ਵੱਖ ਵੱਖ ਕਲਾਕਾਰ ਜਿਨਾਂ ਚ ਪੰਜਾਬ ਦੀ ਅਵਾਜ ਜਸਪਿੰਦਰ ਰੈਨਾ, ਸਾਬੀ ਪਨੇਸਰ, ਬੇਅੰਤ ਬਾਵਾ, ਕੈਲੀਫੋਰਨੀਆ ਦੇ ਨੌਜੁਆਨ ਗਾਇਕ ਜੀਤਾ ਗਿੱਲ ਵਿਸ਼ੇਸ਼ ਤੌਰ ਤੇ ਸਮੂਲੀਅਤ ਕਰਨਗੇ, ਸਟੇਜ ਨੂੰ ਪੰਜਾਬੀ ਗਾਇਕ ਗੋਗੀ ਸੰਧੂ ਸੰਭਾਲਣਗੇ, ਇਸ ਮੌਕੇ ਪ੍ਰਬੰਧਕਾਂ ਚ ਸਲਵਿੰਦਰ ਪੱਡਾ, ਰਣਵੀਰ ਸੈਣੀ, ਹਰਦੀਪ ਗਿੱਲ ਤੇ ਚਰਨ ਕਮਲ ਸਿੰਘ ਨੇ ਦੱਸਿਆ ਕਿ ਇਹ ਪ੍ਰੋਗਰਾਮ ਦਾ ਅਯੋਜਿਨ 2551 ਵੁਡਕਰੀਕ ਓਕ ਬੁਲੇਵਾਡ ਰੋਜਵਿਲ ਵਿਖੇ ਹੋਵੇਗਾ ਤੇ ਇਹ ਪ੍ਰੋਗਰਾਮ ਨਿਰੋਲ ਸਭਿਆਰਕ ਹੋਵੇਗਾ ਤੇ ਸਕਿਉਰਿਟੀ ਦਾ ਪ੍ਰਬੰਧ ਹੋਵੇਗਾ ਤੇ ਇਸ ਤੋਂ ਇਲਾਵਾ ਗਿੱਧਾ ਤੇ ਭੰਗੜੇ ਦੀਆਂ ਟੀਮਾਂ ਦੀ ਅਕਰਸ਼ਣ ਹੋਵੇਗੀ।

-----

# ਅਮਰੀਕਾ ਸਥਿਤ ਏਜੀਪੀਸੀ ਨੇ ਨਸਲਕੁਸ਼ੀ ਰੋਕਥਾਮ ਬਾਰੇ ਅਡਾਮਾ ਡੀਆਂਗ ਅਤੇ ਕੈਰਨ ਸਮਿੱਥ ਦੇ ਯਤਨਾਂ ਦੀ ਕੀਤੀ ਸ਼ਲਾਘਾ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)-** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁਸਲਮਾਨਾਂ ਅਤੇ ਘੱਟ ਗਿਣਤੀ ਭਾਈਚਾਰੇ 'ਤੇ ਹਮਲਿਆਂ ਸਬੰਧੀ ਨਸਲਕੁਸ਼ੀ ਰੋਕਥਾਮ ਬਾਰੇ ਸੰਯੁਕਤ ਰਾਸ਼ਟਰ ਸੰਘ ਦੇ ਵਿਸ਼ੇਸ਼ ਸਲਾਹਕਾਰ ਤੇ ਅੰਡਰ ਸੈਕਟਰੀ ਜਨਾਬ ਅਡਾਮਾ ਡੀਆਂਗ ਅਤੇ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਸਲਾਹਕਾਰ ਦੀ ਰੱਖਿਆ ਲਈ ਜ਼ਿੰਮੇਵਾਰ ਮਿਸਟਰ ਕੈਰਨ ਸਮਿੱਥ ਵੱਲੋਂ ਕੀਤਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਉਕਤ ਸਲਾਹਕਾਰਾਂ ਵੱਲੋਂ ਕੀਤੇ ਜਾ ਰਹੇ ਯਤਨਾ ਵਿਚ, ਸ੍ਰੀ ਲੰਕਾ ਦੇ ਉੱਤਰੀ ਪੱਛਮੀ ਸੂਬੇ 'ਚ ਘਰਾਂ, ਪੂਜਾ ਦੇ ਅਸਥਾਨਾਂ ਅਤੇ ਕਾਰੋਬਾਰੀਆਂ ਵਿਰੁੱਧ ਹਮਲੇ, ਧਰਮ ਦੇ ਆਧਾਰ 'ਤੇ ਹਿੰਸਾ ਦੇ ਕੰਮ ਵੱਧ ਰਹੇ ਹਨ, ਸਬੰਧੀ ਕੀਤੀ ਜਾ ਰਹੀ ਕਾਰਵਾਈ ਸ਼ਾਮਿਲ ਹੈ। ਇਸ ਮੌਕੇ ਵਿਸ਼ੇਸ਼ ਸਲਾਹਕਾਰਾਂ ਨੇ ਹਾਲ ਹੀ 'ਚ ਸ੍ਰੀਲੰਕਾ'ਚ ਈਸਾਈ ਭਾਈਚਾਰੇ ਅਤੇ ਮੁਸਲਮਾਨਾਂ ਖਿਲਾਫ਼ ਹੋਏ ਹਮਲੇ ਸਬੰਧੀ ਮਹੱਤਵਪੂਰਨ ਭੂਮਿਕਾ ਨਿਭਾਉਂਦਿਆ ਇਸ 'ਤੇ ਠੱਲ ਪਾਉਣ ਬਾਰੇ ਯਤਨ ਕੀਤੇ। ਏਜੀਪੀਸੀ ਨੇ ਆਗੂਆਂ, ਜਿਨਾਂ ਵਿਚ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਸ਼ਾਮਲ ਹਨ, ਨੇ ਗੱਲ ਕਰਦਿਆਂ ਕਿਹਾ ਕਿ ਹਾਲ ਹੀ 'ਚ 21 ਅਪ੍ਰੈਲ 2019 ਨੂੰ ਈਸਟਰ ਦੇ ਐਤਵਾਰ ਨੂੰ ਸ੍ਰੀ ਲੰਕਾ ਦੇਸ਼ ਦੇ ਵੱਖ-ਵੱਖਹਿੱਸਿਆਂ 'ਚ ਚਰਚਾਂ ਅਤੇ ਹੋਟਲਾਂ ਵਿਚ ਕੀਤੇ ਗਏ ਮਾਰੂ ਹਮਲਿਆਂ ਦੀ ਨਿੰਦਾ ਕੀਤੀ, ਜਿਸ 'ਚ ਕਰੀਬ 200 ਤੋਂ ਵਧੇਰੇ ਲੋਕ ਮਾਰੇ ਗਏ ਸਨ ਅਤੇ ਸੈਂਕੜੇ ਜ਼ਖਮੀ ਹੋਏ ਸਨ, ਸਬੰਧੀ ਉਕਤ ਸਲਾਹਕਾਰਾਂ ਨੇ ਇੰਨਾਂ ਹਮਲਿਆਂ ਦੀ ਰੋਕਥਾਮ ਲਈ ਆਪਣੀ ਅਵਾਜ਼ ਬੁਲੰਦ ਕੀਤੀ। ਉਨਾਂ ਕਿਹਾ ਕਿ ਸ੍ਰੀਲੰਕਾ 'ਚ ਹੋਈ ਹਿੰਸਾ ਨੇ ਦੱਖਣੀ ਏਸ਼ੀਆ ਖੇਤਰ 'ਚ ਰਾਸ਼ਟਰਵਾਦੀ ਅਤੇ ਕੱਟੜਵਾਦੀ ਵਿਚਾਰਾਂ ਦੇ ਵੱਧ ਰਹੇ ਪ੍ਰਭਾਵ ਨੂੰ ਉਜਾਗਰ ਕੀਤਾ ਹੈ, ਜਿਸ 'ਚ ਧਾਰਮਿਕ ਘੱਟ ਗਿਣਤੀ ਭਾਈਚਾਰਿਆਂ ਨੂੰ ਖਤਰੇ 'ਚ ਪਾ ਦਿੱਤਾ ਗਿਆ ਹੈ।



ਏਜੀਪੀਸੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਤੇ ਕੋਆਡੀਨੇਟਰ ਡਾ:ਪ੍ਰਿਤਪਾਲ ਸਿੰਘ ਨੇ ਸਾਂਝੇ ਤੌਰ 'ਤੇ ਕਿਹਾ ਕਿ ਭਾਈਚਾਰਾ ਕੋਈ ਵੀ ਹੋਵੇ ਉਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਉਥੇ ਦੀਆਂ ਸਰਕਾਰਾਂ ਦੀ ਜ਼ਿੰਮੇਵਾਰੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਾਰੀਆਂ ਕੌਮਾਂ ਬਰਾਬਰ ਹੁੰਦੀਆਂ ਹਨ ਚਾਹੇ ਉਹ ਸਿੱਖ, ਹਿੰਦੂ, ਈਸਾਈ ਅਤੇ ਜਾਂ ਫ਼ਿਰ ਮੁਸਲਮਾਨ ਹੋਣ। ਦੋਹਾਂ ਆਗੂਆਂ ਨੇ ਕਿਹਾ ਕਿ ਸ੍ਰੀ ਲੰਕਾ ਅੰਤਰ-ਜਾਤੀ ਹਥਿਆਰਬੰਦ ਸੰਘਰਸ਼ ਦੇ ਸਦਮੇ ਤੋਂ ਅਗਾਂਹ ਵੱਧਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਅਜਿਹੇ ਹਮਲੇ ਸ੍ਰੀਲੰਕਾ ਨੂੰ ਪਛਾਂਹ ਵੱਧ ਧਕੇਲ ਰਹੇ ਹਨ। ਮਿਸਟਰ ਡੀਆਂਗ ਅਤੇ ਸਮਿੱਥ ਨੇ ਕਿਹਾ ਕਿ ਸ੍ਰੀਲੰਕਾ 'ਚ ਅਨੇਕਤਾਵਾਦੀ ਸਮਾਜ ਹੈ ਅਤੇ ਇਕ ਸ੍ਰੀਲੰਕਾ ਬਣਨ ਲਈ ਭਾਵਨਾਵਾਂ ਦਾ ਨੇਕ ਹੋਣਾ ਜਰੂਰੀ ਹੈ। ਬੋਧੀ, ਹਿੰਦੂ, ਮੁਸਲਮਾਨ ਤੇ ਇਸਾਈ ਆਦਿ ਸਾਰੇ ਮਿਲਕੇ ਇਕ ਮਜਬੂਤ ਭਾਈਚਾਰਾ ਬਣਦੇ ਹਨ ਤੇ ਆਪਣੀ ਪਛਾਣ ਦੇ ਹੱਕਦਾਰ ਹਨ। ਅਮਰੀਕਨ ਸਿੱਖ ਕੰਗਰੈਸ਼ਨਲ ਕਾਕਸ ਦੇ ਯਤਨਾਂ ਸਦਕਾ ਜਨਾਬ ਓਡਾਮਾ ਡੀਆਂਗ ਨਵੰਬਰ 2016 ਤੇ ਜੂਨ 2017 ਵਿਚ ਅਮਰੀਕੀ ਕਾਂਗਰਸ ਵਿਚ ਸਿੱਖ ਨਸਲਕੁਸ਼ੀ ਉਤੇ ਤਿਆਰ ਕੀਤੀਆਂ ਆਪਣੀਆਂ ਵਿਸ਼ੇਸ਼ ਰਿਪੋਰਟਾਂ ਬਾਰੇ ਬੋਲ ਚੁੱਕੇ ਹਨ

# ਰੋੜਾਂਵਾਲਾ ਦੇ ਗੁਰਦੁਆਰਾ ਦੇ ਮੁੱਖ ਸੇਵਾਦਾਰ ਸੁਖਦੇਵ ਸਿੰਘ ਸੰਧੂ ਦਾ ਸਿਆਟਲ ਪਹੁੰਚਣ 'ਤੇ ਸਵਾਗਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)-** ਵਾਹਗਾ ਬਾਰਡਰ ਦੇ ਨਜ਼ਦੀਕ ਪਿੰਡ ਰੋੜਾਂਵਾਲਾ ਦੇ ਗੁਰਦੁਆਰਾ ਦੇ ਪ੍ਰਧਾਨ ਸੁਖਦੇਵ ਸਿੰਘ ਸੰਧੂ ਤੇ ਉਹਨਾਂ ਦੀ ਧਰਮ ਪਤਨੀ ਰਣਬੀਰ ਕੌਰ ਦਾ ਸਿਆਟਲ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਪੰਜਵੜ ਦੇ ਬਾਪੂ ਸੰਪੂਰਨ ਸਿੰਘ ਸੰਨੀ ਸੋਖਾਰਾਏ ਤੇ ਗਗਨਦੀਪ ਸਿੰਘ ਢਿੱਲੋਂ ਨੇ ਸਵਾਗਤ ਕਰਦਿਆਂ ਦੱਸਿਆ ਕਿ ਪਿਛਲੇ 10 ਸਾਲ ਤੋਂ ਰੋੜਾਂਵਾਲਾ ਗੁਰਦੁਆਰਾ ਅਤੇ ਪਿੰਡ ਦੇ ਸਾਂਝੇ ਕਾਰਜਾਂ ਵਿਚ ਬੜੀ ਇਮਾਨਦਾਰੀ, ਤਨਦੇਹੀ ਅਤੇ ਆਪਸੀ ਤਾਲਮੇਲ ਨਾਲ ਸ਼ਾਨਦਾਰ ਸੇਵਾ ਨਿਭਾਅ ਰਹੇ ਹਨ ਅਤੇ ਸਾਂਝੇ ਕੰਮਾਂ ਵਿਚ ਦਿਲਚਸਪੀ ਲੈ ਕੇ ਆਪਸੀ ਝਗੜੇ, ਤਣਾਅ ਤੇ



ਮਤਭੇਦ ਮਿਲ ਬੈਠ ਕੇ ਸੁਲਝਾਉਣ ਦੇ ਮਾਹਿਰ ਦੱਸੇ ਜਾਦੇ ਹਨ। ਸੁਖਦੇਵ ਸਿੰਘ ਸੰਧੂ ਨੇ ਦੱਸਿਆ ਕਿ ਪ੍ਰਵਾਸੀ ਲੋਕਾਂ ਨੇ ਵਿਦੇਸ਼ਾਂ ਵਿਚ ਪਹੁੰਚ ਕੇ ਖੂਬ ਤਰੱਕੀ ਕੀਤੀ ਹੈ ਅਤੇ ਕੌਮ ਦਾ ਨਾਂ ਚਮਕਾਇਆ ਹੈ। ਉਹਨਾਂ ਦੱਸਿਆ ਕਿ ਸਿਆਟਲ ਦੇ ਪੰਜਾਬੀ ਭਾਈਚਾਰੇ ਵਿਚ ਆਪਸੀ ਮਿਲਵਰਤਣ, ਉਸਾਰੂ ਕਾਰਜਾਂ ਵਿਚ ਯੋਗਦਾਨ ਪਾ ਕੇ ਤਨ ਮਨ ਤੇ ਧੰਨ ਨਾਲ ਸੇਵਾ ਕਰਨ ਦਾ ਉਦਮ ਦੇਖ ਕੇ ਪ੍ਰਭਾਵਿਤ ਹੋਏ ਹਨ। ਉਹਨਾ ਸੁਝਾਅ ਦਿੱਤਾ ਕਿ ਨਵੀਂ ਪਨੀਰੀ ਨੂੰ ਧਾਰਮਿਕ ਤੇ ਸਮਾਜਿਕ ਕਾਰਜਾਂ 'ਚ ਯੋਗਦਾਨ ਪਾਉਣ ਲਈ ਪ੍ਰੇਰਿਤ ਤੇ ਉਤਸ਼ਾਹਿਤ ਕਰਨਾ ਚਾਹੀਦਾ ਹੈ, ਜੋ ਕੌਮ ਦਾ ਭਵਿੱਖ ਹਨ।

# ਸੈਨਹੋਜ਼ੇ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

**ਸੈਨਹੋਜ਼ੇ (ਪ੍ਰਵਾਨਾ)-** ਸੈਨਹੋਜ਼ੇ ਨਿਵਾਸੀ ਤੇ ਧਾਰਮਿਕ ਕਵੀ ਦਰਬਾਰਾਂ ਦੇ ਮੋਹਰੀ ਤਰਸੇਮ ਸਿੰਘ ਸੁੰਮਨ ਦੇ ਗ੍ਰਿਹਿ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕਥਾ ਕੀਰਤਨ ਦੇ ਨਾਲ ਨਾਲ ਵਿਸ਼ੇਸ਼ ਤੌਰ ਤੇ ਅਮਰੀਕੀ ਪੰਜਾਬੀ ਕਵੀਆਂ ਨੂੰ ਵੀ ਸੱਦਾ ਦਿੱਤਾ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਦੱਸਿਆ ਕਿ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਦੂਰ ਦਰਾਜ ਦੇ ਗੁਰਦੁਆਰਿਆਂ ਵਿਚ ਸੱਜਦੇ ਦੀਵਾਨਾਂ ਵਿਚ



ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ, ਜਿਸਦਾ ਮਨੋਰਥ ਹੈ ਕਿ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਧਾਰਮਿਕ ਕਵੀ ਦਰਬਾਰਾਂ ਤੋਂ ਸੇਧ ਲੈ ਕੇ ਪ੍ਰਚਾਰ ਕਰਨਾ ਹੈ। ਹਾਜਰ ਕਵੀਆਂ ਵਿਚ ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁੰਮਨ, ਮਹਿੰਦਰਪਾਲ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਨੇ ਗੁਰ ਇਤਿਹਾਸ ਤੇ ਕਵਿਤਾਵਾਂ ਪੜ੍ਹੀਆਂ।

## ਬੰਦ ਹੋਵੇਗਾ ਅਮਰੀਕੀ ਗੇਮ ਸ਼ੋਅ ਹੂ ਵਾਂਟਸ ਟੂ ਬੀ ਏ ਮਿਲਿਨੇਅਰ

ਲਾਸ ਏਂਜਲਸ- ਸਾਲ 1999 'ਚ ਸ਼ੁਰੂ ਹੋਏ ਚਰਚਿਤ ਅਮਰੀਕੀ ਗੇਮ ਸ਼ੋਅ 'ਹੂ ਵਾਂਟਸ ਟੂ ਬੀ ਏ ਮਿਲਿਨੇਅਰ' ਦਾ ਪ੍ਰਸਾਰਣ ਇਸ ਸਾਲ ਨਹੀਂ ਹੋਵੇਗਾ। ਗੇਮ ਸ਼ੋਅ ਦੇ ਇਕ ਪ੍ਰਤੀਨਿਧੀ ਨੇ ਦੱਸਿਆ ਕਿ 2019-20 ਸੀਜ਼ਨ ਦਾ ਸ਼ੋਅ ਨਹੀਂ ਆਵੇਗਾ। ਅਮਰੀਕਾ 'ਚ ਰਾਸ਼ਟਰੀ ਸਮੂਹ ਦੇ ਚੈਨਲਾਂ 'ਤੇ ਸ਼ੋਅ ਦਾ ਇਸ ਵਾਰ ਪ੍ਰਸਾਰਣ ਨਹੀਂ ਹੋਵੇਗਾ। ਸਾਲ 2002 ਤੋਂ ਇਸ ਦਾ ਲਗਾਤਾਰ ਪ੍ਰਸਾਰਣ ਕੀਤਾ ਜਾ ਰਿਹਾ ਸੀ। ਇਸ ਗੇਮ ਸ਼ੋਅ ਨੇ 1999 'ਚ ਏਬੀਸੀ ਚੈਨਲ 'ਤੇ ਧੁੰਮ ਮਚਾਈ ਸੀ। ਭਾਰਤ 'ਚ ਵੀ ਇਸੇ ਸ਼ੋਅ ਦੀ ਸਫਲਤਾ ਨੂੰ ਵੇਖਦਿਆਂ 'ਕੌਣ ਬਣੇਗਾ ਕਰੋੜਪਤੀ' ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ। ਅਮਿਤਾਭ ਬੱਚਨ ਦੀ ਮੇਜ਼ਬਾਨੀ 'ਚ ਇਸ ਸ਼ੋਅ ਨੇ ਭਾਰਤ 'ਚ ਸਫਲਤਾ ਦੇ ਨਵੇਂ ਰਿਕਾਰਡ ਬਣਾਏ।




# ਪੰਜਾਬ ਬੁਧਿਸਟ ਸੁਸਾਇਟੀ ਨੇ ਬੁੱਧ ਪੂਰਨਿਮਾ ਧੂੰਮ ਧਾਮ ਨਾਲ ਮਨਾਈ

**ਲੁਧਿਆਣਾ–** ਪੰਜਾਬੀ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਵੱਲੋਂ ਬੁੱਧ ਪੂਰਨਿਮਾ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਲੁਧਿਆਣਾ ਵਿਖੇ ਸਟੇਟ ਪੱਧਰ 'ਤੇ ਧੂੰਮ-ਧਾਮ ਨਾਲ ਮਨਾਈ ਗਈ। ਭਿਖਸ਼ੂ ਪ੍ਰਗਿਆ ਬੋਧੀ ਅਤੇ ਭਿਖਸ਼ੂ ਦਰਸ਼ਨਦੀਪ ਨੇ ਵੰਦਨਾ, ਤ੍ਰੀਸ਼ਰਣ ਅਤੇ ਪੰਚਸ਼ੀਲ ਦੇ ਪਾਠ ਪੜ੍ਹ ਕੇ ਪ੍ਰਵਚਨ ਕੀਤੇ ਅਤੇ ਧੰਮ ਦੇਸਨਾ ਕੀਤੀ। ਭਿਖਸ਼ੂ ਪ੍ਰਗਿਆ ਬੋਧੀ ਨੇ ਪ੍ਰਵਚਨ ਕਰਦਿਆਂ ਕਿਹਾ ਕਿ ਇਸ ਦਿਨ ਤਥਾਗਤ ਬੁੱਧ ਨੂੰ ਜਨਮ ਪ੍ਰਾਪਤੀ, ਗਿਆਨ ਪ੍ਰਾਪਤੀ ਅਤੇ ਮਹਾਂ ਨਿਰਵਾਣ ਪ੍ਰਾਪਤੀ ਹੋਈ ਸੀ, ਜਿਸ ਨੂੰ ਬੁੱਧ ਪੂਰਨਿਮਾ ਦੇ ਤੌਰ 'ਤੇ ਸਾਰੀ ਦੁਨੀਆਂ ਵਿਚ ਬਹੁਤ ਸ਼ਰਧਾ ਪੂਰਵਕ ਮਨਾਇਆ ਜਾਂਦਾ ਹੈ।

ਇਸ ਮੌਕੇ ਸ੍ਰੀ ਰਾਮ ਪਾਲ ਰਾਹੀ (ਯੂ. ਕੇ.) ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ ਇੰਗਲੈਂਡ





ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਹਨਾ ਕਿਹਾ ਕਿ ਸਾਨੂੰ ਬੁੱਧ ਦੇ ਮੱਧ ਮਾਰਗ ਅਤੇ ਪੰਚਸ਼ੀਲ ਉਪਰ ਚੱਲਣਾ ਚਾਹੀਦਾ ਹੈ ਤਾਂ ਹੀ ਅਸੀਂ ਦੁੱਖਾਂ ਅਤੇ ਕਸ਼ਟਾਂ ਭਰੀ ਜ਼ਿੰਦਗੀ ਤੋਂ ਛੁਟਕਾਰਾ ਪਾ ਸਕਦੇ ਹਾਂ। ਸ੍ਰੀ ਰਾਮਦਾਸ ਗੁਰੂ, ਸ੍ਰੀ ਦੇਸ ਰਾਜ ਚੌਹਾਨ, ਵਿਨੋਦ ਕੁਮਾਰ ਗੌਤਮ ਅਤੇ ਸ੍ਰੀ ਗੁਰਨਾਮ ਚੰਦ ਮੱਲ ਨੇ ਵੀ ਬੁੱਧ ਦੇ ਜੀਵਨ ਫਲਸਫੇ ਉਪਰ ਵਿਚਾਰ ਪੇਸ਼ ਕੀਤੇ। ਇਸ ਮੌਕੇ ਸੰਜੈ ਕੁਮਾਰ ਰਾਓ, ਕਰਨ ਸਿੰਘ, ਗੁਰਮੀਤ ਸਿੰਘ, ਮਨੋਜ ਕੁਮਾਰ (ਐਸ. ਡੀ. ਓ.), ਐਡਵੋਕੇਟ ਹਰਭਜਨ ਸਾਂਪਲਾ, ਸ਼ਾਮ ਲਾਲ, ਮੋਹਨ ਲਾਲ, ਨੈਨਦੀਪ, ਦਲਬੀਰ ਸਿੰਘ ਸਰੋਆ ਤੇ ਹੋਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਅੰਤ ਵਿਚ ਲੰਗਰ ਵਰਤਾਇਆ ਗਿਆ। ਭਿਖਸ਼ੂਆਂ ਨੂੰ ਚੀਵਰ ਭੇਂਟ ਕੀਤੇ ਗਏ।

# ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਵੱਲੋਂ ਬੁੱਧ ਪੂਰਨਿਮਾ ਮਨਾਈ ਗਈ





**ਜਲੰਧਰ–** ਬੁੱਧ ਵਿਹਾਰ ਟਰੱਸਟ (ਰਜਿ.) ਪਿੰਡ ਸੋਫੀ ਵੱਲੋਂ ਬੁੱਧ ਪੂਰਨਿਮਾ ਬਹੁਤ ਧੂੰਮਧਾਮ ਅਤੇ ਸ਼ਰਧਾ ਨਾਲ ਮਨਾਈ ਗਈ। ਉਪਾਸਕਾਂ ਵੱਲੋਂ ਭਗਵਾਨ ਬੁੱਧ ਦੀ ਫੋਟੋ ਅੱਗੇ ਅਗਰਬੱਤੀਆਂ ਅਤੇ ਮੋਮਬੱਤੀਆਂ ਜਲਾ ਕੇ ਤਥਾਗਤ ਬੁੱਧ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਭਿਖਸ਼ੂ ਸੰਘ ਪਰੀਆ ਜੀ ਨੇ ਬੁੱਧ ਵੰਦਨਾ, ਤਰੀਸ਼ਰਣ ਅਤੇ ਪੰਚਸ਼ੀਲ ਦੇ ਪਾਠ ਪੜ੍ਹੇ ਅਤੇ ਪ੍ਰਵਚਨ ਕੀਤੇ। ਉਹਨਾਂ ਨੇ ਕਿਹਾ ਕਿ ਭਗਵਾਨ ਬੁੱਧ ਨੇ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਵਾਲਾ ਸਮਾਜ ਸਥਾਪਤ ਕੀਤਾ। ਉਹਨਾਂ ਕਿਹਾ ਕਿ ਸਾਨੂੰ ਆਪਣੇ ਮਾਤਾ-ਪਿਤਾ ਦੀ ਸੇਵਾ ਕਰਨ ਨੂੰ ਪਹਿਲ ਦੇਣੀ ਚਾਹੀਦੀ ਹੈ।

ਇਸ ਮੌਕੇ ਐਡਵੋਕੇਟ ਹਰਭਜਨ ਦਾਸ ਸਾਂਪਲਾ ਨੇ ਕਿਹਾ ਕਿ ਭਗਵਾਨ ਬੁੱਧ ਨੇ ਪੰਚਸ਼ੀਲ ਦਾ ਮਾਰਗ ਦਿੰਦੇ ਹੋਏ ਕਿਹਾ ਕਿ ਸਾਨੂੰ ਗਰੀਬ ਤੇ ਦੁਖੀ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ। ਸ੍ਰੀ ਗੁਰਮੀਤ ਸਾਂਪਲਾ ਨੇ ਕਿਹਾ ਕਿ ਭਗਵਾਨ ਬੁੱਧ ਦਾ ਮੱਧ ਮਾਰਗ ਸਭ ਤੋਂ ਉਤਮ ਮਾਰਗ ਹੈ, ਜਿਸ 'ਤੇ ਸਾਨੂੰ ਚੱਲਣਾ ਚਾਹੀਦਾ ਹੈ। ਪ੍ਰਿੰਸੀਪਲ ਪਰਮਜੀਤ ਜੱਸਲ ਨੇ ਕਿਹਾ ਕਿ ਭਗਵਾਨ ਬੁੱਧ ਨੇ ਕਿਹਾ ਸੀ ਕਿ ਗਰੀਬ ਇਕ ਬਹੁਤ ਵੱਡਾ ਕਲੰਕ ਹੈ, ਇਸ ਤੋਂ ਛੁਟਕਾਰਾ ਪਾਇਆ ਜਾਣਾ ਚਾਹੀਦਾ ਹੈ। ਸ੍ਰੀ ਚਮਨ ਦਾਸ ਸਾਂਪਲਾ ਨੇ ਮੰਚ ਸੰਚਾਲਨ ਕਰਦਿਆਂ ਕਿਹਾ ਕਿ ਤਥਾਗਤ ਬੁੱਧ ਦੇ ਜੀਵਨ ਦੀਆਂ ਤਿੰਨ ਘਟਨਾਵਾਂ ਇਕ ਦਿਨਹੀ ਵਾਪਰੀਆਂ, ਜਿਸ ਦਿਨ ਜਨਮ ਲਿਆ, ਉਸੇ ਦਿਨ ਹੀ ਗਿਆਨ ਪ੍ਰਾਪਤ ਹੋਇਆ ਅਤੇ ਮਹਾਂਨਿਰਵਾਣ ਪ੍ਰਾਪਤ ਕੀਤਾ। ਇਯ ਦਿਨ ਨੂੰ ਬੁੱਧ ਪੂਰਨਿਮਾ ਮਹਾਂਉਤਸਵ ਦੇ ਤੌਰ 'ਤੇ ਪੂਰੀ ਦੁਨੀਆਂ ਵਿਚ ਮਨਾਇਆ ਜਾਂਦਾ ਹੈ। ਇਸ ਮੌਕੇ ਤੇ ਸ੍ਰੀਮਤੀ ਗੁਰਮੀਤ ਕੌਰ ਪੰਚ ਅਤੇ ਡਾ. ਕੇਸਰ ਦਾਸ, ਸ੍ਰੀਮਤੀ ਸੰਤੋਸ਼ ਕੁਮਾਰੀ ਅਤੇ ਮਿਸ ਕੁਲਵੰਤ ਕੌਰ ਨੇ ਵੀ ਬੁੱਧ ਫਲਫਸੇ ਉਪਰ ਆਪਣੇ ਵਿਚਾਰ ਪੇਸ਼ ਕੀਤੇ।

ਇਸ ਸ਼ੁਭ ਮੌਕੇ 'ਤੇ ਮਾਸਟਰ ਰਾਮ ਲਾਲ, ਰੂਪ ਲਾਲ ਨੰਬਰਦਾਰ, ਲਾਲ ਚੰਦ ਸਾਂਪਲਾ, ਨਰੇਸ਼ ਕੁਮਾਰ ਸਾਂਪਲਾ, ਡਾ. ਗੁਰਪਾਲ, ਡਾ. ਅਵਿਨਾਸ ਚੰਦਰ, ਬਨਾਰਸੀ ਦਾਸ, ਸੋਢੀ ਲਾਲ ਚਾਹਲ, ਮੈਡਮ ਕਾਂਤਾ ਕੁਮਾਰੀ, ਪ੍ਰੀਅੰਕਾ, ਮਨਜੀਤ ਕੌਰ ਸਾਂਪਲਾ, ਲੈਂਬਰ ਬੰਗੜ, ਬਨਾਰਸੀ ਦਾਸ ਬੰਗੜ, ਦੇਸ ਰਾਜ ਸਾਂਪਲਾ, ਹੈਪੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਪ੍ਰੋਗਰਾਮ ਦੀ ਸਮਾਪਤੀ ਤੇ ਖੀਰ ਤੇ ਕੜਾਹ ਪ੍ਰਸ਼ਾਦ ਦਾ ਲੰਗਰ ਚਲਾਇਆ ਗਿਆ ਅਤੇ ਨਗਰ ਨਿਵਾਸੀਆਂ ਵੱਲੋਂ ਭਿਖਸ਼ੂ ਸੰਘ ਪਰੀਆ ਨੂੰ ਚੀਵਰ ਭੇਟ ਕੀਤਾ ਗਿਆ।

## ਭਾਰਤ ਰਤਨ ਡਾ. ਬੀ. ਆਰ. ਅੰਬੇਡਕਰ ਭਵਨ ਤਹਿਸੀਲ ਕੰਪਲੈਕਸ ਜਲੰਧਰ ਦੀ ਹੋ ਰਹੀ ਦੁਰਵਰਤੋਂ ਬਾਰੇ ਡੀ.ਸੀ. ਨੂੰ ਸ਼ਿਕਾਇਤ ਕੀਤੀ

**ਜਲੰਧਰ–** ਅੰਬੇਡਕਰਾਇਟ ਲੀਗਲ ਫੋਰਮ ਜਲੰਧਰ ਵੱਲੋਂ ਡੀ. ਸੀ. ਸਾਹਿਬ ਜਲੰਧਰ ਨੂੰ ਇਕ ਸ਼ਿਕਾਇਤ ਦਿੱਤੀ ਗਈ, ਜਿਸ ਤੋਂ ਈ. ਵੀ. ਐਮ. ਮਸ਼ੀਨਾਂ ਰੱਖੀਆਂ ਹੋਈਆਂ ਹਨ ਜੋ ਕਿ ਇਸ ਭਵਨ ਦੀ ਸਰਾਸਰ ਦੁਰਵਰਤੋਂ ਕੀਤੀ ਜਾ ਰਹੀ ਹੈ ਅਤੇ



ਵਿਚੋਂ ਉਹਨਾਂ ਨੇ ਕਿਹਾ ਕਿ ਜਲੰਧਰ ਦੇ ਤਹਿਸੀਲ ਕੰਪਲੈਕਸ ਵਿਚ ਭਾਰਤ ਰਤਨ ਡਾ. ਬੀ. ਆਰ. ਅੰਬੇਡਕਰ ਭਵਨ ਜੋ ਕਿ ਸਰਕਾਰ ਵੱਲੋਂ ਇਸ ਭਵਨ ਵਿਚੋਂ ਕਾਨਫਰੰਸ ਅਤੇ ਬੈਠਕਾਂ ਕਰਨ ਲਈ ਬਣਾਇਆ ਗਿਆ ਸੀ। ਪਰ ਬੜੇ ਹੀ ਦੁੱਖ ਦੀ ਗੱਲ ਹੈ ਕਿ ਇਸ ਬਣਾਏ ਗਏ ਭਵਨ ਵਿਚ ਅੱਜ ਤੱਕ ਕਦੇ ਵੀ ਕੋਈ ਕਾਨਫਰੰਸ ਜਾਂ ਬੈਠਕ ਨਹੀਂ ਹ ਸਕੀ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਸ ਭਵਨ ਵਿਚ ਪਿਛਲੇ ਕਈ ਸਾਲਾਂ ਅਜਿਹਾ ਕਰਕੇ ਪਰਸ਼ਾਸਨ ਭਾਰਤ ਰਤਨ ਡਾ. ਬੀ. ਆਰ. ਅੰਬੇਡਕਰ ਜੀ ਵਰਗੇ ਮਾਨ ਸ਼ਖਸੀਅਤ ਦੀ ਸਿੱਧੇ ਤੌਰ 'ਤੇ ਬੇਅਦਬੀ ਕਰ ਰਿਹਾ ਹੈ। ਇਸ ਮੌਕੇ ਤੇ ਅੰਬੇਡਕਰਾਇਟ ਲੀਗਲ ਫੋਰਮ ਜਲੰਧਰ ਨੇ ਡੀ. ਸੀ. ਸਾਹਿਬ ਜਲੰਧਰ ਨੂੰ ਇਕ ਸ਼ਿਕਾਇਤ ਪੱਤਰ ਰਾਹੀਂ ਮੰਗ ਕੀਤੀ ਕਿ ਡਾ. ਬੀ. ਆਰ. ਅੰਬੇਡਕਰ ਭਵਨ ਨੂੰ ਤੁਰੰਤ ਖਾਲੀ ਕਰਵਾਇਆ ਜਾਵੇ ਤਾਂ ਜੋ ਇਯ ਭਵਨ ਵਿਚ ਕਾਨਫਰੰਸਾਂ ਅਤੇ ਬੈਠਕਾਂ ਹੋ ਸਕਣ।





ਰਾਮਪਾਲ ਰਾਹੀ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ ਯੂ. ਕੇ. ਬੁੱਧ ਪੂਰਨਿਮਾ ਪ੍ਰੋਗਰਾਮ ਵਿਚ ਤਕਸ਼ਿਲਾ ਮਹਾਂਬੁੱਧਵਿਹਾਰ ਲੁਧਿਆਣਾ ਵਿਖੇ ਭਾਸ਼ਣ ਕਰਦੇ ਹੋਏ। ਉਹਨਾਂ ਆਪਣੀ ਪਤਨੀ ਦੇ ਨਾਲ ਮਾਤਾ ਰਾਮਾ ਬਾਈ ਅੰਬੇਦਕਰ ਕਮਿਊਨਿਟੀ ਸੈਂਟਰ ਨੂੰ 2 ਲੱਖ ਰੁਪਏ ਦਾਨ ਵਜੋਂ ਦਿੱਤੇ।


'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com



'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼' ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com www.ambedkartimes.com

ਦੇਸ਼ ਦੁਆਬਾ

# ਔਸਤ ਰਹੀ ਵੋਟ ਪ੍ਰਤੀਸ਼ਤ

ਭਾਰਤ ਵਿਚ ਹਾਲ ਹੀ ਵਿਚ 7 ਗੇੜਾਂ ਦੀਆਂ ਚੋਣਾਂ ਖਤਮ ਹੋ ਕੇ ਹਟੀਆਂ ਹਨ। ਇਹਨਾਂ ਚੋਣਾਂ ਵਿਚ ਪੱਛਮੀ ਬੰਗਾਲ ਨੂੰ ਛੱਡ ਕੇ ਕਿਤੇ ਵੀ ਕੋਈ ਅਜਿਹੀ ਖਤਰਨਾਕ ਹਿੰਸਾ ਨਜ਼ਰ ਨਹੀਂ ਆਈ। ਇਸ ਵਾਰ ਵੋਟ ਪ੍ਰਤੀਸ਼ਤ ਵੀ ਔਸਤ ਹੀ ਰਹੀ ਹੈ। ਆਖਰੀ ਗੇੜ 'ਚ ਪੰਜਾਬ, ਚੰਡੀਗੜ੍ਹ, ਹਿਮਾਚਲ ਸਮੇਤ 8 ਸੂਬਿਆਂ ਦੀਆਂ 59 ਸੀਟਾਂ 'ਤੇ ਵੋਟਿੰਗ ਹੋਈ। ਇਸ ਦੇ ਨਾਲ ਹੀ ਪੰਜਾਬ ਦੀਆਂ 13 ਸੀਟਾਂ 'ਤੇ ਕੁੱਲ 278 ਉਮੀਦਵਾਰਾਂ ਦਾ ਭਵਿੱਖ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ (ਈਵੀਐੱਮ) 'ਚ ਬੰਦ ਹੋ ਗਿਆ ਹੈ। ਪੰਜਾਬ ਵਿਚ ਤਕਰੀਬਨ 64 ਫ਼ੀਸਦੀ ਪੋਲਿੰਗ ਹੋਈ। ਚੋਣ ਕਮਿਸ਼ਨ ਵੱਲੋਂ ਪੁਖ਼ਤਾ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਇਸ ਦੇ ਮੱਦੇਨਜ਼ਰ 4 ਹਜ਼ਾਰ ਪੋਲਿੰਗ ਬੂਥਾਂ 'ਤੇ ਵਾਧੂ ਸੁਰੱਖਿਆ ਅਮਲਾ ਤਾਇਨਾਤ ਕੀਤਾ ਗਿਆ ਸੀ। ਪੰਜਾਬ ਆਰਮਡ ਪੁਲਿਸ ਸਮੇਤ ਇਕ ਲੱਖ ਤੋਂ ਵੱਧ ਸੁਰੱਖਿਆ ਜਵਾਨ ਚੋਣ ਡਿਊਟੀ 'ਤੇ ਤਾਇਨਾਤ ਸਨ। ਸੂਬੇ ਦੇ 2 ਕਰੋੜ 3 ਲੱਖ ਤੋਂ ਵੱਧ ਵੋਟਰਾਂ ਲਈ ਬਣਾਏ ਗਏ 23 ਹਜ਼ਾਰ ਦੇ ਲਗਭਗ ਪੋਲਿੰਗ ਸਟੇਸ਼ਨਾਂ 'ਤੇ ਇਕ ਲੱਖ ਤੋਂ ਵੱਧ ਮੁਲਾਜ਼ਮਾਂ ਨੇ ਚੋਣ ਡਿਊਟੀ ਨਿਭਾਈ। ਇਸ ਦੇ ਬਾਵਜੂਦ ਪੰਜਾਬ ਵਿਚ ਵਾਪਰੀਆਂ ਹਿੰਸਕ ਘਟਨਾਵਾਂ ਵਿਚ ਇਕ ਵਿਅਕਤੀ ਦੀ ਮੌਤ ਤੇ 9 ਲੋਕ ਜ਼ਖ਼ਮੀ ਹੋ ਗਏ। ਤਲਵੰਡੀ ਸਾਬੋ ਵਿਚ ਅਕਾਲੀ ਤੇ ਕਾਂਗਰਸੀ ਕਾਰਕੁੰਨਾਂ ਵਿਚਕਾਰ ਹੋਈ ਲੜਾਈ ਵਿਚ ਫਾਈਰਿੰਗ ਹੋਈ। ਤਰਨਤਾਰਨ 'ਚ ਇਕ ਵਿਅਕਤੀ ਦੀ ਮੌਤ ਹੋਣ ਦੇ ਨਾਲ ਹੀ ਸੰਗਰੂਰ, ਫਰੀਦਕੋਟ ਅਤੇ ਫਿਰੋਜ਼ਪੁਰ ਵਿਚ ਵੀ ਹਿੰਸਾ ਹੋਣ ਦੀਆਂ ਖ਼ਬਰਾਂ ਹਨ। ਦਿਨ ਵੇਲੇ ਭਰ ਗਰਮੀ ਦੇ ਬਾਵਜੂਦ ਵੋਟਰਾਂ ਦਾ ਉਤਸ਼ਾਹ ਮੱਠਾ ਨਹੀਂ ਪਿਆ। ਜਿੱਥੇ ਥਾਂ-ਥਾਂ 'ਤੇ ਨਵੇਂ ਵੋਟਰਾਂ ਦਾ ਉਤਸ਼ਾਹ ਵਧਾਉਣ ਲਈ ਉਨ੍ਹਾਂ ਦਾ ਸਵਾਗਤ ਕੀਤਾ ਗਿਆ, ਉੱਥੇ ਮਹਿਲਾ ਵੋਟਰਾਂ ਲਈ ਵੀ ਪਿੰਕ ਪੋਲਿੰਗ ਬੂਥ ਬਣਾਏ ਗਏ ਸਨ। ਪਹਿਲਾਂ ਚੋਣ ਪ੍ਰਚਾਰ ਖਤਮ ਹੋਣ ਤੋਂ ਬਾਅਦ ਸਿਆਸਤਦਾਨਾਂ ਨੇ ਥੋੜ੍ਹਾ ਸਾਹ ਲਿਆ ਸੀ। ਹੁਣ ਦਿਲ 'ਤੇ ਹੱਥ ਰੱਖ ਕੇ ਵੋਟਾਂ ਦੀ ਗਿਣਤੀ ਦੀ ਉਡੀਕ ਸ਼ੁਰੂ ਹੋ ਗਈ ਹੈ। ਵੋਟਿੰਗ ਅਮਲ ਖ਼ਤਮ ਹੁੰਦੇ ਸਾਰ ਹੀ ਐਗਜ਼ਿਟ ਪੋਲ ਆਉਣੇ ਸ਼ੁਰੂ ਹੋ ਗਏ। ਲਗਪਗ ਸਾਰੇ ਐਗਜ਼ਿਟ ਪੋਲਜ਼ ਵਿਚ ਜਿੱਥੇ ਮੁਲਕ ਵਿਚ ਨੈਸ਼ਨਲ ਡੈਮੋਕ੍ਰੇਟਿਕ ਅਲਾਇੰਸ (ਐੱਨਡੀਏ) ਨੂੰ ਬਹੁਮਤ ਮਿਲਦਾ ਦਿਖਾਈ ਦਿੱਤਾ ਉੱਥੇ ਪੰਜਾਬ ਵਿਚ ਕਾਂਗਰਸ ਦੀ ਚੜ੍ਹਤ ਦਿਖਾਈ ਦਿੱਤੀ। ਭਾਵੇਂ ਇਹ ਮੰਨਿਆ ਜਾ ਚੁੱਕਾ ਹੈ ਕਿ ਐਗਜ਼ਿਟ ਪੋਲਜ਼ ਹਮੇਸ਼ਾ ਠੀਕ ਨਹੀਂ ਹੁੰਦੇ ਪਰ ਇਸ ਦੇ ਬਾਵਜੂਦ ਇਸ ਨਾਲ ਮੋਟਾ-ਮੋਟਾ ਅੰਦਾਜ਼ਾ ਜਾਂ ਮੁਲਾਂਕਣ ਜ਼ਰੂਰ ਹੋ ਜਾਂਦਾ ਹੈ ਕਿ ਜ਼ਿਆਦਾਤਰ ਵੋਟਰਾਂ ਦਾ ਝੁਕਾਅ ਕਿਸ ਪਾਸੇ ਰਿਹਾ। ਪਿਛਲੇ ਐਗਜ਼ਿਟ ਪੋਲਾਂ 'ਤੇ ਝਾਤੀ ਮਾਰੀ ਜਾਵੇ ਤਾਂ ਇਹ ਚੋਣ ਨਤੀਜਿਆਂ ਨਾਲ ਮੇਲ ਨਹੀਂ ਸਨ ਖਾਂਦੇ। ਵੱਖ-ਵੱਖ ਟੀਵੀ ਚੈਨਲਾਂ ਵੱਲੋਂ 2004 ਤੇ 2014 ਦੀਆਂ ਲੋਕ ਸਭਾ ਚੋਣਾਂ ਦੇ ਐਗਜ਼ਿਟ ਪੋਲ ਕਰਵਾਏ ਗਏ ਜੋ ਫਾਈਨਲ ਨਤੀਜਿਆਂ ਤੋਂ ਵੱਖਰੇ ਸਨ। ਦਿੱਲੀ ਵਿਧਾਨ ਸਭਾ (2015) ਦੇ ਐਗਜ਼ਿਟ ਪੋਲ ਵੀ ਗ਼ਲਤ ਸਾਬਤ ਹੋਏ ਸਨ ਕਿਉਂਕਿ ਕਿਸੇ ਵੀ ਸਰਵੇਖਣ 'ਚ ਆਮ ਆਦਮੀ ਪਾਰਟੀ ਨੂੰ 70 'ਚੋਂ 67 ਸੀਟਾਂ ਨਹੀਂ ਸਨ ਦਿੱਤੀਆਂ ਗਈਆਂ। ਦਿੱਲੀ ਵਿਚ ਵੱਡੀਆਂ ਸਿਆਸੀ ਪਾਰਟੀਆਂ ਅਤੇ ਸਿਆਸਤਦਾਨਾਂ ਨੇ ਅਗਲੀ ਸਰਕਾਰ ਬਣਾਉਣ ਜਾਂ ਉਸ ਵਿਚ ਆਪਣੀ ਭਾਗੀਦਾਰੀ ਪੱਕੀ ਕਰਨ ਲਈ ਚਾਰਾਜ਼ੋਈ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ 17ਵੀ ਲੋਕ ਸਭਾ ਦੇ ਗਠਨ ਲਈ 7 ਗੇੜਾਂ ਵਿਚ ਮੁਕੰਮਲ ਹੋਈਆਂ ਇਨ੍ਹਾਂ ਚੋਣਾਂ ਵਿਚ 50 ਹਜ਼ਾਰ ਕਰੋੜ ਰੁਪਏ ਖ਼ਰਚ ਹੋਣ ਦਾ ਅਨੁਮਾਨ ਲਾਇਆ ਜਾ ਰਿਹਾ ਹੈ। ਇਹ ਚੋਣਾਂ ਕਈ ਮਾਅਨਿਆਂ 'ਚ ਯਾਦ ਰੱਖੀਆਂ ਜਾਣਗੀਆਂ। ਇਸ ਸਭ ਦਰਮਿਆਨ ਵੋਟਾਂ ਦੀ ਗਿਣਤੀ ਦੇ ਦਿਨ 23 ਮਈ ਦਾ ਹੁਣ ਬੇਸਬਰੀ ਨਾਲ ਇੰਤਜ਼ਾਰ ਹੋਣ ਲੱਗਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖ਼ਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-104

## ਗਰੁੜ, ਗਾਰੜੂ ਤੇ ਗੁਰਮਤਿ



ਅਵਤਾਰ ਸਿੰਘ ਮਿਸ਼ਨਰੀ
510-432-5827

ਮਹਾਨ ਕੋਸ਼ ਅਨੁਸਾਰ ਵਿਨਤਾ ਤੇ ਕਸ਼ਯਪ ਦਾ ਪੁੱਤ੍ਰ ਜੋ ਵਿਸ਼ਨੂੰ ਦਾ ਵਾਹਨ ਤੇ ਪੰਛੀਆਂ ਦਾ ਰਾਜਾ, ਇਸ ਦਾ ਅੱਧਾ ਧੜ ਪੰਛੀ ਅਤੇ ਉਪਰਲਾ ਭਾਗ ਮਨੁੱਖੀ ਹੈ। ਹੋ ਸਕਦਾ ਉਕਾਬ ਹੋਵੇ ਪਰ ਪੰਜਾਬੀ 'ਚ ਨੀਲੇ ਖੰਭਾਂ ਵਾਲੇ ਪੰਛੀ ਨੂੰ ਗਰੁੜ ਤੇ ਹਿੰਦੀ 'ਚ ਨੀਲਕੰਠ ਆਖਦੇ ਹਨ। ਸੱਪ ਦਾ ਜ਼ਹਿਰ ਦੂਰ ਕਰਨ ਵਾਲੀ ਬੂਟੀ ਜਾਂ ਮਣਕਾ-ਘਸਿ ਗਰੁੜੁ ਸ਼ਬਦੁ ਮੁਖਿ ਲੀਨਾ॥ (੧੭੧) ਅਪੁਨੇ ਭਗਤ ਪਰਿ ਕੀ ਪ੍ਰਤਿਪਾਲ॥ ਗਰੁੜ ਚੜ੍ਹੈ ਆਏ ਗੋਪਾਲ॥(੧੧੬੬) ਮਹਾਂਭਾਰਤ ਅਨੁਸਾਰ ਜਦ ਗਰੁੜ ਦੇਵਤਿਆਂ ਨੂੰ ਜਿੱਤ ਕੇ, ਸਵਰਗ ਤੋਂ ਅੰਮ੍ਰਿਤ ਲੈ ਆਈਆ ਤਾਂ ਵਿਸ਼ਨੂੰ ਨੇ ਖੁਸ਼ ਹੋ ਵਰ ਮੰਗਣ ਲਈ ਕਿਹਾ ਤਾਂ ਗਰੁੜ ਨੇ ਕਿਹਾ ਮੈਂ ਸਦਾ ਆਪ ਦੇ ਉੱਪਰ ਰਹਾਂ ਵਿਸ਼ਨੂੰ ਮੰਨ ਗਿਆ ਤਾਂ ਗਰੁੜ ਨੇ ਮਨ 'ਚ ਸੋਚਿਆ ਇਹ ਗੱਲ ਚੰਗੀ ਨਹੀਂ ਇਹ ਵਿਸ਼ਨੂੰ ਦਾ ਅਪਮਾਨ ਹੈ ਤਾਂ ਵਿਸ਼ਨੂੰ ਵੀ ਗਰੜ ਤੋਂ ਵਰ ਮੰਗਦਾ ਹੈ ਕਿ ਤੂੰ ਮੇਰੀ ਸਵਾਰੀ ਬਣਜਾ ਇਉਂ ਦੋਵੇਂ ਇਕ ਦੂਜੇ ਦੇ ਥੱਲੇ ਲੱਗੇ। ਆਖਰ ਲੰਮੀ ਵਿਚਾਰ ਪਿੱਛੋਂ ਫੈਂਸਲਾ ਹੋਇਆ ਕਿ ਗਰੁੜ ਵਿਸ਼ਨੂੰ ਦੀ ਧੁਜਾ ਉਪਰ ਰਹੇ ਇਊ ਗਰੜ ਵਿਸ਼ਨੂੰ ਦਾ ਵਾਹਨ ਭੀ ਤੇ ਵਿਸ਼ਨੂੰ ਦੇ ਉਪਰ ਵੀ ਹੋਇਆ। ਹਿੰਦੂ ਮੰਨਦੇ ਹਨ ਕਿ ਹਰੇਕ ਦੇਵਤੇ ਦਾ ਕੋਈ ਉਚੇਚਾ ਅਵਾਹਨ ਸਵਾਰੀ ਹੈ। ਜਿਵੇਂ ਗਣੇਸ਼ ਦੀ ਸਵਾਰੀ ਚੂਹਾ, ਬ੍ਰਹਮਾ ਦੀ ਸਵਾਰੀ ਹੰਸ, ਸ਼ਿਵ ਦੀ ਸਵਾਰੀ ਬੈਲ। ਇਸੇ ਤਰ੍ਹਾਂ ਗਰੁੜ ਵਿਸ਼ਨੂੰ ਦੀ ਸਵਾਰੀ ਮੰਨਿਆ ਜਾਂਦਾ ਹੈ।

ਗਰੁੜ ਪੁਰਾਣ ਵਿਚ ਵਿਸ਼ਨੂੰ ਆਪਣੇ ਅਵਾਹਨ ਗਰੁੜ ਨੂੰ ਜਮ-ਮਾਰਗ ਦਾ ਹਾਲ ਸੁਣਾਂਦਾ ਆਖਦਾ ਹੈ ਕਿ ਮਰਨ ਪਿਛੋਂ ਜੀਵ ਪ੍ਰੇਤ ਜੂਨ ਪ੍ਰਾਪਤ ਕਰਦਾ ਅਤੇ ਇਸ ਦਾ ਸਰੀਰ ਅੰਗੂਠੇ ਜਿਤਨਾ ਹੋ ਜਾਂਦਾ ਹੈ। ਮਰੇ ਪ੍ਰਾਣੀ ਵਾਸਤੇ ਪਿੰਡ ਭਰਾਣੇ ਜ਼ਰੂਰੀ ਹਨ। ਇਨ੍ਹਾਂ ਦੀ ਮਦਦ ਨਾਲ ਪ੍ਰੇਤ ਦਾ ਸਰੀਰ ਦਸ ਦਿਨਾਂ ਵਿਚ ਹੱਥ ਭਰ ਬਣ ਜਾਂਦਾ ਹੈ। ਜਦੋਂ ਪ੍ਰਾਣੀ ਮਰਨ ਲੱਗੇ ਤਾਂ ਉਸ ਦਾ ਇਸ਼ਨਾਨ ਕਰਾਉਣਾ ਅਤੇ ਸਾਲਗਰਾਮ ਦੀ ਪੂਜਾ ਕਰਨੀ ਚਾਹੀਦੀ ਹੈ। ਸਾਲਗਰਾਮ ਸਾਰੇ ਪਾਪਾਂ ਦਾ ਨਾਸ ਕਰਦਾ ਹੈ। ਜੇ ਮਰਨ ਵੇਲੇ ਪ੍ਰਾਣੀ ਦੇ ਮੂੰਹ ਵਿਚ ਸਾਲਗਰਾਮ ਦਾ ਚਰਨਾਮ੍ਰਿਤ ਪਏ ਤਾਂ ਉਸ ਦੇ ਸਾਰੇ ਪਾਪ ਦੂਰ ਹੁੰਦੇ ਜਿਵੇਂ ਰੂੰ ਦੇ ਢੇਰ ਅੱਗ ਦੀ ਇਕ ਚਿਣਗ ਨਾਲ ਸੜ ਕੇ ਸੁਆਹ ਹੋ ਜਾਂਦੇ ਹਨ, ਤਿਵੇਂ ਮਰਨ ਵੇਲੇ ਪ੍ਰਾਣੀ ਲਫ਼ਜ਼ ਗੰਗਾ ਆਖਣ ਨਾਲ ਹੀ ਮੁਕਤ ਹੋ ਜਾਂਦਾ ਹੈ।

ਗਰੁੜ ਪੁਰਾਨ ਅਨੁਸਾਰ ਪ੍ਰੇਤ-ਕਰਮ ਕਰਾਉਣ ਲਈ ਮਰੇ ਪ੍ਰਾਣੀ ਦੇ ਸਸਕਾਰ ਤੋਂ ਪਹਿਲਾਂ ਇਹ ਅੱਤ ਜ਼ਰੂਰੀ ਹੈ ਕਿ ਉਸ ਦਾ ਪੁੱਤਰ ਤੇ ਹੋਰ ਨਜ਼ਦੀਕੀ ਸੰਬੰਧੀ ਮੁੰਡਨ ਕਰਨ। ਪ੍ਰੇਤ ਦੀ ਖ਼ਾਤਰ ਮੰਤ੍ਰ ਕੇ ਤਿਲ ਅਤੇ ਘਿਉ ਦੀ ਅਹੂਤੀ ਦੇਣੀ ਚਾਹੀਦੀ ਅਤੇ ਬਹੁਤ ਰੋਣਾ ਚਾਹੀਦੈ। ਅਜੇਹਾ ਕਰਨ ਨਾਲ ਮਰੇ ਪ੍ਰਾਣੀ ਨੂੰ ਸੁਖ ਮਿਲਦਾ ਹੈ। ਗਿਆਰਾਂ ਦਿਨ ਰਾਤ-ਦਿਨ ਹਰ ਵੇਲੇ ਦੀਵਾ ਜਗਦਾ ਰਹਿਣਾ ਚਾਹੀਦੈ ਇਸ ਦੀਵੇ ਨਾਲ ਜਮ-ਮਾਰਗ 'ਚ ਚਾਨਣ ਹੁੰਦਾ ਹੈ। ਪ੍ਰੇਤ-ਕਰਮ ਕਰਨ ਨਾਲ ਪ੍ਰਾਣੀ ਦਸ ਦਿਨਾਂ ਵਿਚ ਹੀ ਸਾਰੇ ਪਾਪਾਂ ਤੋਂ ਛੁਟਕਾਰਾ ਪਾ ਲੈਂਦਾ ਹੈ। ਗਰੁੜ ਪੁਰਾਣ ਸੁਣਨ ਤੇ ਸੁਣਾਨ ਵਾਲੇ ਪਾਪਾਂ ਤੋਂ ਮੁਕਤ ਹੋ ਜਾਂਦੇ ਹਨ। ਇਸ ਪੁਰਾਣ ਪੜ੍ਹਨ ਵਾਲੇ ਪੰਡਿਤ ਕੱਪੜੇ ਗਹਿਣੇ, ਗਊ, ਅੰਨ, ਸੋਨਾ, ਜ਼ਮੀਨ ਆਦਿਕ ਸਭ ਕੁਝ ਦਾਨ ਕਰਨਾ ਚਾਹੀਦੈ ਨਹੀਂ ਤਾਂ ਫਲ ਦੀ ਪ੍ਰਾਪਤੀ ਨਹੀਂ ਹੁੰਦੀ। ਕਥਾ ਸੁਣਾਨ ਵਾਲਾ ਜੇ ਪ੍ਰਸੰਨ ਹੋ ਜਾਵੇ, ਤਾਂ ਹੇ ਗਰੁੜ! ਦਾਨ ਕਰਨ ਵਾਲੇ ਉਤੇ ਮੈਂ ਭੀ ਪ੍ਰਸੰਨ ਹੋ ਜਾਂਦਾ ਹਾਂ।

ਨੋਟ-ਗੁਰਮਤਿ ਇਸ ਪੌਰਾਣਕ ਕਹਾਣੀ ਨਾਲ ਸਹਿਮਤ ਨਹੀ ਸਗੋਂ-ਹਰਿ ਕਥਾ ਪੜੀਐ, ਹਰਿ ਨਾਮੁ ਸੁਣੀਐ; ਬੇਬਾਣੁ, ਹਰਿ ਰੰਗੁ ਗੁਰ ਭਾਵਏ॥ਪਿੰਡੁ, ਪਤਲਿ, ਕਿਰਿਆ, ਦੀਵਾ, ਫੁਲ; ਹਰਿ ਸਰਿ ਪਾਵਏ॥ ਬਾਣੀ 'ਚ ਗੁਰੂ ਅਮਰਦਾਸ ਦਾ ਫੁਰਮਾਂਨ ਕਿ ਚੇਤਾ ਰੱਖਿਓ, ਮੇਰੇ ਸਰੀਰਕ ਅੰਤ ਪਿੱਛੋਂ ਪ੍ਰਭੂ-ਕਥਾ ਹੀ ਪੜ੍ਹਨੀ, ਉਸ ਦਾ ਨਾਮ ਹੀ ਸੁਣਨਾ ਹੈ। ਬੇਬਾਣ ਭੀ ਗੁਰੂ ਨੂੰ ਕੇਵਲ ਪ੍ਰਭੂ ਪਿਆਰ ਹੀ ਚੰਗਾ ਲੱਗਦਾ ਹੈ।

ਇਸ ਤੁਕ ਵਿੱਚ ਆਏ ਸ਼ਬਦ ਪਿੰਡ, ਪਤਲ, ਕਿਰਿਆ, ਫੁਲ ਦੇ ਅਣਜਾਣਤਾ ਤੇ ਸੰਪ੍ਰਦਾਈ ਅਰਥਾਂ ਕਰਕੇ ਵੀ ਆਮ ਪਾਠਕ ਭੁਲੇਖਾ ਖਾ ਜਾਂਦੈ ਕਿ ਗੁਰੂ ਸਾਹਿਬ ਗਰੁੜ ਪੁਰ-ਾਣੁ 'ਚ ਦੱਸੇ ਇਹ ਸਾਰੇ ਕਰਮਕਾਂਡ ਕਰਨ ਦੀ ਹਦਾਇਤ ਕਰ ਰਹੇ ਨੇ ਪਰ ਗੁਰੂ ਨਾਨਕ ਸਾਹਿਬ ਵੱਲੋਂ ਆਸਾ ਰਾਗੁ ਵਿੱਚ ਉਚਾਰਣ ਕੀਤੇ ਸ਼ਬਦ-ਦੀਵਾ ਮੇਰਾ ਏਕੁ ਨਾਮੁ; ਦੁਖੁ, ਵਿਚਿ ਪਾਇਆ ਤੇਲੁ॥ ਉਨਿ ਚਾਨਣਿ ਓਹੁ ਸੋਖਿਆ; ਚੂਕਾ ਜਮ ਸਿਉ ਮੇਲੁ॥੧॥ ਲੋਕਾ ਮਤ ਕੋ ਫਕੜਿ ਪਾਇ॥ ਲਖ ਮੜਿਆ ਕਰਿ ਏਕਠੇ; ਏਕ ਰਤੀ ਲੇ ਭਾਹਿ॥੧॥ ਰਹਾਉ ॥ ਪਿੰਡੁ ਪਤਲਿ ਮੇਰੀ ਕੇਸਉ; ਕਿਰਿਆ, ਸਚੁ ਨਾਮੁ ਕਰਤਾਰੁ ॥ ਐਥੈ ਓਥੈ ਆਗੈ ਪਾਛੈ ਇਹੁ ਮੇਰਾ ਅਧਾਰੁ॥੨॥(੩੫੮) ਵਿੱਚ ਸਾਨੂੰ ਸਮਝਾ ਰਹੇ ਹਨ ਕਿ ਮੇਰੇ ਲਈ ਸਦਾ ਰਹਿਣ ਵਾਲੇ ਕਰਤਾਰ ਦਾ ਨਾਮ ਹੀ ਦੀਵਾ ਏ ਜਿਸ ਵਿੱਚ ਮੈਂ ਆਪਣਾ ਦੁੱਖ ਰੂਪੀ ਤੇਲ ਪਾਇਆ ਹੈ। ਜਿਉਂ ਜਿਉਂ ਨਾਮ ਰੂਪੀ ਦੀਵਾ ਜਗਦੈ ਉਸ ਨਾਲ ਮੇਰਾ ਦੁੱਖ ਰੂਪੀ ਤੇਲ ਸੜਦਾ ਤੇ ਮੇਰਾ ਜਮਾਂ ਨਾਲ ਵਾਹ ਮੁੱਕ ਜਾਂਦਾ ਹੈ। ਇਸੇ ਤਰ੍ਹਾਂ ਕੇਸਉ (ਕਰਤਾਰ) ਦਾ ਨਾਮ ਹੀ ਮੇਰੇ ਲਈ ਪਿੰਡ ਪਤਲ ਅਤੇ ਕਿਰਿਆ ਆਦਿਕ ਹਨ।

ਗਾਰੜੂ-ਇਕ ਮੰਤ੍ਰ ਜਿਸ ਦਾ ਦੇਵਤਾ ਗਰੁੜ ਹੈ। ਗੁਰੂ ਸਾਹਿਬ ਹਉਮੈ ਹੰਕਾਰ ਮਾਇਆ ਰੂਪ ਸੱਪ ਦੀ ਜ਼ਹਰ ਉਤਾਰਨ ਲਈ ਗੁਰ ਸ਼ਬਦ ਹੀ ਕਾਰਗਰ ਦਵਾਈ (ਗਰੁੜ) ਦਸਦੇ ਹਨ-ਹਉਮੈ ਬਿਖੁ ਮਨੁ ਮੋਹਿਆ ਲਦਿਆ ਅਜਗਰ ਭਾਰੀ॥ ਗਰੁੜ ਸ਼ਬਦੁ ਮੁਖਿ ਪਾਇਆ ਹਉਮੈ ਬਿਖੁ ਹਰਿ ਮਾਰੀ॥(੧੨੬੦) ਸੱਪ ਦੀ ਜ਼ਹਰ ਉਤਾਰਨ ਵਾਲੇ ਮਾਂਦਰੀ ਨੂੰ "ਗਾਰੜੂ" ਜਾਂ "ਗਾਰੜੀ" ਕਿਹਾ ਜਾਂਦੈ-ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥ ਇਸ ਕੀ ਸੇਵਾ ਜੋ ਕਰੇ ਤਿਸਹੀ ਕਉ ਫਿਰਿ ਖਾਇ॥ ਗੁਰਮੁਖ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇੰ॥(੫੧੦)

ਪੌਰਾਣਿਕ ਮਿਥਿਹਾਸਕ ਕਹਾਣੀ ਮੁਤਾਬਿਕ ਗਰੁੜ ਇਕ ਨੀਲਾ ਪੰਛੀ ਜੋ ਵਿਸ਼ਨੂੰ ਦਾ ਵਾਹਨ ਤੇ ਦੂਜਾ ਗਰੁੜ ਇਕ ਮੰਤ੍ਰ ਜਿਸ ਨੂੰ ਪੜ੍ਹ ਕੇ ਗਾਰੜੂ ਸੱਪ ਦੀ ਜ਼ਹਿਰ ਦੂਰ ਕਰਦੈ ਪਰ ਗੁਰਮਤਿ ਸਮਝਾਉਂਦੀ ਹੈ ਕਿ ਕਿਸੇ ਮੰਤ੍ਰ ਨਾਲ ਨਹੀਂ ਸਗੋਂ ਦਵਾ ਬੂਟੀ ਨਾਲ ਸੱਪ ਦਾ ਜ਼ਹਿਰ ਉਤਰਦਾ ਹੈ। ਸੋ ਅਗਿਆਨ-ਮਾਇਆ ਰੂਪ ਸਪਨੀ ਦਾ ਹੰਕਾਰ ਰੂਪ ਜ਼ਹਿਰ ਕੋਈ ਗਾਰੜੂ (ਗੁਰਮੁਖ) ਗੁਰੂ ਦੇ ਗਿਆਨ-ਉਪਦੇਸ਼ ਰੂਪ "ਗਾਰੜੂ ਮੰਤ੍ਰ" ਨਾਲ ਉਤਾਰ ਦਿੰਦਾ ਹੈ। ਕਿਹੰਦੇ ਹਨ ਕਿ ਅਜਗਰ ਇਕ ਜਾਂਗਲੀ ਬਕਰਾ ਜੋ ਸੱਪ ਨੂੰ ਵੀ ਖਾ ਜਾਂਦਾ ਤੇ ਜਦ ਉਗਾਲੀ ਕਰਦਾ ਜੋ ਝੱਗ ਉਸ ਦੇ ਮੂੰਹ ਚੋਂ ਧਰਤੀ ਤੇ ਡਿਗਦੀ ਮਾਂਦਰੀ ਉਸ ਨੂੰ ਸੰਭਾਲ ਕੇ ਰੱਖਦੇ ਤੇ ਜਿੱਥੇ ਸੱਪ ਨੇ ਕੱਟਿਆ ਹੋਵੇ ਉਸ ਜਗਾ ਉਹ ਮਣਕਾ ਲਗਾ ਦਿੰਦੇ ਜੋ ਜ਼ਹਿਰ ਚੂਸ ਲੈਂਦਾ ਹੈ। ਹੋਰ ਕਿਸੇ ਮੰਤ੍ਰ ਪੜ੍ਹਨ ਨਾਲ ਜ਼ਹਿਰ ਨਹੀਂ ਉੱਤਰਦੀ ਸਗੋਂ ਪ੍ਰਾਣੀ ਦੀ ਜਾਨ ਚਲੀ ਜਾਂਦੀ ਹੈ।













ਅੰਬੇਡਕਰ ਮਿਸਨ ਸੁਸਾਇਟੀ ਨੇ ਅੰਬੇਦਕਰ ਭਵਨ ਜਲੰਧਰ ਵਿਖੇ ਬੁੱਧ ਪੂਰਨਿਮਾ ਮਨਾਈ। ਇਸ ਪ੍ਰੋਗਰਾਮ ਵਿਚ ਐਡਵੋਕੇਟ ਹਰਭਜਨ ਸਾਂਪਲਾ ਨੇ ਆਏ ਸਾਰੇ ਲੋਕਾਂ ਦਾ ਸਵਾਗਤ ਕੀਤਾ। ਇਸ ਮੌਕੇ ਸ੍ਰੀ ਬਲਦੇਵ ਭਾਰਦਵਾਜ, ਸ੍ਰੀ ਚਮਨ ਸਾਂਪਲਾ, ਸ੍ਰੀ ਵਰਿੰਦਰ ਕੁਮਾਰ, ਸ੍ਰੀ ਰਾਮ ਲਾਲ ਦਾਸ, ਸ੍ਰੀ ਹਰਮੇਸ਼ ਜੱਸਲ, ਸ੍ਰੀਮਤੀ ਸੁਖਵਿੰਦਰ ਕੌਰ ਪ੍ਰੀਤੀ, ਸ੍ਰੀ ਜਗਜੀਵਨ ਰਾਮ, ਸ੍ਰੀ ਕੇ. ਐਲ. ਕਲਿਆਣ ਅਤੇ ਹੋਰ ਆਏ ਲੋਕਾਂ ਨੇ ਆਪਣੇ ਵਿਚਾਰ ਪੇਸ਼ ਕੀਤੇ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.

ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।



## ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

10ਵਾਂ ਸ਼ਹੀਦੀ ਦਿਹਾੜਾ (ਬਰਸੀ)
108 ਸੰਤ ਸ਼੍ਰੀ ਰਾਮਾਨੰਦ ਜੀ
ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ
ਉਪਰੰਤ ਕਥਾ ਕੀਰਤਨ ਦੀਵਾਨ



ਦਿਨ: ਐਤਵਾਰ 26 ਮਈ 2019
ਸਮਾਂ: ਸਵੇਰੇ 9:30 ਵਜੇ ਤੋਂ
ਦੁਪਹਿਰ 1:30 ਵਜੇ ਤੱਕ



**ਸੇਵਾ: ਸਮੂਹ ਸਾਧ ਸੰਗਤਿ ਜੀਓ**

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ
6221 16th Street
Rio Linda CA 95673

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਸ੍ਰੀ ਗਿਆਨ ਚੰਦ ਕਾਜਲਾ (916) 459-7020
ਸ੍ਰੀ ਸੁੱਖ ਰਾਮ ਚੰਦੜ (916) 494-4694
ਗੁਰੂ ਘਰ ਦਾ ਫੋਨ (916) 992-1710

# ਭਾਜਪਾ ਲੀਡਰ ਦੁਆਰਾ ਇਕ ਦਲਿਤ ਦੀ ਕੁੱਟਮਾਰ ਕਰਨ ਦਾ ਸੱਚ

**ਸਿਧਾਰਥਨਗਰ (ਯੂ. ਪੀ.)-** ਉਤਰ ਪ੍ਰਦੇਸ਼ ਦੇ ਸਿਧਾਰਥਨਗਰ ਜ਼ਿਲ੍ਹਾ ਹਸਪਤਾਲ ਵਿਚ ਦਾਖਲ 37 ਸਾਲਾ ਰਾਮੂ ਸਿੰਘ ਲੋਧੀ ਨੂੰ ਗੋਰਖਪੁਰ ਦੇ ਕਿਸੇ ਵੱਡੇ ਹਸਪਤਾਲ ਲਿਜਾਣ ਦੀ ਤਿਆਰੀ ਕੀਤੀ ਜਾ ਰਹੀ ਸੀ। ਅੱਖਾਂ ਦੇ ਡਾਕਟਰ ਨੇ ਉਹਨਾਂ ਦੀ ਸੱਜੀ ਅੱਖ ਤੇ ਲੱਗੀ ਸੱਟ ਦੇਖਦੇ ਹੋਏ ਉਸਨੂੰ ਗੋਰਖਪੁਰ ਰੈਫਰ ਕਰ ਦਿੱਤਾ। ਉਥੇ ਜ਼ਿਲ੍ਹਾ ਹਸਪਤਾਲ ਵਿਚ ਹੱਡੀਆਂ ਅਤੇ ਨਾੜੀ ਰੋਗ ਮਾਹਿਰ ਡਾਕਟਰ ਕ੍ਰਿਸ਼ਨ ਕੁਮਾਰ ਯਾਦਵ ਨੇ ਰਾਮੂ ਨੂੰਖ਼ ਦੱਸਿਆ ਕਿ ਉਸਦੀਆਂ ਦੋਵੇਂ ਲੱਤਾਂ ਵਿਚ ਫ੍ਰੈਕਚਰ ਹੈ। 10 ਦਿਨ ਦੇ ਇਲਾਜ਼ ਤੋਂ ਬਾਅਦ ਵੀ ਰਾਮੂ ਦੀ ਇਹ ਸ਼ਿਕਾਇਤ ਹੈ ਕਿ ਉਹ ਆਪਣੀਆਂ ਲੱਤਾਂ ਨੂੰ ਚੁੱਕ ਨਹੀਂ ਪਾ ਰਿਹਾ ਸੀ।

65 ਸਾਲਾ ਉਹਨਾਂ ਦੇ ਪਿਤਾ ਝੀਨਕ ਲੋਧੀ ਉਸਦੀ ਦੇਖਭਾਲ ਕਰ ਰਿਹਾ ਹੈ। ਨਾਲ ਹੀ ਉਹਨਾਂ ਦੇ ਛੋਟੇ ਭਰਾ ਅਨਿਲ ਜਿਹਨਾਂ ਦੀ ਪਿੱਠ ਤੇ ਹਾਲੇ ਵੀ ਲਾਠੀਆਂ ਦੇ ਨਿਸ਼ਾਨ ਦੇਖੇ ਜਾ ਸਕਦੇ ਹਨ। ਇਹ ਉਹੀ ਪਰਿਵਾਰ ਹੈ, ਜਿਸਦਾ ਇਕ ਵੀਡੀਓ ਲੋਕ ਸਭਾ ਦੇ ਛੇਵੇਂ ਚਰਣ ਦੀ ਵੋਟਿੰਗ ਤੋਂ ਪਹਿਲਾਂ ਸੋਸ਼ਲ ਮੀਡੀਆ ਤੇ ਇਸ ਦਾਅਵੇ ਨਾਲ ਆਇਆ ਕਿ ਸਿਧਾਰਥਨਗਰ ਦੇ ਭਾਜਪਾ ਨੇਤਾ ਆਸ਼ੂਤੋਸ਼ ਮਿਸ਼ਰ ਨੇ ਇਕ ਦਲਿਤ ਪਰਿਵਾਰ ਨੂੰ ਬੇਰਹਿਮੀ ਨਾਲ ਕੁੱਟਿਆ ਅਤੇ ਯੋਗੀ ਸਰਕਾਰ ਦੇ ਦਬਾਅ ਵਿਚ ਯੂ. ਪੀ. ਪੁਲਿਸ ਇਸ ਦੇ ਖਿਲਾਫ ਕਾਰਵਾਈ ਨਹੀਂ ਕਰ ਰਹੀ। ਇਹ ਘਟਨਾ 9 ਮਈ 2019 ਨੂੰ ਹੋਈ ਸੀ ਪਰ ਜਿਸ ਦਾਅਵੇ ਨਾਲ ਇਸ ਘਟਨਾ ਦੀ ਵੀਡੀਓ ਨੂੰ ਸੋਸ਼ਲ ਮੀਡੀਆ ਤੇ ਸ਼ੇਅਰ ਕੀਤਾ ਜਾ ਰਿਹਾ ਹੈ, ਉਹ ਭਰਮਾਊ ਹੈ। ਘਟਨਾ ਖੇਸਰਹਾ ਬਲਾਕ ਦੇ ਟੋਲਾ ਟਿਕੂਹਿਆ ਦੀ ਹੈ, ਜੋ ਕਪਿਯਵਾ ਪਿੰਡ ਦੀ ਸੀਮਾ ਵਿਚ ਆਉਂਦਾ ਹੈ। ਇਸ ਟੋਲੇ ਵਿਚ ਕਰੀਬ 90 ਘਰ ਹਨ, ਜਿਹਨਾਂ ਵਿਚੋਂ 3 ਤਰਖਾਣੇ ਦਾ ਕੰਮ ਕਰਨ ਵਾਲੇ ਹਨ ਅਤੇ ਬਾਕੀ ਘਰ ਲੋਧੀ ਫਿਰਕੇ (ਪੱਛੜੇ ਵਰਗ) ਦੇ ਲੋਕਾਂ ਦੇ ਹਨ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਇਕ ਵੀ ਦਲਿਤ ਪਰਿਵਾਰ ਨਹੀਂ ਰਹਿੰਦਾ। ਪਿੰਡ ਦੇ ਪ੍ਰਧਾਨ ਅਤੇ ਬਲਾਕ ਪੱਧਰ ਦੇ ਅਧਿਕਾਰੀ ਨੇ ਇਸਦੀ ਪੁਸ਼ਟੀ ਕੀਤੀ। ਪਿੰਡ ਦੇ ਇਕ ਬਜ਼ੁਰਗ ਨੇ ਦੰਸਿਆ ਕਿ ਪਿਛਲੀ ਪੀੜ੍ਹੀ ਨੇੜੇ ਦੇ ਹੀ ਪਿੰਡਾਂ ਵਿਚ ਖੇਤੀਬਾੜੀ ਮਜ਼ਦੂਰੀ ਕਰਕੇ ਗੁਜ਼ਾਰਾ ਕਰ ਲੈਂਦੀ ਸੀ ਪਰ ਹੁਣ ਇਸ ਨਾਲ ਘਰ ਨਹੀਂ ਚੱਲਦਾ। ਰੁਜ਼ਗਾਰ ਦੀ ਕਮੀ ਹੈ, ਇਸ ਕਰਕੇ ਬੀਤੇ ਡੇਢ ਦਹਾਕੇ ਤੋਂ ਪਿੰਡ ਦੇ ਬੱਚੇ ਰੁਜ਼ਗਾਰ ਲਈ ਕੇਰਲ ਅਤੇ ਮਹਾਰਾਸ਼ਟਰ ਦੇ ਪੁਣੇ-ਮੁੰਬਈ ਵਰਗੇ ਸ਼ਹਿਰਾਂ ਵਿਚ ਜਾ ਰਹੇ ਹਨ ਅਤੇ ਉਹਨਾਂ ਦੇ ਬੱਚੇ ਉਥੇ ਹੀ ਪੜ੍ਹਦੇ ਹਨ। ਰਾਮੂ ਲੋਧੀ ਅਤੇ ਉਸਦਾ ਭਰਾ ਅਨਿਲ ਵੀ ਮੁੰਬਈ ਦੀ ਕੰਸਟ੍ਰਕਸ਼ਨ ਸਾਈਟ ਵਿਚ ਮਜ਼ਦੂਰੀ ਕਰਦੇ ਹਨ ਅਤੇ ਦੋਵੇਂ ਛੁੱਟੀ ਲੈ ਕੇ ਘਰ ਆਏ ਸਨ। ਕੁਝ ਦਿਨ ਪਹਿਲਾਂ ਪਿੰਡ ਵਿਚ ਇੱਟਾਂ ਦੀਆਂ ਗਲੀਆਂ ਬਣ ਰਹੀਆਂ ਸਨ, ਜਿਸ ਨੂੰ ਲੈ ਕੇ ਪਿੰਡ ਵਿਚ ਹਿੰਸਾ ਹੋਈ ਅਤੇ ਇਹ ਪੂਰਾ ਵਿਵਾਦ ਖੜ੍ਹਾ ਹੋ ਗਿਆ। 9 ਮਈ ਦੀ ਘਟਨਾ ਨੂੰ ਯਾਦ ਕਰਦਿਆਂ ਰਾਮੂ ਲੋਧੀ ਕਹਿੰਦੇ ਹਨ, ਅਸੀਂ ਆਪਣੇ ਛੋਟੇ ਭਰਾ ਵਿਜੈ ਦੇ ਵਿਆਹ ਲਈ ਮੁੰਬਈ ਤੋਂ ਘਰ ਆਏ ਸਲ। 12 ਮਈ ਨੂੰ ਉਹਨਾਂ ਦਾ ਵਿਆਹ ਸੀ। ਮਾਰਕੁੱਟ ਦੀ ਇਹ ਘਟਨਾ 9 ਮਈ ਸਵੇਰੇ ਸਾਢੇ 8 ਵਜੇ ਤੋਂ ਬਾਅਦ ਦੀ ਹੈ। ਪਿੰਡ ਵਿਚ ਗਲੀਆਂ ਦਾ ਕੰਮ ਚੱਲ ਰਿਹਾ ਸੀ। ਸਾਡੇ ਘਰ ਦੇ ਸਾਹਮਣੇ ਇਕ ਝੌਂਪੜੀ ਸੀ, ਜਿਸਦਾ 2 ਫੁੱਟ ਹਿੱਸਾ ਰਸਤੇ ਵਿਚ ਆ ਰਿਹਾ ਸੀ।



ਘਾਹ ਦੇ ਛੱਪਰ ਵਾਲੀ ਇਹ ਝੌਂਪੜੀ ਅਸੀਂ ਘਰ ਆਏ ਮਹਿਮਾਨਾਂ ਦੇ ਬੈਠਣ ਲਈ ਬਣਾਈ ਸੀ। ਪਰ ਪਿੰਡ ਦੇ ਪ੍ਰਧਾਨ ਬਬਲੂ ਮਿਸ਼ਰ ਦਾ ਕਹਿਣਾ ਸੀ ਕਿ ਇਸਨੂੰ ਹਟਾਇਆ ਜਾਵੇ। ਇਸ ਬਾਰੇ ਗੱਲਬਾਤ ਚੱਲ ਰਹੀ ਸੀ ਕਿ ਵਿਆਹ ਤੱਕ ਇਹ ਝੌਂਪੜੀ ਬਣੀ ਰਹੇ? ਇਸ ਦਰਮਿਆਨ ਕੁਝ ਲੋਕਾਂ ਨੇ ਛੱਪਰ ਤੋੜਨਾ ਆਰੰਭ ਕਰ ਦਿੱਤਾ। ਇਸ ਦਰਮਿਆਨ ਬਹਿਸ ਗਰਮਾ-ਗਰਮ ਹੋ ਗਈ ਅਤੇ ਗਾਲੀ-ਗਲੋਚ ਦਾ ਸਿਲਸਿਲਾ ਆਰੰਭ ਹੋ ਗਿਆ। ਇਸ ਤੋਂ ਬਾਅਦ ਪਿੰਡ ਦੀ ਇਕੱਠੀ ਹੋਈ ਭੀੜ ਨੇ ਅਨਿਲ ਲੋਧੀ ਨੂੰ ਕੁੱਟਿਆ।

ਇਸੇ ਪਿੰਡ ਵਿਚ ਰਹਿਣ ਵਾਲੇ 55 ਸਾਲਾ ਇੰਦਰਜੀਤ ਸਿੰਘ ਕਹਿੰਦੇ ਹਨ ਕਿ ਰਸਤੇ ਨੂੰ ਲੈ ਕੇ ਸਾਰਾ ਪਿੰਡ ਇਕ ਪਾਸੇ ਸੀ ਅਤੇ ਰਾਮੂ ਲੋਧੀ ਦਾ ਪਰਿਵਾਰ ਇਕ ਪਾਸੇ। ਉਹਨਾਂ ਨੇ ਗਲਤ ਤਰੀਕੇ ਨਾਲ ਜ਼ਮੀਨ ਘੇਰ ਰੱਖੀ ਸੀ ਪਰ ਜਦੋਂ ਜਗ੍ਹਾ ਖਾਲੀ ਕਰਨ ਲਈ ਕਿਹਾ ਤਾਂ ਉਹ ਹੰਗਾਮਾ ਕਰਨ ਲੱਗੇ।

**ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਇ।**
**ਘਲੇ ਆਵਏ ਨਾਨਕਾ ਸਦਿ ਉਠੀ ਜਾਹਿ।।**

**ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ**
**ਗੁਰੁਪਿਆਰੀ ਸਾਧਸੰਗਤਿ ਜੀਓ**

**ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਬੀਬੀ ਬਖਸ਼ੋ ਲਾਲ ਪੜਵੱਗਾ ਮਾਤਾ ਸ਼੍ਰੀ ਇੰਦਰਜੀਤ ਪੜਵੱਗਾ ਵਾਸੀ Antelope , CA ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।**




**ਅੰਤਿਮ ਸੰਸਕਾਰ ਰਸਮ:**
ਸ਼ਨੀਵਾਰ, 25 ਮਈ 2019
**9am to 12pm at:**
**North Sacramento Funeral Home**
**725 El Camino Av.**
**Sacramento, CA-95815**

**ਅੰਤਿਮ ਅਰਦਾਸ:**
ਸੰਸਕਾਰ ਤੋਂ ਬਾਅਦ ਸਮੂਹ ਸੰਗਤਾਂ ਨੂੰ ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਬੀਬੀ ਜੀ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਹੈ ਜੀ।

ਸਥਾਨ: ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ
**6221 16th St Rio linda, CA 95673**

ਸਮੂਹ ਸੰਗਤਾਂ ਦੀ ਅਰਦਾਸ ਹੈ ਕਿ ਅਕਾਲਪੁਰਖ ਉਨ੍ਹਾਂ ਦੀ ਜੀਵ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਜੀ।

*ਅਦਾਰਾ ਦੇਸ਼ ਦੁਆਬਾ ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁੱਖ ਵਿਚ ਸ਼ਰੀਕ ਹੈ।*

**ਪਰਿਵਾਰ ਦਾ ਸੰਪਰਕ:**
**ਸ਼੍ਰੀ ਇੰਦਰਜੀਤ ਪੜਵੱਗਾ (916)276-2538**

**Buying or Selling home in Sacramento??**
**ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ**
**MOBILE 916-513-8094**




**Put my knowledge, Service, experience and professionalism to work for you.**



**Buying or selling home in Sacramento?**
**Call 916-513-8094 for free consultation**
**(PUNJABI/ENGLISH/HINDI)**

**ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ**

**VISHAL KAPOOR**
DRE#02087894 Realtor®

**MOBILE. 916-513-8094. OFFICE 916-993-8680 EXT.1102**
**Email- realtor.vkapoor@gmail.com www.hsicarerealty.com**
**3461 Fair Oaks Blvd. Suite #125, Sacramento, CA 95864**

# ਰਾਜੇਸ਼ ਬਾਘਾ ਸਾਬਕਾ ਚੇਅਰਮੈਨ ਐਸਸੀ.ਕਮਿਸ਼ਨ ਪੰਜਾਬ ਅਤੇ ਉਪ ਪ੍ਰਧਾਨ ਭਾਜਪਾ ਪੰਜਾਬ ਨੇ ਪਾਈ ਵੋਟ



**ਜਲੰਧਰ :** ਲੋਕ ਸਭਾ ਚੋਣਾਂ ਦਾ ਲੋਕਾਂ 'ਚ ਕਾਫੀ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹੈ ਉਥੇ ਹੀ ਸ਼੍ਰੀ ਰਾਜੇਸ਼ ਬਾਘਾ ਸਾਬਕਾ ਚੇਅਰਮੈਨ ਐਸ.ਸੀ. ਕਮਿਸ਼ਨ ਪੰਜਾਬ ਅਤੇ ਉਪ ਪ੍ਰਧਾਨ ਭਾਜਪਾ ਪੰਜਾਬ ਆਪਣੇ ਪਿੰਡ ਬੋਲਿਨਾ ਦੁਆਬਾ ਜਲੰਧਰ ਵਿਖੇ ਪਾਈ ਵੋਟ। ਇਸ ਮੌਕੇ 'ਤੇ, ਉਨ੍ਹਾਂ ਨੇ ਕਿਹਾ ਕਿ ਦੇਸ਼ ਨੂੰ ਬਿਹਤਰ ਬਣਾਉਣ ਲਈ ਦੇਸ਼ ਦੇ ਹਰ ਨਾਗਰਿਕ ਰਾਸ਼ਟਰ ਲਈ ਵੋਟ ਪਾਓ। ਉਨ੍ਹਾਂ ਦੇ ਨਾਲ ਸ:ਗੁਰਦੀਪ ਸਿੰਘ ਸਬਕਾ ਸਰਪੰਚ, ਸ: ਭੁਪਿੰਦਰ ਸਿੰਘ, ਸ: ਲਖਬੀਰ ਸਿੰਘ ਬੋਲੀਨਾ ਅਤੇ ਪਿੰਡ ਦੇ ਨਿਵਾਸੀ ਨਾਲ ਸਨ। ਜਿਕਰਯੋਗ ਹੈ ਕਿ ਅੱਜ ਲੋਕ ਸਭਾ ਚੋਣਾਂ ਦੇ 7ਵੇਂ ਗੇੜ ਦੀ 59 ਸੀਟਾਂ ਤੇ ਮਤਦਾਨ ਸ਼ੁਰੂ ਹੋ ਗਿਆ ਹੈ ਇਹ ਲੋਕ ਸਭਾ ਚੋਣਾਂ ਦਾ ਆਖ਼ਰੀ ਪੜਾਅ ਹੈ।

ਅੱਜ ਬਿਹਾਰ ਦੀਆਂ 8, ਝਾਰਖੰਡ ਦੀਆਂ 3, ਮੱਧ ਪ੍ਰਦੇਸ਼ ਦੀਆਂ 8, ਪੰਜਾਬ ਦੀਆਂ 13, ਹਿਮਾਚਲ ਦੀਆਂ 4, ਉੱਤਰ ਪ੍ਰਦੇਸ਼ ਦੀਆਂ 13, ਪੱਛਮੀ ਬੰਗਾਲ ਦੀਆਂ 9 ਅਤੇ ਚੰਡੀਗੜ੍ਹ ਦੀ ਇੱਕ ਲੋਕ ਸਭਾ ਸੀਟ 'ਤੇ ਮਤਦਾਨ ਹੋ ਰਿਹਾ ਹੈ। ਪੁਲਿਸ ਵੱਲੋਂ ਪੋਲਿੰਗ ਬੂਥਾਂ 'ਤੇ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ। ਦੱਸ ਦੇਈਏ ਕਿ ਵੋਟਿੰਗ ਦਾ ਸਮਾਂ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗੀ। ਦੱਸ ਦੇਈਏ ਵੋਟ ਪਾਉਣ ਲਈ ਲੋਕ ਸਵੇਰ ਤੋਂ ਹੀ ਲੰਮੀਆਂ ਲਾਈਨਾਂ 'ਚ ਲੱਗੇ ਹੋਏ ਹਨ।

ਦੱਸ ਦੇਈਏ ਕਿ ਸੂਬੇ ਦੇ ਮੁੱਖ ਚੋਣ ਕਮਿਸ਼ਨਰ ਡਾ. ਐਸ ਕਰੁਣਾ ਰਾਜੂ ਨੇ ਦੱਸਿਆ ਕਿ ਚੋਣ ਅਮਲ ਨੂੰ ਨੇਪਰੇ ਚਾੜ੍ਹਨ ਲਈ ਇਕ 25 ਲੱਖ ਮੁਲਾਜ਼ਮ ਅਤੇ ਇਕ ਲੱਖ ਤੋਂ ਵੱਧ ਪੁਲਿਸ ਮੁਲਾਜ਼ਮ ਤੇ ਨੀਮ ਸੁਰੱਖਿਆ ਬਲ ਤਾਇਨਾਤ ਕੀਤੇ ਗਏ ਹਨ। 13 ਲੋਕ ਸਭਾ ਹਲਕਿਆਂ ਲਈ 14, 339 ਪੋਲਿੰਗ ਲੋਕੇਸ਼ਨਾਂ ਉਤੇ 23, 213 ਪੋਲਿੰਗ ਸਟੇਸ਼ਨ ਬਣਾਏ ਗਏ ਹਨ।

# ਮਾਤਾ ਲਾਜਵੰਤੀ ਸ਼ਰਮਾ ਨਮਿਤ ਸਰਧਾਂਜਲੀ ਸਮਾਗਮ













**ਬਠਿੰਡਾ (ਗੁਰਬਾਜ ਗਿੱਲ)–** ਪਿੰਡ ਲੰਘੇਆਣਾ ਕਲਾਂ ਦੇ ਵਾਸੀ ਪੰਡਤ ਹੰਸ ਰਾਮ ਦੀ ਭੈਣ ਅਤੇ ਕਸਬਾ ਨੱਥੂਵਾਲਾ ਗਰਬੀ ਤੋਂ ਅਜੀਤ ਦੇ ਪੱਤਰਕਾਰ ਅਤੇ ਉੱਘੇ ਵਿਅੰਗਕਾਰ ਡਾ. ਸਾਧੂ ਰਾਮ ਲੰਘੇਆਣਾ ਅਤੇ ਸਤਨਾਮ ਸ਼ਰਮਾ ਦੇ ਭੂਆ ਜੀ ਬੀਬੀ ਲਾਜਵੰਤੀ ਸ਼ਰਮਾ ਦੇ ਨਮਿਤ ਸਰਧਾਂਜਲੀ ਸਮਾਗਮ ਹੋਇਆ। ਇਸ ਮੌਕੇ ਭਾਈ ਸਾਧੂ ਸਿੰਘ ਧੰਮੂ ਧੂਰਕੋਟ ਵਾਲਿਆਂ ਦੇ ਰਾਗੀ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਇਸ ਤੋਂ ਉਪਰੰਤ ਵਿਧਾਇਕ ਦਰਸ਼ਨ ਸਿੰਘ ਬਰਾੜ ਹਲਕਾ ਬਾਘਾ ਪੁਰਾਣਾ, ਜਗਸੀਰ ਸਿੰਘ ਬਰਾੜ ਐਮ. ਸੀ. ਬਾਘਾ ਪੁਰਾਣਾ, ਸਾਹਿਤਕਾਰ ਅਸ਼ੋਕ ਚੁਟਾਨੀ, ਗਿਆਨੀ ਸਾਧੂ ਸਿੰਘ ਲੰਘੇਆਣਾ ਅਤੇ ਗਿਆਨੀ ਸੁਰਜੀਤ ਸਿੰਘ ਵੱਲੋਂ ਬੀਬੀ ਲਾਜਵੰਤੀ ਸ਼ਰਮਾ ਨੂੰ ਸਰਧਾਂ ਦੇ ਫੁੱਲ ਅਰਪਿਤ ਕੀਤੇ ਗਏ। ਇਸ ਮੌਕੇ ਬ੍ਰਾਹਮਣ ਸਭਾ ਪੰਜਾਬ ਦੇ ਚੇਅਰਮੈਨ ਪੰਡਤ ਖਣਮੱਖ ਭਾਰਤੀ ਪੱਤੋਂ, ਜਥੇਦਾਰ ਤੀਰਥ ਸਿੰਘ ਮਾਹਲਾ, ਚੇਅਰਮੈਨ ਹਰਭਜਨ ਸਿੰਘ ਬਰਾੜ, ਸੁਰਜੀਤ ਸ਼ਤਾਬ ਲੰਡੇ, ਟਰਾਂਸਪੋਰਟਰ ਗੁਰਤੇਜ ਸਿੰਘ ਨੱਥੂਵਾਲਾ, ਗੁਰਜੰਟ ਸਿੰਘ ਪੰਪ ਵਾਲੇ, ਆਤਮਾ ਸਿੰਘ ਫੌਜੀ, ਮੇਜਰ ਸਿੰਘ ਬਰਾੜ, ਸਰਪੰਚ ਸੁਖਦੇਵ ਸਿੰਘ, ਸਾਬਕਾ ਸਰਪੰਚ ਜੋਗਿੰਦਰ ਸਿੰਘ, ਪ੍ਰਧਾਨ ਜਗਰੂਪ ਸਿੰਘ, ਜੈਲਦਾਰ ਸਾਧੂ ਸਿੰਘ, ਮੰਗਤ ਰਾਏ ਸ਼ਰਮਾ, ਪੰਡਤ ਸੋਮ ਨਾਥ ਰੋਡੇ, ਕਾਨੂੰਗੋ ਗੁਰਮੀਤ ਸਿੰਘ ਫਰੀਦਕੋਟ, ਲਛਮਣ ਲੰਡੇ, ਜਸਵੀਰ ਭਲੂਰੀਆ, ਲਖਵੀਰ ਕੋਮਲ, ਸੁਰਿੰਦਰ ਦਿਉਲ, ਰਾਜਵੀਰ ਭਲੂਰੀਆ, ਪ੍ਰਿੰਸੀਪਲ ਕਪਤਾਨ ਸਿੰਘ, ਕਮਲਜੀਤ ਭੋਲਾ ਲੰਡੇ, ਜਸਕਰਨ ਲੰਡੇ, ਗੁਰਮੇਜ ਸਿੰਘ ਗੇਜਾ, ਜਰਨੈਲ ਸਿੰਘ ਲੰਘੇਆਣਾ ਮੈਂਬਰ ਜਿਲ੍ਹਾਂ ਪ੍ਰੀਸ਼ਦ, ਗਮਦੂਰ ਸਿੰਘ, ਸਤਵੰਤ ਸਿੰਘ, ਨੰਬਰਦਾਰ ਕੁਲਦੀਪ ਸਿੰਘ, ਨੰਬਰਦਾਰ ਹਰਦੇਵ ਸਿੰਘ, ਬਲਵੰਤ ਸਿੰਘ, ਮੱਖਣ ਸਿੰਘ ਮੁਨੀਮ ਫਾਰਮ, ਪੰਮਾ ਸੇਖਾ, ਮਲਕੀਤ ਚੰਦ, ਪ੍ਰਧਾਨ ਅਮਰਜੀਤ ਸਿੰਘ, ਅਮਨਪ੍ਰੀਤ ਸਿੰਘ, ਮਾਘ ਸਿੰਘ, ਗੁਰਚਰਨ ਸਿੰਘ ਨਿੰਮ ਵਾਲਾ, ਠਾਣਾ ਸਿੰਘ, ਰਾਮ ਸਿੰਘ, ਜਸਰਾਜ ਸਿੰਘ, ਗੁਰਤੇਜ ਸਿੰਘ ਬਰਾੜ ਕੰਪਿਊਟਰ ਅਪਰੇਟਰ, ਕ੍ਰਿਸ਼ਨ ਸਿੰਗਲਾ ਪੱਤਰਕਾਰ ਅਤੇ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਤੇ ਹੋਰ ਵੀ ਬਹੁਤ ਸਾਰੇ ਸੋਕ ਸੁਨੇਹੇ ਹਾਜ਼ਰ ਸਨ।


A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431

649 W. Elkhorn Blvd. Suite B2

Rio Linda, CA 95673

Amarjit Sandhu



## Matrimonial

ਰਵਿਦਾਸੀਆ ਭਾਈਚਾਰੇ ਨਾਲ ਸਬੰਧਤ ਇੰਡੀਆ ਵਿਚ ਜਨਮਿਆ ਲੜਕਾ, ਉਮਰ 29 ਸਾਲ, ਯੂ. ਐਸ. ਏ. ਸਿਟੀਜ਼ਨ, ਕੱਦ 5 ਫੁੱਟ 8 ਇੰਚ, ਯੂਨੀਵਰਸਿਟੀ ਆਫ ਕੈਲੇਫੋਰਨੀਆ ਤੋਂ ਬਾਇਓਲਾਜੀ, ਲੋਕਲ ਗੌਰਮਿੰਟ ਵਿਚ ਸਰਵਿਸ, ਬੇ-ਏਰੀਆ ਵਿਚ ਰਹਿੰਦੇ ਲੜਕੇ ਲਈ ਪੜ੍ਹੀ-ਲਿਖੀ ਅਮਰੀਕਾ ਵਿਚ ਰਹਿੰਦੀ ਲੜਕੀ ਦੀ ਲੋੜ ਹੈ। **ਸੰਪਰਕ ਕਰੋ ਫੋਨ ਜਾਂ ਵਟਸਅਪ: 510 8625488**


# ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ 1 ਜੂਨ ਨੂੰ



ਜਲ੍ਹਿਆਂ ਵਾਲੇ ਬਾਗ ਵਿਚ ਬਰਤਾਨਵੀ ਸਰਕਾਰ ਦੇ ਬੁੱਚੜ ਜਨਰਲ ਡਾਇਰ ਵੱਲੋਂ ਵਰਤਾਏ ਖ਼ੂਨੀ ਕਾਂਡ ਨੂੰ ਸੌ ਵਰ੍ਹਿਆਂ ਤੋਂ ਵੁਪਰ ਦਾ ਸਮਾਂ ਹੋ ਗਿਆ ਹੈ। ਦੁਨੀਆਂ ਭਰ ਵਿਚ ਉਹਨਾਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਸੌ ਸਾਲਾ ਵਰ੍ਹੇਗੰਢ ਮਨਾਈ ਜਾ ਰਹੀ ਹੈ।

ਗਦਰੀ ਬਾਬਿਆਂ ਦੀ ਪੈਰੋਕਾਰ ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵੱਲੋਂ ਗਦਰ ਮੈਮੋਰੀਅਲ ਹਾਲ ਸਾਨ ਫਰਾਂਸਿਸਕੋ 5 ਵੁੱਡ ਸਟਰੀਟ ਤੇ 1 ਜੂਨ 2019 ਦਿਨ ਸ਼ਨਿਚਰਵਾਰ ਨੂੰ ਸ਼ਰਧਾਂਜਲੀ ਸਮਾਰੋਹ ਕੀਤਾ ਜਾ ਰਿਹਾ ਹੈ। ਅਸੀਂ ਸਮੁੱਚੇ ਦੇਸ਼ ਭਗਤਾਂ ਨੂੰ ਯਾਦ ਕਰਨ ਵਾਲੇ ਵਿਅਕਤੀਆਂ, ਪਰਿਵਾਰਾਂ ਅਤੇ ਸਮੂਹ ਜਥੇਬੰਦੀਆਂ ਨੂੰ ਸ਼ਰਧਾਂਜਲੀ ਸਮਾਰੋਹ ਵਿਚ ਸ਼ਾਮਲ ਹੋਣ ਦੀ ਅਪੀਲ ਕਰਦੇ ਹਾਂ।

1 ਜੂਨ ਦਿਨ ਸ਼ਨਿਚਰਵਾਰ ਦੁਪਹਿਰ 12 ਵਜੇ ਤੋਂ ਸ਼ਾਮ 3 ਵਜੇ ਤੱਕ ਵੱਖ ਵੱਖ ਬੁਲਾਰਿਆਂ ਵੱਲੋਂ ਇਸ ਨਰਸੰਹਾਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਜਾਣਗੀਆਂ। ਹੋਰ ਜਾਣਕਾਰੀ ਲਈ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ 916-420-2390 ਜਾਂ ਸਕੱਤਰ ਗਿਆਨ ਸਿੰਘ ਬਿਲਗਾ ਨਾਲ 661-397-7330 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੜਕ ਹਾਦਸੇ ਵਿਚ ਭਾਰਤੀ ਮੂਲ ਦੇ ਦੋ ਅਮਰੀਕੀ ਨੌਜਵਾਨਾਂ ਦੀ ਮੌਤ, ਤੀਜਾ ਜ਼ਖਮੀ



**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਇੰਡੀਆਨਾ ਵਿਚ ਕਾਰ ਸਵਾਰ ਭਾਰਤੀ ਮੂਲ ਦੇ ਦੋ ਅਮਰੀਕੀ ਨੌਜਵਾਨਾਂ ਦੀ ਉਸ ਵੇਲੇ ਮੌਤ ਹੋ ਗਈ, ਜਦੋਂ ਉਹਨਾਂ ਦੀ ਕਾਰ ਇਕ ਦਰੱਖਤ ਨਾਲ ਟਕਰਾਅ ਗਈ। ਹਾਦਸੇ ਵਿਚ ਇਕ ਹੋਰ ਨੌਜਵਾਨ ਜ਼ਖਮੀ ਹੋ ਗਿਆ। ਮ੍ਰਿਤਕਾਂ ਦੀ ਪਛਾਣ ਵਰੁਣਦੀਪ ਸਿੰਘ ਵੜਿੰਗ (19) ਤੇ ਦਵਨੀਤ ਸਿੰਘ ਚਾਹਲ (22) ਵਜੋਂ ਹੋਈ ਹੈ। ਇਹ ਦੋਵੇਂ ਇੰਡੀਆਨਾਪੋਲਿਸ ਦੇ ਨੀਮ ਸ਼ਹਿਰ ਫਿਸ਼ਰਜ਼ ਦੇ ਵਸਨੀਕ ਸਨ। ਦੱਸਿਆ ਜਾਂਦਾ ਹੈ ਕਿ ਤੇਜ਼ ਰਫਤਾਰ ਹੋਣ ਕਾਰਨ ਹਾਦਸਾ ਵਾਪਰਿਆ। ਇਸ ਹਾਦਸੇ ਵਿਚ ਜ਼ਖਮੀ ਹੋਏ ਤੀਜੇ ਨੌਜਵਾਨ ਗੁਰਜੋਤ ਸਿੰਘ ਸੰਧੂ (20) ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਅਨੁਸਾਰ ਕਾਰ ਦਵਨੀਤ ਸਿੰਘ ਚਲਾ ਰਿਹਾ ਸੀ ਤੇ ਉਸ ਦੇ ਬੈਲਟ ਨਹੀਂ ਸੀ ਪਹਿਨੀ ਹੋਈ।

# ਪੰਜਾਬੀ ਭਵਨ ਵਿਖੇ ਸਾਹਿਤਕ ਸਮਾਗਮ ਵਿੱਚ "ਜਸਟ ਪੰਜਾਬੀ" ਮੈਗਜ਼ੀਨ ਕੀਤਾ ਲੋਕ ਅਰਪਣ



**ਬਠਿੰਡਾ (ਗੁਰਬਾਜ ਗਿੱਲ)–** ਸਵਰਾਜ ਸਾਹਿਤ ਸਭਾ ਤਲਵਣ ਵੱਲੋਂ ਰੋਸ਼ਨ ਕਲਾ ਕੇਂਦਰ, ਪਰਮਦੀਪ ਸਿੰਘ ਦੀਪ ਯਾਦਗਾਰੀ ਵੈਲਫੇਅਰ ਸੁਸਾਇਟੀ ਲਧਿਆਣਾ ਅਤੇ ਪੰਜਾਬੀ ਲੇਖਕ ਕਲਾਕਾਰ ਸੁਸਾਇਟੀ ਲੁਧਿਆਣਾ ਦੇ ਸਹਿਯੋਗ ਨਾਲ, ਮਾਤਾ ਸਵਰਾਜ ਕੌਰ ਦੀਆ ਪਾਵਨ ਅਸੀਸਾਂ ਦੇ ਸਦਕਾ ਪੰਜਾਬੀ ਸਾਹਿਤ ਖੇਤਰ ਵਿੱਚ ਆਪਣੀਆ ਵਿਲੱਖਣ ਪੈੜ੍ਹਾਂ ਪਾਉਣ ਵਾਲੀ ਸ਼ਾਇਰਾ ਦੀਪ ਲੁਧਿਆਣਵੀ ਦੀ ਕਾਵਿ-ਪੁਸਤਕ 'ਮੈਂ ਦੀਪਕ ਦੀ ਲੋਅ' ਉਤੇ ਵਿਚਾਰ ਚਰਚਾ ਅਤੇ ਕਵੀ ਦਰਬਾਰ ਪੰਜਾਬੀ ਭਵਨ ਲੁਧਿਆਣਾ ਵਿਖੇ ਕਰਵਾਇਆ ਗਿਆ।

ਜਿਸ ਵਿੱਚ ਕਲਾ ਅਤੇ ਵੱਖ-ਵੱਖ ਸੰਗੀਤਕ ਖੇਤਰ ਨਾਲ ਜੁੜੀਆ ਨਾਮਵਰ ਡੇਰਾ ਇਮਾਮਗੜ੍ਹ (ਮਲੇਰਕੋਟਲਾ) ਦੇ ਮੁੱਖ ਸੇਵਾਦਾਰ ਮਹੰਤ ਹਰਪਾਲ ਦਾਸ ਜੀ, ਪ੍ਰਸਿੱਧ ਗਾਇਕ ਪਾਲੀ ਦੇਤਵਾਲੀਆ, ਗਾਇਕਾ ਸਿਮਰਨ ਸਿੰਮੀ, ਅਲੀ ਬ੍ਰਦਰਜ਼, ਰੌਕੀ ਸਿੰਘ, ਬਲਜਿੰਦਰ ਬੈਂਸ, ਅਲਬੇਲਾ ਬ੍ਰਦਰਜ਼, ਪ੍ਰਸਿੱਧ ਗੀਤਕਾਰ ਕਿਰਪਾਲ ਮਾਹਣਾ, ਗੁਰਾਂਦਿੱਤਾ ਸਿੰਘ ਸੰਧੂ, ਉੱਘੇ ਸਾਹਿਤਕਾਰ ਗੁਰਦਿਆਲ ਰੋਸ਼ਨ, ਡਾ. ਗੁਰਚਰਨ ਕੌਰ ਕੋਚਰ, ਪ੍ਰਸਿੱਧ ਕਵੀ ਡਾ. ਹਰੀ ਸਿੰਘ ਜਾਚਕ, ਡੀ ਐਸ ਪੀ ਰਾਜ ਕੁਮਾਰ, ਕਰਮਜੀਤ ਕੰਮੋ ਦਿਓਣ ਐਲਨਾਬਾਦ, ਮਨਦੀਪ ਕੌਰ ਪ੍ਰੀਤ, ਸਤਪਾਲ ਚਾਹਲ, ਡਾ. ਜਸਮਲਕੀਤ ਕੈਨੇਡਾ, ਸੁਰਿੰਦਰ ਕੌਰ ਸੈਣੀ, ਹਰਦੇਵ ਇੰਸਾ ਹਮਦਰਦ, ਜਸਪਾਲ ਵਧਾਈਆ, ਬਿੱਕਰ ਮਾਣਕ, ਗੀਤਕਾਰ ਬਲਦੇਵ ਸਿੰਘ ਦੇਵ, ਐਮ ਲਾਈਵ ਟੀਵੀ ਦੇ ਸੰਚਾਲਕ ਜਗਦੇਵ ਟਹਿਣਾ, ਮਨਪ੍ਰੀਤ ਮਾਨ, ਹਰਪ੍ਰੀਤ ਰਾਣਾ, ਸਰਦੂਲ ਸਿੰਘ ਬਰਾੜ ਅਤੇ ਕੁਲਵੰਤ ਸਰੋਤਾ ਬਰੀਵਾਲਾ ਨੇ ਆਪਣੀ ਭਰਵੀ ਹਾਜ਼ਰੀ ਲੁਵਾਈ। ਇਸ ਮੌਕੇ ਬਠਿੰਡਾ ਤੋਂ ਛੱਪਦੇ ਮਾਸਿਕ ਮੈਗਜ਼ੀਨ ''ਜਸਟ ਪੰਜਾਬੀ'' ਨੂੰ ਵੀ ਲੋਕ ਅਰਪਣ ਕੀਤਾ ਗਿਆ।

# SRI GURU RAVIDASS SABHA PITTSBURG (CA)

## 2150 CRESTVIEW DRIVE, Pittsburg CA 94565 Tel: (925) 439-2355

### ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਮਈ-ਜੂਨ ਮਹੀਨੇ ਦੇ ਪ੍ਰੋਗਰਾਮ

***May 26, 2019 Sukhmani Sahib Path & Langar Sewa by Gurughar - OPEN***

***June 02, 2019***

***Sukhmani Sahib Path & Langar Sewa by Bhai Joginder Singh and Bibi Gurmeet Kaur***

*Sri Sukhmani Sahib Path and Langar Sewa will be hosted by Bhai Joginder Singh ji (Delhi Wale), Bibi Gurmeet Kaur and family in the loving memory of their parents. May Waheguru keep this family in Chardi Kala.*

***June 09, 2019***

***Sukhmani Sahib Path & Langar Sewa by Bibi Satya Dass***

*Waheguru has blessed Bibi Satya Dass with a granddaughter Sienna. Bibi Satya Dass along with Jagjit Singh, Sundeep Singh, Sonia Dass Hanson and Patrick Hanson will host Sri Sukhmani Sahib Path and Langar Sewa to thank Waheguru. May Waheguru bless Sienna with happy, healthy and long life..*

***June 16, 2019- College Graduation of Natasha Chbbara Celebreations***

***Bhai Kuldip Chhabra and Bibi Benu Chhabra***

*Sri Sukhmani Sahib Path and Langar Sewa will be hosted by Bhai Kuldip Chhabra and Bibi Benu Chhbara to celebrate graduation of their daughter Natasha Chhabra, she finished her degree "Bachelor of Science in Agriculture Technology Management. May Waheguru bless Natasha with higher education and great future..*

***June 23, 2019 Wedding Anniversary of Dalvir Kaur and Varinderjit Singh***

*Bhai Paras Ram, Bibi Jaswinder Kaur and family are celebrating wedding anniversary of their daughter Dalvir Kaur. Sri Sukhmani Sahib Path and Langar Sewa will be hosted by the family. May God Bless this couple with happy married life.*

***June 28-29-30, 2019 Pittsburg Gurughar's 34th Anniversary***

*Sri Guru Ravidass Temple Pittsburg's 34th anniversary will be celebrated on June 30, 2019. Akhand Path will start on Friday 6/28/19 at 10am and will be concluded with Bhog ceremony on Sunday 6/30/29. Path and Langar sewa will be hosted by Gurughar with the help and cooperation of entire Sangat. Entire Sangat is requested to attend the function.*

*Please contact Gurughar Commottee for STALLS or any sewa on this occasion.*

***"NANAK NAM CHARDI KALA TERE BHANE SARBAT DA BHALA***

***Please visit Gurughar website for information: WWW.SriGuruRavidassTemple.com***

***NOTE: Sewa is available for the dates with ***.***

***Please contact General Secretary at 209.834.4641 for more information.***

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Narinder Chahal |
| | 925-366-3618 | 408-460-0262 | 209-834-4641 | 209- 627-7974 |


# SKY TRANSPORT SOLUTIONS

## STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**2680 N TRACY BLVD, SUITE 4, TRACY, CA 95376**

# ਅਤਿਵਾਦੀਆਂ ਵੱਲੋਂ ਅਰੁਣਾਚਲ ਦੇ ਵਿਧਾਇਕ ਸਮੇਤ 11 ਵਿਅਕਤੀਆਂ ਦੀ ਹੱਤਿਆ

**ਈਟਾਨਗਰ–** ਅਰੁਣਾਚਲ ਪ੍ਰਦੇਸ਼ ਦੇ ਤਿਰਾਪ ਜ਼ਿਲ੍ਹੇ 'ਚ ਐੱਨਐੱਸਸੀਐੱਲ ਦੇ ਸ਼ੱਕੀ ਅਤਿਵਾਦੀਆਂ ਨੇ ਮੌਜੂਦਾ ਵਿਧਾਇਕ ਅਤੇ ਐੱਨਪੀਪੀ ਵਿਧਾਨ ਸਭਾ ਚੋਣਾਂ ਲਈ ਉਮੀਦਵਾਰ ਤਿਰੌਂਗ ਅਬੋਹ ਤੇ ਦਸ ਹੋਰ ਵਿਅਕਤੀਆਂ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ। ਮ੍ਰਿਤਕਾਂ 'ਚ ਵਿਧਾਇਕ ਦਾ ਪੁੱਤਰ ਤੇ ਸੁਰੱਖਿਆ ਕਰਮੀ ਵੀ ਸ਼ਾਮਲ ਹਨ।

ਪੁਲੀਸ ਨੇ ਦੱਸਿਆ ਕਿ ਖੌਂਸਾ ਪੱਛਮੀ ਹਲਕੇ ਤੋਂ ਵਿਧਾਇਕ 41 ਸਾਲਾ ਅਬੋਹ ਮੁੜ ਚੋਣਾਂ ਦੀ ਮੰਗ ਕਰ ਰਹੇ ਸਨ। ਮੁੱਢਲੀਆਂ ਰਿਪੋਰਟਾਂ 'ਚ ਦੱਸਿਆ ਗਿਆ ਸੀ ਕਿ ਇਸ ਹਮਲੇ 'ਚ ਸੱਤ ਵਿਅਕਤੀਆਂ ਦੀ ਮੌਤ ਹੋਈ ਹੈ, ਪਰ ਡੀਜੀਪੀ ਐੱਸਬੀਕੇ ਸਿੰਘ ਨੇ ਬਾਅਦ ਵਿੱਚ 11 ਮੌਤਾਂ ਦੀ ਪੁਸ਼ਟੀ ਕੀਤੀ। ਅਬੋਹ ਪਰਿਵਾਰ ਸਮੇਤ ਅਸਾਮ ਤੋਂ ਆਪਣੇ ਹਲਕੇ ਵੱਲ ਜਾ ਰਹੇ ਸੀ ਅਤੇ ਉਨ੍ਹਾਂ ਨਾਲ ਤਿੰਨ ਸੁਰੱਖਿਆ ਕਰਮੀ ਦੇ ਚੋਣ ਏਜੰਟ ਵੀ ਸੀ।

ਜ਼ਿਲ੍ਹੇ ਦੇ 12 ਮੀਲ ਇਲਾਕੇ 'ਚ ਸਵੇਰੇ 11.30 ਵਜੇ ਦੇ ਕਰੀਬ ਸ਼ੱਕੀ ਐੱਨਐੱਸਸੀਐੱਨ ਦੇ ਬਾਗੀਆਂ ਨੇ ਉਨ੍ਹਾਂ ਦੇ ਵਾਹਨ 'ਤੇ ਗੋਲੀਆਂ ਚਲਾ ਦਿੱਤੀਆਂ। ਇਸ ਹਾਦਸੇ 'ਚ ਗੰਭੀਰ ਜ਼ਖ਼ਮੀ ਹੋਏ ਇੱਕ ਸੁਰੱਖਿਆ ਅਫਸਰ ਨੂੰ ਡਿਬਰੂਗੜ੍ਹ ਦੇ ਹਸਪਤਾਲ ਦਾਖਲ ਕਰਵਾਇਆ ਗਿਆ ਜਦਕਿ ਵਿਧਾਇਕ ਤੇ ਦਸ ਹੋਰ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਇਸ ਘਟਨਾ 'ਤੇ ਦੁੱਖ ਜ਼ਾਹਿਰ ਕਰਦਿਆਂ ਸੂਬੇ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ ਕਿਹਾ ਕਿ ਇਸ ਘਟਨਾ ਲਈ ਜ਼ਿੰਮੇਵਾਰ ਬਖਸ਼ੇ ਨਹੀਂ ਜਾਣਗੇ। ਐੱਨਪੀਪੀ ਪ੍ਰਧਾਨ ਤੇ ਮੇਘਾਲਿਆ ਦੇ ਮੁੱਖ ਮੰਤਰੀ ਕਰਨਾਡ ਕੇ ਸੰਗਮਾ ਨੇ ਪ੍ਰਧਾਨ ਮੰਤਰੀ ਦਫ਼ਤਰ ਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਾਮਲੇ 'ਚ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸੇ ਦੌਰਾਨ ਅਰੁਣਾਚਲ ਪ੍ਰਦੇਸ਼ ਕਾਂਗਰਸ ਕਮੇਟੀ ਨੇ ਭਾਰਤੀ ਜਨਤਾ ਪਾਰਟੀ 'ਤੇ ਸੂਬੇ ਵਿੱਚ ਲਾਕਾਨੂੰਨੀ ਤੇ ਗੜਬੜੀ ਫੈਲਾਉਣ ਦੇ ਦੋਸ਼ ਲਗਾਏ। ਉਨ੍ਹਾਂ ਇਸ ਮਾਮਲੇ 'ਚ ਉੱਚ ਪੱਧਰੀ ਜੁਡੀਸ਼ਲ ਜਾਂਚ ਦੀ ਮੰਗ ਕਰਦਿਆਂ ਕਿਹਾ, 'ਮੁੱਖ ਮੰਤਰੀ ਪੇਮਾ ਖਾਂਡੂ ਤੇ ਉਸ ਦੀ ਭਾਜਪਾ ਸਰਕਾਰ ਸੂਬੇ 'ਚ ਵਿਗੜੀ ਅਮਨ ਕਾਨੂੰਨ ਦੀ ਹਾਲਤ ਲਈ ਜ਼ਿੰਮੇਵਾਰ ਹੈ।'

# ਲੋਕ ਸਭਾ ਦੇ ਨਤੀਜਿਆਂ ਤੋਂ ਬਾਅਦ ਪੰਜਾਬ ਵਿਚ ਵੱਧ ਸਕਦੀ ਹੈ ਖਾਨਾਜੰਗੀ

**ਚੰਡੀਗੜ੍ਹ–** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖੇਮੇ ਨੇ ਲੋਕ ਸਭਾ ਚੋਣਾਂ 'ਚ ਅਸਫ਼ਲਤਾ ਹੱਥ ਲੱਗਣ ਦੀ ਸੂਰਤ 'ਚ ਇਸ ਦਾ ਠੀਕਰਾ ਕੈਬਨਿਟ ਮੰਤਰੀ ਅਤੇ ਕਾਂਗਰਸ ਦੇ ਸਟਾਰ ਪ੍ਰਚਾਰਕ ਨਵਜੋਤ ਸਿੰਘ ਸਿੱਧੂ ਸਿਰ ਭੰਨ੍ਹਣ ਦੀ ਤਿਆਰੀ ਕਰ ਲਈ ਹੈ। ਕੈਪਟਨ ਅਮਰਿੰਦਰ ਸਿੰਘ ਤੋਂ ਇਲਾਵਾ ਚਾਰ ਕੈਬਨਿਟ ਮੰਤਰੀ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਸਿੱਧੂ ਦੀ ਬਿਆਨਬਾਜ਼ੀ ਨੇ ਕਾਂਗਰਸ ਦੇ ਅਕਸ ਨੂੰ ਧੁੰਦਲਾ ਕੀਤਾ ਹੈ ਤੇ ਚੋਣਾਂ ਵਿਚ ਨੁਕਸਾਨ ਪਹੁੰਚਾਇਆ ਹੈ।

ਪੰਜਾਬ ਕਾਂਗਰਸ ਦੀ ਚੋਣ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਤੇ ਸੀਨੀਅਰ ਕਾਂਗਰਸੀ ਆਗੂ ਲਾਲ ਸਿੰਘ ਨੇ ਕਿਹਾ ਹੈ ਕਿ ਕੈਬਨਿਟ ਮੰਤਰੀ ਸਿੱਧੂ ਨੇ ਵੋਟਾਂ ਪੈਣ ਤੋਂ ਦੋ ਦਿਨ ਪਹਿਲਾਂ ਬੇਲੋੜੀ ਅਤੇ ਬੇਮੌਕਾ ਬਿਆਨਬਾਜ਼ੀ ਕੀਤੀ ਜਿਸ ਨਾਲ ਪਾਰਟੀ ਨੂੰ ਨੁਕਸਾਨ ਪਹੁੰਚਿਆ ਹੈ। ਇਸ ਬਿਆਨਬਾਜ਼ੀ ਤੋਂ ਬਚਿਆ ਜਾ ਸਕਦਾ ਸੀ। ਉਨ੍ਹਾਂ ਕਿਹਾ ਕਿ ਸ੍ਰੀ ਸਿੱਧੂ ਨੂੰ ਪਾਰਟੀ ਵਿਚ ਸ਼ਾਮਲ ਹੋਇਆਂ ਨੂੰ 27-28 ਮਹੀਨੇ ਹੋ ਗਏ ਹਨ ਤੇ ਉਹ ਅਜੇ ਕਾਂਗਰਸ ਪਾਰਟੀ ਦੇ ਸਭਿਆਚਾਰ ਵਿਚ ਢਲ ਨਹੀਂ ਸਕੇ ਤੇ ਇਸੇ ਕਰਕੇ ਅਜਿਹੀ ਬਿਆਨਬਾਜ਼ੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਕੋਈ 'ਦੋਸਤਾਨਾ ਮੈਚ' ਨਹੀਂ ਹੈ ਤੇ ਕਾਂਗਰਸ ਬੇਅਦਬੀ ਦੇ ਮਾਮਲਿਆਂ ਬਾਰੇ ਪੂਰੀ ਗੰਭੀਰਤਾ ਨਾਲ ਕਾਰਵਾਈ ਕਰ ਰਹੀ ਹੈ ਤੇ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਵੀ ਗਈ ਹੈ। ਹੋਰ ਜਿਹੜੇ ਵੀ ਜ਼ਿੰਮੇਵਾਰ ਜਾਂਚ ਵਿਚ ਸਾਹਮਣੇ ਆ ਜਾਣਗੇ, ਉਨ੍ਹਾਂ ਵਿਰੁੱਧ ਵੀ ਤੇਜ਼ੀ ਨਾਲ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਇਸ ਬਿਆਨਬਾਜ਼ੀ ਤੋਂ ਬਾਅਦ ਸੂਬੇ ਦੀਆਂ 13 ਲੋਕ ਸਭਾ ਸੀਟਾਂ ਵਿੱਚੋਂ ਜੇਕਰ ਕੋਈ ਸੀਟ ਵਿਰੋਧੀ ਪਾਰਟੀਆਂ ਨੂੰ ਜਾਵੇਗੀ ਤਾਂ ਉਸ ਦੇ ਜ਼ਿੰਮੇਵਾਰ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਹੋਣਗੇ। ਇਹ ਪੁੱਛੇ ਜਾਣ 'ਤੇ ਕੀ ਉਨ੍ਹਾਂ ਵਿਰੁੱਧ ਕਾਰਵਾਈ ਕੌਣ ਕਰੇਗਾ ਤਾਂ ਉਨ੍ਹਾਂ ਕਿਹਾ ਕਿ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਹੀ ਕਰਨਗੇ। ਸੀਨੀਅਰ ਆਗੂ ਨੇ ਕਿਹਾ ਕਿ ਸਿੱਧੂ ਕਾਂਗਰਸ ਦੇ ਸਟਾਰ ਪ੍ਰਚਾਰਕ ਹਨ ਤੇ ਉਨ੍ਹਾਂ ਨੇ ਲੋਕ ਸਭਾ ਚੋਣਾਂ ਵਿਚ ਪੂਰੇ ਦੇਸ਼ ਵਿਚ ਪ੍ਰਚਾਰ ਕਰਕੇ ਬਹੁਤ ਵੱਡੀ ਜ਼ਿੰਮੇਵਾਰੀ ਨਿਭਾਈ ਹੈ ਤੇ ਇਸ ਲਈ ਉਨ੍ਹਾਂ ਨੂੰ ਅਨੁਸ਼ਾਸਨ ਵਿਚ ਰਹਿਣਾ ਚਾਹੀਦਾ ਸੀ।

ਉਹ ਆਪਣੀ ਗੱਲ ਬਠਿੰਡਾ ਚੋਣ ਰੈਲੀ ਵਿਚ ਕਹਿਣ ਦੀ ਬਜਾਏ ਪਾਰਟੀ ਦੇ ਹੋਰ ਅਦਾਰਿਆਂ ਵਿਚ ਕਹਿ ਸਕਦੇ ਸਨ। ਇਹ ਪੁੱਛੇ ਜਾਣ 'ਤੇ ਕਿ ਕੀ ਉਹ ਇਸ ਸਬੰਧੀ ਕੋਈ ਰਿਪੋਰਟ ਕਾਂਗਰਸ ਹਾਈ ਕਮਾਂਡ ਨੂੰ ਭੇਜਣਗੇ ਤਾਂ ਉਨ੍ਹਾਂ ਕਿਹਾ ਕਿ ਇਹ ਜ਼ਿੰਮੇਵਾਰੀ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦੀ ਹੈ।

## ਵ੍ਹਾਈਟ ਹਾਊਸ ਨੇ ਜਾਰੀ ਕੀਤਾ ਪੱਛਮੀ ਏਸ਼ੀਆ ਸ਼ਾਂਤੀ ਪਲਾਨ

**ਵਾਸ਼ਿੰਗਟਨ–** ਅਮਰੀਕੀ ਰਾਸ਼ਟਰਪਤੀ ਭਵਨ ਵ੍ਹਾਈਟ ਹਾਊਸ ਨੇ ਪੱਛਮੀ ਏਸ਼ੀਆ ਲਈ ਆਪਣੇ ਸ਼ਾਂਤੀ ਪਲਾਨ ਦਾ ਪਹਿਲਾ ਹਿੱਸਾ ਜਾਰੀ ਕੀਤਾ ਹੈ। ਇਸ ਵਿਚ ਵੈਸਟ ਬੈਂਕ ਅਤੇ ਗਾਜ਼ਾ ਸਮੇਤ ਖੇਤਰ 'ਚ ਨਿਵੇਸ਼ ਨੂੰ ਬੜ੍ਹਾਵਾ ਦੇਣ ਲਈ ਆਰਥਿਕ ਵਰਕਸ਼ਾਪ ਕਰਨ ਦੀ ਗੱਲ ਕੀਤੀ ਗਈ ਹੈ।

ਐਤਵਾਰ ਨੂੰ ਜਾਰੀ ਇਸ ਤਜਵੀਜ਼ ਤਹਿਤ ਬਹਿਰੀਨ ਦੀ ਰਾਜਧਾਨੀ ਮਨਾਮਾ 'ਚ 25 ਅਤੇ 26 ਜੂਨ ਨੂੰ ਵਰਕਸ਼ਾਪ ਲਗਾਈ ਜਾਵੇਗੀ। ਇਸ 'ਚ ਵਿਸ਼ਵ ਅਤੇ ਖੇਤਰੀ ਕਾਰੋਬਾਰੀਆਂ ਨਾਲ ਕਈ ਦੇਸ਼ਾਂ ਦੇ ਵਿੱਤ ਮੰਤਰੀ ਵੀ ਸ਼ਿਰਕਤ ਕਰਨਗੇ। ਇਹ ਪਲਾਨ ਵ੍ਹਾਈਟ ਹਾਊਸ ਦੇ ਸੀਨੀਅਰ ਸਲਾਹਕਾਰ ਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਜਵਾਈ ਜੇਰੇਡ ਕੁਸ਼ਨਰ ਤੇ ਪੱਛਮੀ ਏਸ਼ੀਆ 'ਚ ਅਮਰੀਕੀ ਦੂਤ ਜੇਸਨ ਗ੍ਰੀਨਬਲਾਟ ਦੀ ਅਗਵਾਈ 'ਚ ਤਿਆਰ ਕੀਤਾ ਗਿਆ ਹੈ। ਕੁਸ਼ਨਰ ਨੇ ਕਿਹਾ, 'ਇਹ ਅਜਿਹਾ ਉਤਸ਼ਾਹਜਨਕ ਅਤੇ ਅਸਲੀ ਰਸਤਾ ਪੇਸ਼ ਕਰੇਗਾ ਜਿਸਦੀ ਹਾਲੇ ਕੋਈ ਹੋਂਦ ਨਹੀਂ ਹੈ।'

**ਫਲਸਤੀਨ ਨੇ ਬੇਕਾਰ ਦੱਸਿਆ**

ਫਲਸਤੀਨ ਦੇ ਰਾਸ਼ਟਰਪਤੀ ਮੁਹੰਮਦ ਅੱਬਾਸ ਦੇ ਤਰਜਮਾਨ ਨਬੀਲ ਅਬੂ ਨੇ ਮਤੇ ਨੂੰ ਬੇਕਾਰ ਦੱਸਿਆ। ਉਨ੍ਹਾਂ ਕਿਹਾ, 'ਫਲਸਤੀਨੀ ਨਾਗਰਿਕ ਅਜਿਹਾ ਕੋਈ ਵੀ ਮਤਾ ਮਨਜ਼ੂਰ ਨਹੀਂ ਕਰਨਗੇ ਜਿਸ 'ਚ ਫਲਸਤੀਨ ਦੇ ਨਾਲ ਹੀ ਉਸ ਦੀ ਰਾਜਧਾਨੀ ਦੇ ਤੌਰ 'ਤੇ ਪੂਰਬੀ ਯੇਰੂਸ਼ਲਮ ਸ਼ਾਮਲ ਨਾ ਹੋਵੇ।

## ਇਸ ਵਾਰ ਕਈਆਂ ਲਈ ਮੁਸ਼ਕਿਲਾਂ ਖੜ੍ਹੀਆਂ ਕਰ ਸਕਦਾ ਹੈ ਸੰਗਰੂਰ ਸੀਟ ਦਾ ਨਤੀਜਾ

ਸੰਗਰੂਰ– ਸੰਗਰੂਰ ਲੋਕ ਸਭਾ ਸੀਟ ਦਾ ਨਤੀਜਾ ਕਈ ਉਮੀਦਵਾਰਾਂ 'ਤੇ ਭਾਰੀ ਪੈਣ ਵਾਲਾ ਹੈ। ਇਸ ਸੀਟ ਦੇ ਨਤੀਜੇ 'ਤੇ ਰਵਾਇਤੀ ਪਾਰਟੀਆਂ ਦੇ ਨਾਲ ਨਾਲ ਉਮੀਦਵਾਰਾਂ ਦਾ ਸਿਆਸੀ ਭਵਿੱਖ ਦਾਅ 'ਤੇ ਲੱਗਾ ਹੈ। ਫਰਸ਼ ਤੋਂ ਅਰਸ਼ ਤਕ ਕੌਣ ਪਹੁੰਚਦਾ ਹੈ, ਇਸ ਬਾਰੇ ਤਾਂ 23 ਮਈ ਨੂੰ ਪਤਾ ਚੱਲੇਗਾ ਪਰ ਇਸ ਸੀਟ 'ਤੇ ਹਾਰ ਨਾਲ ਕਈ ਉਮੀਦਵਾਰਾਂ ਦਾ ਸਿਆਸੀ ਸਫ਼ਰ ਖ਼ਤਮ ਹੋ ਸਕਦਾ ਹੈ।
ਸੂਬੇ ਦੀ ਸੱਤਾਧਾਰੀ ਕਾਂਗਰਸ ਨੇ ਸਾਬਕਾ ਵਿਧਾਇਕ ਤੇ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਬਰਨਾਲਾ ਹਲਕੇ ਤੋਂ ਹਾਰੇ ਕੇਵਲ ਸਿੰਘ ਢਿੱਲੋਂ ਨੂੰ ਟਿਕਟ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਦੇ ਬੇਹੱਦ ਨਜ਼ਦੀਕੀ ਮੰਨੇ ਜਾਂਦੇ ਸ੍ਰੀ ਢਿੱਲੋਂ ਨੇ 'ਵਿਕਾਸ' ਦੇ ਨਾਂਅ 'ਤੇ ਹਲਕੇ ਦੇ ਲੋਕਾਂ ਤੋਂ ਵੋਟ ਮੰਗੀ ਹੈ। ਉਨ੍ਹਾਂ ਮੌਜੂਦਾ ਸੰਸਦ ਮੈਂਬਰ ਭਗਵੰਤ ਮਾਨ 'ਤੇ ਹਲਕੇ ਲਈ ਕੋਈ ਵੱਡਾ ਪ੍ਰਾਜੈਕਟ ਨਾ ਲਿਆਉਣ ਦਾ ਦੋਸ਼ ਲਾਇਆ ਹੈ ਅਤੇ ਅਕਾਲੀਆਂ ਖ਼ਿਲਾਫ਼ 10 ਸਾਲ ਇਸ ਹਲਕੇ ਨੂੰ ਅਣਗੌਲਿਆ ਕਰਨ ਦੀ ਗੱਲ ਵੀ ਕੀਤੀ ਹੈ। ਮੁੱਖ ਮੰਤਰੀ ਦੀ ਨਿੱਜੀ ਪਸੰਦ ਕੇਵਲ ਢਿੱਲੋਂ ਜੇਕਰ ਚੋਣਾਂ ਵਿਚ ਕਾਮਯਾਬ ਨਹੀਂ ਹੁੰਦੇ ਹਨ ਤਾਂ ਉਨ੍ਹਾਂ ਲਈ ਸਰਗਰਮ ਰਾਜਨੀਤੀ ਕਰਨੀ ਬੇਹੱਦ ਔਖੀ ਹੋ ਜਾਵੇਗੀ। ਵਿਧਾਨ ਸਭਾ ਚੋਣਾਂ ਵਿਚ ਨਮੋਸ਼ੀ ਭਰੀ ਹਾਰ ਤੋਂ ਬਾਅਦ ਇਸ ਵਾਰ ਦੀ ਹਾਰ ਉਨ੍ਹਾਂ ਲਈ ਕਿਸੇ ਸਦਮੇ ਤੋਂ ਘੱਟ ਨਹੀਂ ਹੋਵੇਗੀ। ਹਲਕੇ ਦੇ ਮੌਜੂਦਾ ਸੰਸਦ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਭਗਵੰਤ ਮਾਨ ਲਈ ਇਹ ਨਿੱਜੀ ਜੰਗ ਦੇ ਨਾਲ ਨਾਲ ਸੂਬੇ 'ਚ ਪਾਰਟੀ ਨੂੰ ਬਚਾਉਣ ਦੀ ਕਵਾਇਦ ਵੀ ਹੈ।

ਐੱਮਪੀ ਫੰਡ ਵੰਡਣ ਅਤੇ ਸੰਸਦ ਅੰਦਰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਦਿਵਾਉਣ ਦੀ ਸ਼ੁਰੂਆਤ ਕਰਾਉਣ ਦਾ ਸਿਹਰਾ ਲੈ ਰਹੇ ਭਗਵੰਤ ਦਾ ਰਾਹ ਵੀ ਮੁਸ਼ਕਲਾਂ ਨਾਲ ਭਰਿਆ ਹੈ। ਭਗਵੰਤ ਦੀ ਹਾਰਨ ਦੀ ਸੂਰਤ ਵਿੱਚ ਨਾ ਸਿਰਫ਼ ਸੂਬੇ ਅੰਦਰ ਝਾੜੂ ਦੇ ਤੀਲੇ ਪੂਰੀ ਤਰ੍ਹਾਂ ਖਿੰਡ ਜਾਣਗੇ ਸਗੋਂ ਸ੍ਰੀ ਮਾਨ ਲਈ ਵੀ ਅੱਗੇ ਦੀ ਰਾਜਨੀਤੀ ਬੇਹੱਦ ਮੁਸ਼ਕਲ ਹੋ ਜਾਵੇਗੀ। ਢੀਂਡਸਾ ਪਰਿਵਾਰ ਦੀ ਰਾਜਨੀਤਕ ਵਿਰਾਸਤ ਨੂੰ ਅੱਗੇ ਲੈ ਕੇ ਜਾਣ ਦੇ ਜ਼ਿੰਮੇਵਾਰ ਅਕਾਲੀ ਉਮੀਦਵਾਰ ਪਰਮਿੰਦਰ ਸਿੰਘ ਢੀਂਡਸਾ ਲਈ ਵੀ ਇਸ ਵਾਰ ਦੇ ਨਤੀਜੇ ਬਹੁਤ ਮਾਅਨੇ ਰੱਖਦੇ ਹਨ।






# ਪਾਕਿਸਤਾਨ ਵਿੱਚ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਕੰਮ 70 ਫੀਸਦੀ ਪੂਰਾ



ਬਾਬਰ ਜਲੰਧਰੀ

ਪਾਕਿਸਤਾਨ ਸਰਕਾਰ ਵੱਲੋ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਕੰਮ ਵਿੱਚ ਤੇਜੀ ਲਿਆਂਦੀ ਜਾ ਰਹੀ ਹੈ ਜਿਸ ਸਬੰਧ ਵਿੱਚ ਕੁੱਝ ਤਸਵੀਰਾਂ ਸਾਹਮਣੇ ਆਈਆਂ ਹਨ ਪਾਕਿਸਤਾਨ ਲਾਹੌਰ ਤੋਂ ਬਾਬਰ ਜਲੰਧਰੀ ਨੇ ਜਾਣਕਾਰੀ ਦੇਦਿਆਂ ਦੱਸਿਆ ਕਿ ਰਾਵੀ ਦਰਿਆ ਤੇ ਪੁਲ ਬਣਾਏ ਜਾਣ ਦਾ ਕੰਮ ਅਤੇ ਉਸਾਰੀ ਦੇ ਬਾਕੀ ਕੰਮ 70 % ਪੂਰੇ ਕਰ ਲਏ ਗਏ ਹਨ ਭਾਰਤ ਪਾਕਿਸਤਾਨ ਦੇ ਨਾਲ ਸੜਕ ਅਤੇ ਗੁਰਦੁਆਰਾ ਸਾਹਿਬ ਦੇ ਨਜਦੀਕ ਸਰਾਂਵਾ ਬਣਾਈਆਂ ਜਾ ਰਹੀਆ ਹਨ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਵਿੱਚ ਤਿੰਨ ਖੂਹ ਹਨ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਮੇਨ ਗੇਟ ਦੇ ਕੋਲ 50 ਸਾਲਾ ਖੂਹ ਹੈ ਅਤੇ ਗੋਲੇ ਵਾਲਾ ਖੂਹ ਅਤੇ ਦੋ ਹੋਰ ਖੂਹ ਹਨ ਇਹਨਾ ਸੱਭ ਨੂੰ ਇਕੱਠੇ ਕਰ ਦਿੱਤਾ ਗਿਆ ਹੈ ਅਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਆਸ ਪਾਸ ਵੱਡੇ ਪੱਧਰ ਤੇ ਰੁੱਖ ਵੀ ਲਗਾਏ ਜਾ ਰਹੇ ਹਨ ਤਾਂ ਕਿ ਹਰਿਆਲੀ ਦਾ ਵੀ ਖਾਸ ਪ੍ਰਬੰਧ ਹੋਵੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਆਈ ਸਿੱਖ ਸੰਗਤ ਨੂੰ ਕੋਈ ਵੀ ਪ੍ਰੇਸ਼ਾਨੀ ਨਾ ਆਵੇ ਇਸ ਵਾਸਤੇ ਪਾਕਿਸਤਾਨ ਸਰਕਾਰ ਵੱਲੋਂ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ।











**ਕਰਤਾਰਪੁਰ ਸਾਹਿਬ ਕਾਰੀਡੋਰ ਦਾ ਕੰਮ ਤੇਜ਼ੀ ਨਾਲ ਮੁਕੰਮਲ ਹੋਣ ਜਾ ਰਿਹਾ ਹੈ। ਇਸ ਲਈ ਭਾਰਤ, ਪਾਕਿਸਤਾਨ ਸਰਕਾਰਾਂ ਅਤੇ ਸਮੁੱਚਾ ਸਿੱਖ ਜਗਤ ਵਧਾਈ ਦਾ ਪਾਤਰ ਹੈ। ਆਸ ਕਰਦੇ ਹਾਂ ਕਿ ਬਹੁਤ ਜਲਦੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਰਮ ਭੂਮੀ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕਰਨ ਦਾ ਸਮੂਹ ਸਿੱਖ ਕੌਮ ਨੂੰ ਮਾਣ ਪ੍ਰਾਪਤ ਹੋਵੇਗਾ। ਬੋਪਾਰਾਏ ਬ੍ਰਦਰਜ਼ ਵੱਲੋਂ ਲੱਖ-ਲੱਖ ਵਧਾਈ।**



ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਦੇ 11ਵੇਂ ਸਾਲਾਨਾ ਸਮਾਗਮ ਮੌਕੇ ਬੋਪਾਰਾਏ ਭਰਾਵਾਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਅਹੁਦੇਦਾਰ



**Boparai Brothers: J.S. Boparai, G.S. Boparai, M.S. Boparai & D.S. Boparai**

# ਸੈਕਰਾਮੈਂਟੋ ਪੀ.ਸੀ.ਐਸ. ਦੇ 30ਵੇਂ ਸਭਿਆਚਾਰਕ ਮੇਲੇ ਨੇ ਵਿਲੱਖਣ ਪੈੜਾਂ ਪਾਈਆਂ

## 300 ਕਲਾਕਾਰਾਂ ਨੇ ਲਿਆ ਭਾਗ






















ਸੈਕਰਾਮੈਂਟੋ ਪੀ. ਸੀ. ਐਸ. ਵੱਲੋਂ ਇੱਥੇ ਲੰਘੀ 18 ਮਈ ਦਿਨ ਸ਼ਨਿਚਰਵਾਰ ਨੂੰ ਕਰਵਾਏ ਗਏ 30ਵੇਂ ਸਭਿਆਚਾਰਕ ਮੇਲੇ 'ਚ ਪਹੁੰਚੇ ਕਲਾਕਾਰਾਂ, ਦਰਸ਼ਕਾਂ ਦੇ ਉਤਸ਼ਾਹ ਨੂੰ ਦੇਖ ਕੇ ਧਨੀ ਰਾਮ ਚਾਤ੍ਰਿਕ ਦਾ ਬੰਦ ਯਾਦ ਆਉਂਦਾ ਹੈ 'ਤੂੜੀ ਤੰਦ ਹਾੜੀ ਸਾਉਣੀ ਵੇਚ ਵੱਟ ਕੇ, ਲੰਬੜਾਂ ਤੇ ਸਾਹਾਂ ਦਾ ਹਿਸਾਬ ਕੱਟ ਕੇ, ਕੱਛੇ ਮਾਰ ਵੰਝਲੀ ਆਨੰਦ ਛਾ ਗਿਆ, ਮਾਰਦਾ ਦਮਾਮੇ ਜੱਟ ਮੇਲੇ ਆ ਗਿਆ'। ਪਰਿਵਾਰਕ ਮੇਲੇ ਵਜੋਂ ਜਾਣੇ ਜਾਂਦੇ ਇਸ ਮੇਲੇ ਨੇ ਆਪਣੀ ਰਵਾਇਤੀ ਸ਼ਾਨੋ-ਸ਼ੌਕਤ ਨੂੰ ਬਰਕਰਾਰ ਰੱਖਦਿਆਂ ਜਿੱਥੇ ਦਰਸ਼ਕਾਂ ਦੀ ਗਿਣਤੀ ਦਾ ਘੇਰਾ ਵਧਾਇਆ, ਉੱਥੇ ਨਾਲ ਦੀ ਨਾਲ ਪੰਜਾਬੀ ਸਭਿਆਚਾਰ ਦੇ ਮੇਚ ਦਾ ਮਨੋਰੰਜਨ ਵੀ ਪੇਸ਼ ਕੀਤਾ।

ਮਿੱਥੇ ਸਮੇਂ ਅਨੁਸਾਰ ਇਸ ਮੇਲੇ ਦੀ ਸ਼ੁਰੂਆਤ ਨੰਨੇ ਮੁੰਨੇ ਬੱਚਿਆਂ ਨੇ ਪੰਜਾਬੀ ਗੀਤ ਦੇ ਢੋਲ ਦੇ ਡੱਗੇ ਨਾਲ ਕੀਤਾ। ਇਸ ਮੇਲੇ ਵਿਚ 26 ਟੀਮਾਂ ਨੇ ਭਾਗ ਲਿਆ। ਇਹ ਟੀਮਾਂ ਵਰਿੰਦਰ ਫਰਵਾਲਾ, ਅੰਮ੍ਰਿਤ ਫਰਵਾਲਾ, ਪਰਨੀਤ, ਹਰਵੀ, ਰੋਜ਼ੀ ਸੰਧੂ ਸਿਮਰਨ, ਦਲਜੀਤ ਅਮਨ, ਅਮ੍ਰਿਤਾ, ਸਬਨੀਤ ਤੇ ਸਨਜੋਤ ਕੌਰ ਤੇ ਪਰਦੀਪ ਪੁਰੀ ਵੱਲੋਂ ਤਿਆਰ ਕੀਤੀਆਂ ਨੇ ਭਾਗ ਲਿਆ। ਹਰ ਇਕ ਟੀਮ ਦਾ ਇਕੋ ਹੀ ਮਕਸਦ ਸੀ ਕਿ ਆਪਣੇ ਸਭਿਆਚਾਰਕ ਗੀਤਾਂ ਦੇ ਰਾਹੀਂ, ਡਾਂਸ ਰਾਹੀ ਰੰਗ ਬਿਰੰਗੀਆਂ ਪੁਸ਼ਾਕਾਂ ਦੇ ਰਾਹੀਂ ਪੇਸ਼ ਕੀਤਾ। ਪੀ. ਸੀ. ਐਸ. ਵੱਲੋਂ ਪੇਸ਼ ਕੀਤਾ ਗਿਆ ਗਿੱਧਾ ਇਕ ਵੱਖਰੀ ਹੀ ਛਾਪ ਛੱਡ ਗਿਆ। ਹਰਵੀ ਦੇ ਵੱਲੋਂ ਤਿਆਰ ਕੀਤਾ ਗਿੱਧਾ ਵੀ ਇਕ ਵੱਖਰੀ ਹੀ ਪੇਸ਼ਕਾਰੀ ਸੀ। ਪਰਨੀਤ ਦੇ ਦੁਆਰਾ ਤਿਆਰ ਕੀਤੀ ਬੱਚਿਆਂ ਦੀ ਇਕ ਵੱਖਰੀ ਦੇਣ ਸੀ ਸਭਿਆਚਾਰ ਨੂੰ।

ਤੇ ਫਿਰ ਦੌਰ ਸ਼ੁਰੂ ਹੋਇਆ ਗੀਤ ਸੰਗੀਤ, ਜਿਸ ਵਿਚ ਪੂਨਮ ਜੀ ਨੇ ਇਕ ਲੋਕ ਗੀਤ ਘੜਿਆ ਪਾਰ ਲੰਘਾਦੇ ਵੇ ਮਿੰਨਤਾਂ ਤੇਰੀਆਂ ਕਰਦੀ। ਤੇ ਫਿਰ ਹਾਲ 'ਚੋਂ ਬੈਠੇ ਸਰੋਤਿਆਂ ਦੀ ਫਰਮਾਇਸ਼ ਤੇ ਇਕ ਡਿਊਟ ਪੇਸ਼ ਕੀਤਾ ਗਿਆ ਜੋ ਰਸ਼ਪਾਲ ਫਰਵਾਲਾ ਤੇ ਪੂਨਮ ਜੀ ਨੇ ਮਲਕੀਮਾ ਲੋਕ ਗਾਧਾ ਗਾ ਕੇ ਲੋਕਾਂ ਦਾ ਮਨੋਰੰਜਨ ਕੀਤਾ ਜੋ ਕਿ ਇਕ ਵੱਖਰੀ ਕਿਸਮ ਦੀ ਪੇਸ਼ਕਸ਼ ਸੀ, ਜਿਹੜਾ ਕਿ ਲੋਕਾਂ ਨੇ ਬਹੁਤ ਹੀ ਪਸੰਦ ਕੀਤਾ, ਜਿਵੇਂ ਕੋਈ ਦੋਗਾਣਾ ਜੋੜੀ ਇੰਡੀਆ ਤੋਂ ਸੱਦੀ ਹੋਵੇ।

ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਸੁਸਾਇਟੀ ਵੱਲੋਂ ਦੋ ਬੱਚੀਆਂ ਨੂੰ ਸਨਮਾਨਿਤ ਕੀਤਾ ਗਿਆ। ਹਰਵੀ ਤੇ ਸਿਮਰਨ। ਇਕ ਵਿਆਹ ਦੇ ਮੇਲ ਦਾ ਆਉਣਾ ਤੇ ਗਿੱਧਾ ਪਾਉਣਾ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਵਾਹ-ਵਾਹ ਕਰਨ ਲਾ ਦਿੱਤਾ। ਗੱਲ ਕੀ ਮੈਂ ਬਹੁਤ ਕਲੇਮ ਨਾਲ ਪੇਸ਼ ਨਹੀਂ ਕਰ ਸਕਦਾ, ਜਿਹਨਾਂ ਮੇਰੀਆਂ ਅੱਖਾਂ ਨੇ ਆਨੰਦ

(ਬਾਕੀ ਅਗਲੇ ਸਫੇ 'ਤੇ)

# ਸੈਕਰਾਮੈਂਟੋ ਪੀ.ਸੀ.ਐਸ.ਦੇ 30ਵੇਂ ਸਭਿਆਚਾਰਕ ਮੇਲੇ ਨੇ ਵਿਲੱਖਣ ਪੈੜਾਂ ਪਾਈਆਂ



ਮਾਣਿਆ। ਹਰ ਇਕ ਇਹ ਗੱਲ ਆਖ ਰਿਹਾ ਸੀ, ਜੇ ਮੇਲੇ ਹੋਣੇ ਚਾਹੀਦੇ ਹਨ ਤਾਂ ਇਸ ਤਰ੍ਹਾਂ ਹੋਣੇ ਚਾਹੀਦੇ ਹਨ। ਸਾਡੇ ਹੀ ਬੱਚੇ ਸਟੇਜ 'ਤੇ ਅੱਗੇ ਪਰਿਵਾਰ ਬੈਠ ਕੇ ਅਨੰਦ ਮਾਣ ਰਿਹਾ ਹੋਵੇ। ਹੋਰ ਕੀ ਚਾਹੀਦਾ ਹੈ।

ਇਹ ਮੇਲਾ 3 ਵਜੇ ਤੋਂ ਸ਼ੁਰੂ ਹੋ ਕੇ 8 ਵਜੇ ਤੱਕ ਲਗਾਤਾਰ ਮਨੋਰੰਜਨ ਕਰਦਾ ਰਿਹਾ। ਜਸਵੰਤ ਸ਼ਾਦ ਜੀ ਨੇ ਇਸ ਸਟੇਜ ਨੂੰ ਬਹੁਤ ਹੀ ਬਾਖੂਬੀ ਦੇ ਨਾਲ ਨਿਭਾਇਆ। ਮਨਦੀਪ ਫਰਵਾਲਾ ਨੇ ਵੀ ਸਟੇਜ ਤੇ ਸਾਥ ਦਿੱਤਾ। ਮੇਲਾ ਪ੍ਰਬੰਧਕਾਂ ਵੱਲੋਂ ਅਖੀਰ ਵਿਚ ਕਲਾਕਾਰਾਂ ਨੂੰ ਉਤਸ਼ਾਹ ਕਰਨ ਲਈ ਇਨਾਮ ਵੰਡੇ ਗਏ।

ਮੇਲੇ ਦੀ ਸਫਲਤਾ ਤੋਂ ਬਾਗੋ-ਬਾਗ ਹੋਏ ਸ. ਰਸ਼ਪਾਲ ਸਿੰਘ ਫਰਵਾਲਾ ਨੇ ਆਏ ਦਰਸ਼ਕਾਂ, ਸਪਾਸਰਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਦੀ ਆਸ ਕੀਤੀ। ਅਸੀਂ ਮੀਡੀਆ ਭਾਈਚਾਰੇ ਦਾ ਵੀ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਇਸ ਮੇਲੇ ਦੀ ਆਵਾਜ਼ ਨੂੰ ਘਰ-ਘਰ ਪਹੁੰਚਾਉਣ ਵਿਚ ਮਦਦ ਕੀਤੀ।

ਮਿਊਜ਼ਿਕ ਦੀ ਸੇਵਾ ਬੱਗਾ ਤੇ ਸਾਥੀਆਂ ਵੱਲੋਂ ਕੀਤੀ ਗਈ। ਬਾਹਰ ਲੱਗੇ ਫੂਡ ਦੇ ਸਟਾਲਾਂ ਵਾਲਿਆਂ ਦਾ ਵੀ ਧੰਨਵਾਦ ਕਰਦੇ ਹਾਂ, ਜਿਹਨਾਂ ਦੇ ਸਵਾਦੀ ਖਾਣਿਆਂ ਦੀ ਮਹਿਕ ਦੂਰ-ਦੂਰ ਤੱਕ ਗਈ। ਸ਼ਾਦ ਦਾ ਬਹੁਤ-ਬਹੁਤ ਧੰਨਵਾਦ ਜਿਹਨਾਂ ਨੇ ਸਟੇਜ ਬਾਖੂਬੀ ਨਾਲ ਨਿਭਾਈ।

ਸਾਰੇ ਕਮੇਟੀ ਮੈਂਬਰਾਨ ਤੀਰਥ ਸਹੋਤਾ, ਪ੍ਰੇਮ ਚੁੰਬਰ, ਪਰਮਜੀਤ ਢਿੱਲੋਂ, ਅਜੈਬ ਕਾਹਲੋਂ, ਅਮਰੀਕ ਪਰਹਾਰ, ਦੇਬੀ ਗਿੱਲ, ਸੁਖਰਾਜ ਔਲਖ, ਜਸਵੰਤ ਸ਼ਾਦ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰਵਿਰਕ, ਅਵਤਾਰ ਡੌਡ, ਪਵਿੱਤਰ ਨਾਹਲ, ਮਨੋਹਰ ਲਾਲ ਰੱਤੀ, ਵਿਜੇ ਪਰਹਾਰ, ਰਾਜ ਬਰਾੜ, ਭੀਲੀ ਸਿੰਘ, ਜਰਨੈਲ ਮੰਡੇਰ, ਮਾਧੂ ਸਿੰਘ ਚਾਹਲ, ਹਰਨੇਕ ਢਿੱਲੋਂ, ਹਰਜੀਤ ਸਿੰਘ, ਅਕਲੇਸ ਸਿੰਘ, ਬਲਵੰਤ ਕਦੋਲਾ, ਜਤਿੰਦਰ ਬੀਸਲਾ, ਬਲਦੇਵ ਗਰੇਵਾਲ, ਗੁਰਮਿੰਦਰ ਗੁਰੀ, ਜੱਸੀ (ਪਾਰਵ ਮਾਰਟ, ਸੁਰਿੰਦਰ ਬਿੰਦਰਾ, ਰਸ਼ਪਾਲ ਫਰਵਾਲਾ ਨੇ ਮੇਲੇ ਨੂੰ ਸਫਲ ਕਰਨ ਵਿਚ ਭਰਪੂਰ ਯੋਗਦਾਨ ਪਾਇਆ।

ਸੈਕਰਾਮੈਂਟੋ ਪੀ. ਸੀ. ਐਸ. ਦਾ ਇਹੀ ਸੁਨੇਹਾ ਹੈ, ਮੇਲੇ ਲੱਗਦੇ ਰਹਿਣ, ਅਸੀਂ ਹਰ ਸਾਲ ਇਸ ਤਰ੍ਹਾਂ ਮਿਲਦੇ ਰਹੀਏ ਤੇ ਆਪਣੇ ਅਮੀਰ ਵਿਰਸੇ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੇ ਹਵਾਲੇ ਕਰਦੇ ਰਹੀਏ।















ਸ.ਅਮਰੀਕ ਸਿੰਘ ਪਰਿਹਾਰ ਅਤੇ ਸਮੂਹ ਪਰਿਵਾਰ



ਸ. ਅਵਤਾਰ ਸਿੰਘ ਡੌਡ ਅਤੇ ਉਹਨਾਂ ਦਾ ਪਰਿਵਾਰ

ਸੈਕਰਾਮੈਂਟੋ ਪੰਜਾਬੀ ਕਲਚਰਲ ਸੁਸਾਇਟੀ ਦੇ 30ਵੇਂ ਮੇਲੇ ਦੇ ਪ੍ਰਬੰਧਕਾਂ, ਸਪਾਂਸਰਾਂ, ਕਲਾਕਾਰਾਂ ਤੇ ਸਾਰੇ ਸਹਿਯੋਗੀਆਂ ਨੂੰ 30ਵਾਂ ਸਭਿਆਚਾਰਕ ਮੇਲਾ ਸਫਲਤਾ ਪੂਰਵਕ ਕਰਵਾਏ ਜਾਣ ਦੀਆਂ ਦਿਲੀ ਹਾਰਦਿਕ ਵਧਾਈਆਂ ਅਤੇ ਧੰਨਵਾਦ

ਪ੍ਰੇਮ ਕੁਮਾਰ ਚੁੰਬਰ, ਮੁੱਖ ਸੰਪਾਦਕ

ਅਦਾਰਾ 'ਦੇਸ਼ ਦੁਆਬਾ'



ਕਮਲ ਬੈਂਗਾ, ਸੈਕਰਾਮੈਂਟੋ


# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**

**WASH, LUBE, BRAKES**

Call:

650-642-0697

**3525 Highway 99, West Corning, CA 96021**

Across the Street from TA Truck Stop

# ਨਵੀਂ ਕੇਂਦਰ ਸਰਕਾਰ ਦਾ ਖੇਤੀਬਾੜੀ ਖੇਤਰ ਵੱਲ ਵਿਸ਼ੇਸ਼ ਧਿਆਨ ਦੇਣਾ ਜ਼ਰੂਰੀ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

23 ਮਈ, 2019 ਨੂੰ ਭਾਰਤ ਦੀ ਲੋਕ ਸਭਾ ਲਈ ਪਈਆਂ ਵੋਟਾਂ ਦੀ ਗਿਣਤੀ ਤੋਂ ਬਾਅਦ ਨਵੀਂ ਕੇਂਦਰ ਸਰਕਾਰ ਬਣਾਉਣ ਦੀ ਪ੍ਰਕਿਆ ਸ਼ੁਰੂ ਹੋ ਜਾਵੇਗੀ। ਭਾਵੇਂ ਨਵੀਂ ਕੇਂਦਰ ਸਰਕਾਰ ਕਿਸੇ ਵੀ ਰਾਜਸੀ ਪਾਰਟੀ ਜਾਂ ਰਾਜਸੀ ਪਾਰਟੀਆਂ ਦੇ ਗੱਠਜੋੜ ਦੀ ਬਣੇ, ਪਰ ਉਸ ਅੱਗੇ ਭਾਰਤੀ ਅਰਥਵਿਵਸਥਾ ਦੇ ਵੱਖ ਵੱਖ ਖੇਤਰਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀਆਂ ਚੁਣੌਤੀਆਂ ਹੋਣਗੀਆਂ। ਭਾਰਤੀ ਅਰਥਵਿਵਸਥਾ ਦੇ ਤਿੰਨ ਖੇਤਰਾਂ ਵਿਚੋਂ ਖੇਤੀਬਾੜੀ ਖੇਤਰ, ਜੋ ਦੇਸ ਦੀ ਅਨਾਜ ਸੁਰੱਖਿਆ ਅਤੇ ਰੁਜ਼ਗਾਰ ਦੇ ਪੱਖੋਂ ਬਹੁਤ ਅਹਿਮ ਹੈ, ਅਨੇਕਾਂ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਇਨ੍ਹਾਂ ਵਿਚ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀਆਂ ਅਸਹਿ ਤਕਲੀਫ਼ਾਂ, ਧਰਤੀ ਹੇਠਲੇ ਪਾਣੀ ਅਤੇ ਸਿੰਚਾਈ ਦੇ ਨੀਵੇਂ ਪੱਧਰ ਦੀਆਂ ਹਾਲਤਾਂ, ਵਾਤਾਵਰਨ ਦੇ ਗੰਧਲਾਪਨ ਵਿਚ ਲਗਾਤਾਰ ਹੋ ਰਹੇ ਵਾਧੇ; ਅਤੇ ਜ਼ਮੀਨ ਦੀ ਸਿਹਤ ਸੰਬੰਧੀ ਵਿਗਾੜ ਪ੍ਰਮੁੱਖ ਹਨ।

ਆਜ਼ਾਦ ਭਾਰਤ ਵਿਚ ਦੂਜੀ ਪੰਜ ਸਾਲਾ ਯੋਜਨਾ ਦੌਰਾਨ ਮੁੱਖ ਤਰਜੀਹ ਖੇਤੀਬਾੜੀ ਖੇਤਰ ਦੀ ਬਜਾਇ ਉਦਯੋਗਿਕ ਖੇਤਰ ਨੂੰ ਦੇਣ ਦੇ ਨਤੀਜੇ ਵਜੋਂ ਅਨਾਜ ਪਦਾਰਥਾਂ ਦੀ ਥੁੜ੍ਹ ਸਾਹਮਣੇ ਆਈ ਜਿਸ ਵਿਚ 1964-65 ਦੌਰਾਨ ਦੇਸ ਵਿਚ ਪਏ ਸੋਕੇ ਨੇ ਭਾਰੀ ਵਾਧਾ ਕੀਤਾ। ਇਸ ਸੰਬੰਧ ਵਿਚ ਹਾਲਾਤ ਇੱਥੋਂ ਤੱਕ ਵਿਗੜ ਗਏ ਸਨ ਕਿ ਕੇਂਦਰ ਸਰਕਾਰ ਨੂੰ ਬਾਹਰਲੇ ਦੇਸਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਦਾ ਸਾਹਮਣਾ ਕਰਨਾ ਪਿਆ। ਕੇਂਦਰ ਸਰਕਾਰ ਨੂੰ ਆਖ਼ੀਰ ਵਿਚ ਜਾ ਕੇ ਅਮਰੀਕਾ ਤੋਂ ਪੀ.ਐੱਲ. 480 ਅਧੀਨ ਅਨਾਜ ਮੰਗਵਾਉਣਾ ਪਿਆ ਜਿਸ ਦੀ ਦੇਸ ਨੂੰ ਵੱਡੀ ਕੀਮਤ ਤਾਰਨੀ ਪਈ। ਕੇਂਦਰ ਸਰਕਾਰ ਨੇ ਦੇਸ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਉੱਪਰ ਕਾਬੂ ਪਾਉਣ ਲਈ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਅਪਣਾਉਣ ਦਾ ਫ਼ੈਸਲਾ ਲਿਆ। ਖੇਤੀਬਾੜੀ ਦੀ ਇਹ ਜੁਗਤ ਵੱਧ ਝਾੜ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਆਧੁਨਿਕ ਢੰਗਾਂ ਦਾ ਇਕ ਪੁਲੰਦਾ ਸੀ। ਦੇਸ, ਖ਼ਾਸ ਕਰਕੇ ਪੰਜਾਬ, ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਸਦਕਾ 'ਖੇਤੀਬਾੜੀ ਦੀ ਨਵੀਂ ਜੁਗਤ' ਕਾਮਯਾਬ ਹੋਈ ਅਤੇ ਕੇਂਦਰ ਸਰਕਾਰ ਦਾ ਬਾਹਰਲੇ ਦੇਸਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਤੋਂ ਖਹਿੜਾ ਛੁੱਟਿਆ।

ਕੇਂਦਰ ਸਰਕਾਰ ਨੇ 1965 ਵਿਚ 'ਖੇਤੀਬਾੜੀ ਕੀਮਤਾਂ ਕਮਿਸ਼ਨ' ਦੀ ਸਥਾਪਤੀ ਕੀਤੀ। ਇਹ ਕਮਿਸ਼ਨ ਆਪਣੀ ਸਥਾਪਤੀ ਲੈ ਕੇ ਵਰਤਮਾਨ ਸਮੇਂ ਤੱਕ ਪ੍ਰਮੁੱਖ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸੰਬੰਧੀ ਆਪਣੀਆਂ ਸਿਫ਼ਾਰਸ਼ਾਂ ਕੇਂਦਰ ਸਰਕਾਰ ਨੂੰ ਕਰਦਾ ਆ ਰਿਹਾ ਹੈ ਅਤੇ ਆਮ ਤੌਰ ਉੱਤੇ ਕੇਂਦਰ ਸਰਕਾਰ ਇਨ੍ਹਾਂ ਸਿਫ਼ਾਰਸ਼ਾਂ ਨੂੰ ਮੰਨਦੀ ਆ ਰਹੀ ਹੈ। ਵਰਤਮਾਨ ਸਮੇਂ ਦੌਰਾਨ ਕੇਂਦਰ ਸਰਕਾਰ 23 ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਦੀ ਹੈ, ਪਰ ਇਨ੍ਹਾਂ ਜਿਨਸਾਂ ਵਿੱਚੋਂ ਪ੍ਰਮੁੱਖ ਤੌਰ ਉੱਤੇ ਕਣਕ ਅਤੇ ਧਾਨ ਦੀ ਖ਼ਰੀਦ ਸਰਕਾਰ ਦੁਆਰਾ ਕੀਤੀ ਜਾਂਦੀ ਹੈ ਅਤੇ ਉਹ ਵੀ ਕੁਝ ਕੁ ਖੇਤਰਾਂ ਵਿਚ ਹੀ। ਖੇਤੀਬਾੜੀ ਜਿਨਸਾਂ ਦੀਆਂ ਘੱਟੋ ਘੱਟ ਸਮਰਥਨ ਕੀਮਤਾਂ ਦੀਆਂ ਸਿਫ਼ਾਰਸ਼ਾਂ ਵਿਚ ਅਨੇਕਾਂ ਊਣਤਾਈਆਂ ਹਨ। ਖੇਤੀਬਾੜੀ ਉਤਪਾਦਨ ਲਾਗਤਾਂ ਦੀ ਗਿਣਤੀ ਸਹੀ ਤਰੀਕੇ ਨਾਲ ਨਹੀਂ ਕੀਤੀ ਜਾਂਦੀ। ਕਿਸਾਨ ਅਤੇ ਉਸਦੇ ਪਰਿਵਾਰ ਦੇ ਹੋਰ ਮਰਦਾਂ ਦੀ ਮਿਹਨਤ ਨੂੰ ਬਹੁਤ ਹੀ ਘਟਾ ਕੇ ਆਂਕਿਆ ਜਾਂਦਾ ਹੈ। ਭਾਵੇਂ ਕਿਸਾਨ ਅਤੇ ਉਸ ਦੇ ਪਰਿਵਾਰ ਦੇ ਹੋਰ ਮਰਦ ਸਾਲ ਦੇ 365 ਦਿਨ 24 ਘੰਟੇ ਖੇਤੀਬਾੜੀ ਉਤਪਾਦਨ ਕ੍ਰਿਆਵਾਂ ਲਈ ਹਾਜ਼ਰ ਰਹਿੰਦੇ ਹਨ, ਪਰ ਉਨ੍ਹਾਂ ਦੀ ਮਿਹਨਤ ਨੂੰ ਬਹੁਤ ਹੀ ਘੱਟ ਸਮੇਂ ਲਈ ਗਿਣਿਆ ਜਾਂਦਾ ਹੈ। ਕਿਸਾਨ ਦੇ ਘਰ ਵਾਲੀ ਅਤੇ ਪਰਿਵਾਰ ਦੀਆਂ ਹੋਰ ਔਰਤਾਂ ਜੋ ਘਰ ਦੇ ਕੰਮਾਂ ਤੋਂ ਬਿਨਾਂ ਖੇਤਾਂ ਵਿਚ ਕੰਮ ਕਰਨ ਵਾਲਿਆਂ ਦੀ ਚਾਹ ਅਤੇ ਰੋਟੀ ਬਣਾਉਣ, ਪਸ਼ੂਆਂ ਨੂੰ ਸਾਂਭਣ ਅਤੇ ਖ਼ੁਦ ਵੀ ਖੇਤੀਬਾੜੀ ਉਤਪਾਦਨ ਦੀਆਂ ਵੱਖ ਵੱਖ ਕ੍ਰਿਆਵਾਂ ਵਿਚ ਸਖ਼ਤ ਮਿਹਨਤ ਕਰਦੀਆਂ ਨਜ਼ਰ ਆਉਂਦੀਆਂ ਹਨ, ਦੀ ਮਿਹਨਤ ਨੂੰ ਅੱਖੋਂ-ਪਰੋਖੇ ਕਰ ਦਿੱਤਾ ਜਾਂਦਾ ਹੈ। ਜ਼ਮੀਨ ਦਾ ਠੇਕਾ ਬਹੁਤ ਹੀ ਘਟਾ ਕੇ ਆਂਕਿਆ ਜਾਂਦਾ ਹੈ। ਖੇਤੀਬਾੜੀ ਲਈ ਲੋੜੀਂਦੀਆਂ ਬਿਲਡਿੰਗਾਂ ਅਤੇ ਮਸ਼ੀਨਰੀ ਦੀ ਘਿਸਾਈ ਨੂੰ ਵੀ ਘਟਾ ਕੇ ਹੀ ਆਂਕਿਆ ਜਾਂਦਾ ਹੈ। ਇਹ ਗਿਣਤੀਆਂ-ਮਿਣਤੀਆਂ ਵਿਚ ਰਾਜਸੀ ਰੰਗ, ਖ਼ਪਤਕਾਰਾਂ ਅਤੇ ਸਰਮਾਏਦਾਰ/ਕਾਰਪੋਰੇਟ ਜਗਤ ਦੇ ਹਿੱਤਾਂ ਆਦਿ ਦਾ ਖ਼ਾਸ ਖਿਆਲ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਦੀਆਂ ਗ਼ਲਤ ਢੰਗਾਂ ਨਾਲ ਕੀਤੀਆਂ ਗਿਣੀਆਂ ਤੋਂ ਬਿਨਾਂ ਉਤਪਾਦਨ ਲਾਗਤਾਂ, ਜੋ ਦੇਸ ਦੇ ਵੱਖ ਵੱਖ ਖੇਤਰਾਂ ਤੋਂ ਲਈਆਂ ਜਾਂਦੀਆਂ ਹਨ, ਦੀ ਔਸਤ ਲਈ ਜਾਂਦੀ ਹੈ ਜਿਸ ਦੇ ਆਧਾਰ ਉੱਪਰ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀਆਂ ਸਿਫ਼ਾਰਸ਼ਾਂ ਕੀਤੀਆਂ ਜਾਂਦੀਆਂ ਹਨ ਜੋ ਉੱਚ ਉਤਪਾਦਨ ਲਾਗਤ ਵਾਲੇ ਸੂਬਿਆਂ, ਖ਼ਾਸ ਤੌਰ ਉੱਤੇ ਪੰਜਾਬ, ਨਾਲ ਘੋਰ ਬੇਇਨਸਾਫ਼ੀ ਹੈ। ਖੇਤੀਬਾੜੀ ਕੀਮਤਾਂ ਕਮਿਸ਼ਨ ਦੀ ਇਸ ਸੰਬੰਧ ਵਿਚ ਤਿੱਖੀ ਅਲੋਚਨਾ ਹੋਈ ਜਿਸ ਤੋਂ ਬਚਣ ਲਈ ਕੇਂਦਰ ਸਰਕਾਰ ਨੇ 23 ਫਰਵਰੀ, 1987 ਨੂੰ ਇਸ ਕਮਿਸ਼ਨ ਦਾ ਨਾਮ ਬਦਲ ਕੇ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਰੱਖ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਿਵੇਂ ਇਹ ਕਮਿਸ਼ਨ ਆਪਣੀਆਂ ਸਿਫ਼ਾਰਸ਼ਾਂ ਕਰਨ ਮੌਕੇ ਖੇਤੀਬਾੜੀ ਲਾਗਤਾਂ ਨੂੰ ਆਧਾਰ ਬਣਾਉਂਦਾ ਹੋਵੇ ਪਰ ਅਸਲੀਅਤ ਇਸ ਤੋਂ ਬਿਲਕੁਲ ਉਲਟ ਹੈ।

ਦੇਸ ਦੇ ਹਾਕਮਾਂ ਨੇ ਅਜਿਹੀਆਂ ਆਰਥਿਕ ਨੀਤੀਆਂ ਬਣਾਈਆਂ ਅਤੇ ਲਾਗੂ ਕੀਤੀਆਂ ਹਨ ਜਿਨ੍ਹਾਂ ਕਾਰਨ ਖੇਤੀਬਾੜੀ ਖੇਤਰ ਉੱਪਰ 50 ਫ਼ੀਸਦ ਦੇ ਕਰੀਬ ਆਬਾਦੀ ਨੂੰ ਵਰਤਮਾਨ ਸਮੇਂ ਦੌਰਾਨ ਰਾਸ਼ਟਰੀ ਆਮਦਨ ਵਿਚੋਂ 14 ਫ਼ੀਸਦ ਦੇ ਕਰੀਬ ਹਿੱਸਾ ਦਿੱਤਾ ਜਾ ਰਿਹਾ ਹੈ, ਪਰ ਜੇਕਰ ਪ੍ਰੋਫ਼ੈਸਰ ਅਰੁਣ ਕੁਮਾਰ ਦੇ ਕਾਲੇ ਧਨ ਸੰਬੰਧੀ ਅਧਿਐਨ ਨੂੰ ਵਿਚਾਰ ਲਿਆ ਜਾਵੇ ਤਾਂ ਇਹ ਹਿੱਸਾ ਸਿਰਫ਼ 8 ਫ਼ੀਸਦ ਹੀ ਰਹਿ ਜਾਂਦਾ ਹੈ। ਦੇਸ ਦੇ ਵੱਖ ਵੱਖ ਖੇਤਰਾਂ ਵਿਚ ਕੀਤੇ ਗਏ ਖੋਜ ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ ਲਗਭਗ ਸਾਰੇ ਨਿਮਨ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਅਤੇ ਗ਼ਰੀਬੀ ਵਿਚ ਜਨਮ ਲੈਂਦੇ ਹਨ, ਕਰਜ਼ੇ ਅਤੇ ਗ਼ਰੀਬੀ ਵਿਚ ਔਖੀ ਦਿਨ-ਕਟੀ ਕਰਦੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕਰਜ਼ੇ ਦਾ ਪਹਾੜ ਅਤੇ ਘੋਰ ਗ਼ਰੀਬੀ ਛੱਡ ਕੇ ਜਾਂ ਤਾਂ ਤੰਗੀਆਂ-ਤੁਰਸ਼ੀਆਂ ਵਾਲੀ ਮੌਤ ਮਰ ਜਾਂਦੇ ਹਨ ਜਾਂ ਜਦੋਂ ਸਰਕਾਰ ਅਤੇ ਸਮਾਜ ਦੁਆਰਾ ਉਨ੍ਹਾਂ ਦੀਆਂ ਜ਼ਿੰਦਗੀ ਪ੍ਰਤਿ ਸਾਰੀਆਂ ਆਸਾਂ ਮੁਕਾ ਦਿੱਤੀਆਂ ਜਾਂਦੀਆਂ ਹਨ ਤਾਂ ਉਹ ਖ਼ੁਦਕੁਸ਼ੀਆਂ ਵੀ ਕਰ ਰਹੇ ਹਨ। ਖੇਤ ਮਜ਼ਦੂਰਾਂ ਵਿਚੋਂ ਸਭ ਤੋਂ ਵੱਧ ਮਾੜੀ ਹਾਲਤ ਔਰਤ ਅਤੇ ਬਾਲ ਮਜ਼ਦੂਰਾਂ ਦੀ ਜੋ ਹਰ ਤਰ੍ਹਾਂ ਦੇ ਨਪੀੜਨ ਦੇ ਸ਼ਿਕਾਰ ਹਨ। ਖੇਤ ਮਜ਼ਦੂਰ ਔਰਤਾਂ ਨੂੰ ਹਰੇ ਚਾਰੇ ਦੀ ਪੰਡ ਜਾਂ ਰੁਜ਼ਗਾਰ ਲੈਣ ਲਈ ਵੀ ਜਿਨਸੀ ਸ਼ੋਸ਼ਣ ਤੱਕ ਝੱਲਣਾ ਪੈਂਦਾ ਹੈ। 'ਨਵੀਂ ਖੇਤੀਬਾੜੀ ਦੀ ਜੁਗਤ' ਦੇ ਪੁਲੰਦੇ ਵਿਚੋਂ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਲਗਾਤਾਰ ਵਧਦੀ ਵਰਤੋਂ ਕਿਸਾਨਾਂ ਅਤੇ ਖ਼ਾਸ ਕਰਕੇ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਤੋਂ ਵੱਡੇ ਪੱਧਰ ਉੱਪਰ ਰੁਜ਼ਗਾਰ ਖੋਹ ਰਹੇ ਹਨ।

ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਦੁਆਰਾ ਕੇਂਦਰ ਸਰਕਾਰ ਦੁਆਰਾ ਪੰਜਾਬ ਅਤੇ ਹਰਿਆਣਾ ਸੂਬਿਆਂ ਦੇ ਕਿਸਾਨਾਂ ਸਿਰ ਮੜ੍ਹਿਆ ਫ਼ਸਲੀ-ਚੱਕਰ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਲਗਾਤਾਰ ਥੱਲੇ ਵੱਲ ਲਿਜਾ ਰਿਹਾ ਹੈ ਜਿਸ ਦੀ ਕੀਮਤ ਇਨ੍ਹਾਂ ਸੂਬਿਆਂ ਦੇ ਕਿਸਾਨਾਂ, ਹੋਰ ਲੋਕਾਂ ਅਤੇ ਸਰਕਾਰਾਂ ਨੂੰ ਤਾਰਨੀ ਪੈ ਰਹੀ ਹੈ ਅਤੇ ਆਉਣ ਵਾਲੇ ਸਮੇਂ ਦੌਰਾਨ

ਇਸ ਦੀ ਭਿਆਨਕਤਾ ਵੀ ਸਾਫ਼ ਦਿਖਾਈ ਦਿੰਦੀ ਹੈ। ਆਜ਼ਾਦੀ ਤੋਂ ਬਾਅਦ ਪਿਛਲੇ 72 ਸਾਲਾਂ ਵਿਚ ਸਿਰਫ਼ 45 ਫ਼ੀਸਦ ਦੇ ਕਰੀਬ ਹਿੱਸੇ ਵਿਚ ਹੀ ਯਕੀਨੀ ਸਿੰਚਾਈ ਮੁਹੱਈਆ ਕਰਵਾਈ ਗਈ ਹੈ ਅਤੇ ਬਾਕੀ ਦੇ 55 ਫ਼ੀਸਦ ਹਿੱਸਾ ਖੇਤੀਬਾੜੀ ਸਿੰਚਾਈ ਸੰਬੰਧੀ ਮੀਂਹ ਉੱਪਰ ਹੀ ਨਿਰਭਰ ਹੈ ਜਿਸ ਕਾਰਨ ਸੋਕਾ ਪੈਣ ਕਾਰਨ ਕਈ ਸੂਬਿਆਂ ਦੇ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ।

ਭਾਰਤ ਦੇ ਵਾਤਾਵਰਨ ਦਾ ਗੰਧਲਾਪਨ ਲਗਾਤਾਰ ਵਧ ਰਿਹਾ ਹੈ ਜਿਸ ਲਈ ਉਦਯੋਗ, ਸ਼ਹਿਰੀਕਰਨ, ਉਸਾਰੀ ਦੇ ਕੰਮ, ਆਵਾਜਾਈ ਦੇ ਸਾਧਨਾਂ ਦੀ ਤੇਜ਼ੀ ਨਾਲ ਵਧਦੀ ਗਿਣਤੀ, ਜੰਗਲਾਂ ਅਧੀਨ ਰਕਬੇ ਦਾ ਘਟਣਾ ਅਤੇ ਖੇਤੀਬਾੜੀ ਉਤਪਦਾਨ ਵਿਚ ਵਰਤੀਆਂ ਜਾ ਰਹੀਆਂ ਰਸਾਇਣਿਕ ਖਾਦਾਂ, ਕੀਟਨਾਸ਼ਕ, ਉੱਲੀਨਾਸ਼ਕ ਅਤੇ ਨਦੀਨਨਾਸ਼ਕ ਅਤੇ ਗ਼ਲਤ ਫ਼ਸਲੀ-ਚੱਕਰ ਜ਼ਿੰਮੇਵਾਰ ਹਨ। ਦੇਸ ਦੇ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਰਸਾਇਣਾਂ ਦੀ ਬੇਰੋਕ-ਟੋਕ ਵਰਤੋਂ ਦੇ ਨਾਲ ਨਾਲ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਸਿਰ ਮੜ੍ਹੀ ਧਾਨ ਦੀ ਫ਼ਸਲ ਛੱਪੜ-ਸਿੰਚਾਈ ਕਾਰਨ ਮਿਥੇਨ ਗੈਸ ਅਤੇ ਇਸ ਦੀ ਪਰਾਲੀ ਨੂੰ ਅੱਗ ਲਾਉਣ ਕਾਰਨ ਕਾਰਬਨਡਾਇਔਕਸਾਈਡ ਗੈਸ ਅਤੇ ਧੂੰਏ ਦੇ ਕਣ ਵਾਤਾਵਰਨ ਨੂੰ ਤੇਜ਼ੀ ਨਾਲ ਗੰਧਲਾ ਕਰ ਰਹੇ ਹਨ।

ਦੇਸ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਅਪਣਾਈ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਵਿਚ ਵੱਖ ਵੱਖ ਰਸਾਇਣਾਂ ਦੀ ਲੋੜ ਤੋਂ ਕਿਤੇ ਵੱਧ ਵਰਤੋਂ, ਗ਼ਲਤ ਫਸਲੀ-ਚੱਕਰ ਅਤੇ ਫ਼ਸਲੀ ਘਣਤਾ ਦੇ ਵਧਣ ਕਾਰਨ ਧਰਤੀ ਦੀ ਸਿਹਤ ਵਿਚ ਬਹੁਤ ਤੇਜ਼ੀ ਨਾਲ ਵਿਗਾੜ ਆ ਰਹੇ ਹਨ। ਇਨ੍ਹਾਂ ਕਾਰਨਾਂ ਕਰਕੇ ਧਰਤੀ ਦੀ ਉਪਜਾਊ ਸ਼ਕਤੀ ਦੇ ਘਟਣ ਦੇ ਨਾਲ ਨਾਲ ਕੁਝ ਖੇਤਰਾਂ ਵਿਚ ਧਰਤੀ ਜਾਂ ਤਾਂ ਬੰਜਰ ਹੋ ਗਈ ਹੈ ਜਾਂ ਬੰਜਰ ਹੋਣ ਦੇ ਕਿਨਾਰੇ ਹੈ।

ਖੇਤੀਬਾੜੀ ਮਨੁੱਖਤਾ ਦੀ ਜੀਵਨ-ਰੇਖਾ ਹੈ। ਭਾਰਤ ਵਿਚ ਇਸ ਜੀਵਨ ਰੇਖਾ ਨੂੰ ਚੱਲਦੇ ਰੱਖਣ ਅਤੇ ਬਾਹਰਲੇ ਦੇਸਾਂ ਤੋਂ ਅਨਾਜ ਮੰਗਵਾਉਣ ਲਈ ਉਨ੍ਹਾਂ ਅੱਗੇ ਠੂਠਾ ਫੜਨ ਵਰਗੀ ਨੌਬਤ ਤੋਂ ਬਚਣ ਲਈ ਜ਼ਰੂਰੀ ਹੈ ਕਿ ਦੇਸ ਦੀ ਬਨਣ ਵਾਲੀ ਨਵੀਂ ਸਰਕਾਰ ਖੇਤੀਬਾੜੀ ਖੇਤਰ ਦੀ ਬਣਦੀ ਬਿਹਤਰੀ ਵੱਲ ਘਿਆਨ ਦੇਣਾ ਯਕੀਨੀ ਬਣਾਵੇ। ਇਸ ਲਈ ਜ਼ਰੂਰੀ ਹੈ ਕਿ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਨੂੰ ਲਿਤਾੜਨ ਅਤੇ ਦੁਰਕਾਰਨ ਦੀ ਬਜਾਇ ਉਨ੍ਹਾਂ ਦੀ ਆਮਦਨ ਦੇ ਪੱਧਰ ਨੂੰ ਘੱਟੋ-ਘੱਟ ਇਤਨਾ ਪੱਧਰ ਜ਼ਰੂਰ ਦਿੱਤਾ ਜਾਵੇ ਜਿਸ ਨਾਲ ਉਹ ਜ਼ਿੰਦਗੀ ਦੀਆਂ ਮੁੱ-ਢਲੀਆਂ ਲੋੜਾਂ- ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ ਸਤਿਕਾਰਤ ਢੰਗ ਨਾਲ ਪੂਰੇ ਕਰਦੇ ਹੋਏ ਭਾਰਤੀ ਨਾਗਰਿਕ ਹੋਣ ਉੱਪਰ ਮਾਣ ਮਹਿਸੂਸ ਕਰਨ। ਅਜਿਹਾ ਕਰਨ ਲਈ ਕਿਸਾਨਾਂ ਨੂੰ ਉਨ੍ਹਾਂ ਦੀਆਂ ਜਿਨਸਾਂ ਦੇ ਵਾਜਬ ਭਾਅ ਦਿੱਤੇ ਜਾਣ ਅਤੇ ਜਿਨਸਾਂ ਦੀ ਖ਼ਰੀਦਦਾਰੀ ਅਤੇ ਉਨ੍ਹਾਂ ਦੀ ਬਣਦੀ ਅਦਾਇਗੀ ਸਮੇਂ-ਸਿਰ ਕਰਨੀ ਯਕੀਨੀ ਬਣਾਈ ਜਾਵੇ। ਕੁਦਰਤੀ ਆਫ਼ਤਾਂ ਮੌਕੇ ਬਣਦਾ ਪੂਰਾ ਮੁਆਵਜਾ ਤੁਰੰਤ ਦਿੱਤਾ ਜਾਵੇ। ਨਿਮਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੇ ਹੱਕ ਵਿਚ ਜ਼ਮੀਨੀ ਸੁਧਾਰਾਂ ਦੀ ਸਖ਼ਤ ਜ਼ਰੂਰਤ ਹੈ। ਖੇਤੀਬਾੜੀ ਨਾਲ ਸੰਬੰਧਿਤ ਇਨ੍ਹਾਂ ਵਰਗਾਂ ਦੀ ਬਿਹਤਰੀ ਲਈ ਬਿਨਾਂ ਵਿਆਜ ਤੋਂ ਉਧਾਰ ਦੀਆਂ ਸਹੂਲਤਾਂ, ਸਹਿਕਾਰੀ ਖੇਤੀਬਾੜੀ, ਖੇਤੀਬਾੜੀ ਜਿਨਸਾਂ ਦੀ ਪ੍ਰੋਸੈਸਿੰਗ ਕਰਨ ਲਈ ਸਹਿਕਾਰੀ ਕਾਰਖਾਨੇ, ਮਿਆਰੀ ਵਿੱਦਿਆ ਅਤੇ ਸਿਹਤ-ਸੰਭਾਲ ਸੇਵਾਵਾਂ ਆਦਿ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਧਰਤੀ ਹੇਠਲੇ ਪਾਣੀ ਦਾ ਠੀਕ ਪੱਧਰ ਬਣਾਏ ਰੱਖਣ ਲਈ ਵੱਖ ਵੱਖ ਖੇਤਰਾਂ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਫ਼ਸਲੀ-ਚੱਕਰ ਅਤੇ ਦਰਿਆਈ ਪਾਣੀਆਂ ਦੀ ਰਿਪੇਰੀਅਨ ਸਿਧਾਂਤ ਅਨੁਸਾਰ ਵੰਡ ਕਰਨੀ ਯਕੀਨੀ ਬਣਾਈ ਜਾਵੇ। ਬਿਨਾਂ ਹੋਰ ਸਮਾਂ ਗੁਆਏ ਸਾਰੇ ਦੇਸ ਵਿਚ ਯਕੀਨੀ ਸਿੰਚਾਈ ਲਈ ਲੋੜੀਂਦਾ ਵਿੱਤ ਅਤੇ ਹੋਰ ਸਾਧਨ ਮੁਹੱਈਆ ਕਰਵਾਉਣੇ ਜ਼ਰੂਰੀ ਹਨ।

ਵਾਤਾਵਰਨ ਨੂੰ ਗੰਧਲਾ ਹੋਣ ਤੋਂ ਬਚਾਉਣ ਅਤੇ ਜ਼ਮੀਨ ਦੀ ਸਿਹਤ ਨੂੰ ਨਰੋਈ ਬਣਾਉਣ ਲਈ ਜ਼ਰੂਰੀ ਹੈ ਕਿ ਫ਼ਸਲੀ-ਚੱਕਰ ਵੱਖ ਵੱਖ ਖੇਤਰਾਂ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਹੀ ਹੋਣ ਅਤੇ ਉਨ੍ਹਾਂ ਖੇਤਰਾਂ ਵਿਚ ਪੈਦਾ ਕੀਤੀਆਂ ਜਾਣ ਵਾਲੀਆਂ ਜਿਨਸਾਂ ਦੇ ਵਾਜਬ ਭਾਅ ਦਿੱਤੇ ਜਾਣੇ ਯਕੀਨੀ ਬਣਾਏ ਜਾਣ। ਇਸ ਤੋਂ ਬਿਨਾਂ ਬਹੁਤ ਜ਼ਰੂਰੀ ਹੈ ਕਿ ਖੇਤੀਬਾੜੀ ਉਤਪਾਦਨ ਲਈ ਰਸਾਇਣਾਂ ਦੀ ਵਰਤੋਂ ਉੱਪਰ ਨਿਯੰਤਰਨ ਕਰਦੇ ਹੋਏ ਕੁਦਰਤੀ ਖੇਤੀਬਾੜੀ ਲਈ ਖੋਜ ਅਤੇ ਵਿਕਾਸ ਕਾਰਜਾਂ ਲਈ ਬਣਦਾ ਵਿੱਤ ਦਿੱਤਾ ਜਾਵੇ।

ਖੇਤੀਬਾੜੀ ਖੇਤਰ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਉਪਰੋਕਤ ਸੁਝਾਵਾਂ ਨੂੰ ਅਮਲ ਵਿਚ ਲਿਆਉਣ ਲਈ ਜ਼ਰੂਰੀ ਹੈ ਕਿ ਭਾਰਤ ਦਾ ਆਰਥਿਕ ਵਿਕਾਸ ਮਾਡਲ ਲੋਕ ਅਤੇ ਕੁਦਰਤ-ਪੱਖੀ ਹੋਵੇ ਜਿਸ ਲਈ ਸਰਮਾਏਦਾਰ/ਕਾਰਪੋਰੇਟ ਜਗਤ ਉੱਪਰ ਕਰ ਵਧਾਏ ਜਾਣ ਦੇ ਨਾਲ ਨਾਲ ਉਗਰਾਹੇ ਜਾਣੇ ਯਕੀਨੀ ਬਣਾਏ ਜਾਣ।

# ਡਾ. ਗਿਆਨ ਸਿੰਘ ਦੀ ਪੇਂਡੂ ਮਜ਼ਦੂਰ ਔਰਤ ਦੀ ਸਥਿਤੀ ਉਪਰ ਲਿਖੀ ਪੁਸਤਕ ਤੇ ਹੋਈ ਚਰਚਾ

**ਨਵੀਂ ਦਿੱਲੀ-** ਨੈਸ਼ਨਲ ਇੰਸਟੀਟਿਊਟ ਆਫ਼ ਪੰਜਾਬ ਸਟਡੀਜ਼, ਭਾਈ ਵੀਰ ਸਿੰਘ ਸਾਹਿਤ ਸਦਨ ਵਲ" ਸਦਨ ਵਿਖੇ ਡਾ. ਗਿਆਨ ਸਿੰਘ ਰਾਹੀਂ ਲਿਖਤ ਪੁਸਤਕ ਸੋਸ਼ਿਓ-ਇਕਨ-ਾਮਿਕ ਕੰਡੀਸ਼ਨਜ਼ ਐਂਡ ਪੋਲੀਟੀਕਲ ਪਾਰਟੀਸਿਪੇਸ਼ਨ ਆਫ਼






ਰੂਰਲ ਵੂਮੈਨ ਲੇਬਰਰਜ਼ ਇਨ ਪੰਜਾਬ ਦੇ ਉਪਰ ਚਰਚਾ ਦਾ ਆਯੋਜਨ ਕੀਤਾ ਗਿਆ। ਚਰਚਾ ਦੌਰਾਨ ਆਈ.ਡੀ.ਆਰ.ਸੀ. ਨਵੀਂ ਦਿੱਲੀ ਤੋਂ ਡਾ. ਨਵਸ਼ਰਨ ਸਿੰਘ, ਸਮਾਜਕ ਕਾਰਕੁਨ ਪਰਮਜੀਤ ਕੌਰ ਲੌਂਗੋਵਾਲ ਅਤੇ ਲੇਖਕ ਨੇ ਪੁਸਤਕ ਉਪਰ ਆਪਣੇ ਵਿਚਾਰ ਰੱਖੇ। ਪ੍ਰੋਗਰਾਮ ਦਾ ਆਰੰਭ ਕਰਦਿਆਂ ਸਦਨ ਦੇ ਜਨਰਲ ਸਕੱਤਰ ਡਾ. ਰਘਬੀਰ ਸਿੰਘ ਨੇ ਕੌਮੀ ਪੱਧਰ ਤੇ ਔਰਤਾਂ ਦੀ ਸਥਿਤੀ ਦਾ ਜ਼ਿਕਰ ਕਰਦਿਆਂ ਪਹੁੰਚੇ ਵਕਤਿਆਂ ਅਤੇ ਸਰੋਤਿਆਂ ਨੂੰ ਜੀਓ-ਆਇਆਂ ਕਿਹਾ। ਉਪਰੰਤ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਡਾ. ਯਾਦਵਿੰਦਰ ਸਿੰਘ ਨੇ ਪੁਸਤਕ ਅਤੇ ਵਕਤਿਆਂ ਬਾਰੇ ਸੰਖੇਪ 'ਚ ਦੱਸਿਆ। ਮੁੱਖ ਰੂਪ 'ਚ ਇਹ ਪੁਸਤਕ ਮਜ਼ਦੂਰ ਜਮਾਤ ਦੇ ਉਸ ਵਰਗ ਦੀ ਗੱਲ ਕਰਦੀ ਹੈ ਜਿਸ ਬਾਰੇ ਬਹੁਤ ਹੀ ਘੱਟ ਲਿਖਿਆ ਗਿਆ ਹੈ। ਇਹ ਵਰਗ ਹੈ ਮਜ਼ਦੂਰ ਪੇਂਡੂ ਔਰਤ ਜਿਸ ਦੀ ਸਥਿਤੀ ਸਮੁੱਚੇ ਪੰਜਾਬ 'ਚ ਬਹੁਤ ਹੀ ਤਰਸਯੋਗ ਹੈ। ਮਜ਼ਦੂਰ ਪੇਂਡੂ ਔਰਤ ਦਾ ਸਮਾਜਕ-ਆਰਥਕ ਵਿਸ਼ਲੇਸ਼ਣ ਕਰਦੀ ਇਸ ਪੁਸਤਕ 'ਚ ਲੇਖਕ ਨੇ ਪੰਜਾਬ ਦੇ ਪ੍ਰਮੁੱਖ ਖਿੱਤੇ ਮਾਲਵਾ, ਮਾਝਾ, ਦੁਆਬਾ ਦੇ ਤਕਰੀਬਨ 1100 ਪਿੰਡਾਂ ਦਾ ਸਰਵੇ ਕਰਕੇ ਉਸ ਦੀ ਸਥਿਤੀ ਨੂੰ ਉਭਾਰਿਆ ਹੈ। ਨਿਸ਼ਚੇ ਹੀ ਅੱਜ ਦੇ ਪ੍ਰਸੰਗ 'ਚ ਇਸ ਬਾਰੇ ਜਾਨਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਲੇਖਕ ਡਾ. ਗਿਆਨ ਸਿੰਘ ਨੇ ਇਸ ਪੁਸਤਕ ਬਾਰੇ ਬ'ਲਦਿਆਂ ਕਿਹਾ ਕਿ ਪੇਂਡੂ ਮਜ਼ਦੂਰ ਔਰਤ ਦੀ ਹਾਲਤ ਭਾਵੇਂ ਖਸਤਾ ਹੈ ਪਰ ਹੁਣ ਦਿੱਲੀ ਦੂਰ ਨਹੀਂ ਹੈ ਭਾਵ ਕਿ ਸਮਾਜਕ-ਰਾਜਨੀਤਕ ਗਲਿਆਰਿਆਂ 'ਚ ਔਰਤਾਂ ਨੇ ਸੁਆਲ ਪੁੱਛਣੇ ਸ਼ੁਰੂ ਕਰ ਦਿੱਤੇ ਹਨ, ਕਈ ਥਾਵਾਂ ਤੇ ਆਪਣੇ ਅਧਿਕਾਰਾਂ ਲਈ ਜਾਂ ਕਿਸਾਨਾਂ ਦੇ ਹੱਕਾਂ 'ਚ ਲਾਏ ਧਰਨਿਆਂ 'ਚ ਉਹਨਾਂ ਦੀ ਸ਼ਮੂਲੀਅਤ ਵਧੀ ਹੈ ਜੋ ਕਿ ਪਹਿਲਾਂ ਬਹੁਤ ਨਿਗੂਣੀ ਹੁੰਦੀ ਸੀ। ਮਜ਼ਦੂਰ ਔਰਤ ਦੀ ਸਥਿਤੀ ਦਾ ਅੰਕੜਿਆਂ ਸਹਿਤ ਜ਼ਿਕਰ ਕਰਦਿਆਂ ਉਨ੍ਹਾਂ ਸਥਿਤੀ ਨੂੰ ਬਦਲਣ ਲਈ ਸੁਝਾਅ ਵੀ ਪੇਸ਼ ਕੀਤੇ ਜਿਸ ਵਿਚ ਮਜ਼ਦੂਰਾਂ ਦੇ ਬੱਚਿਆਂ ਨੂੰ ਵਿੱਦਿਆ, ਪ੍ਰੌਢ ਸਿੱਖਿਆ, ਔਰਤ ਅਧਿਕਾਰਾਂ ਬਾਰੇ ਜਾਣਕਾਰੀ ਆਦਿ ਸ਼ਾਮਲ ਸੀ। ਡਾ. ਨਵਸ਼ਰਨ ਸਿੰਘ ਨੇ ਮਜ਼ਦੂਰ ਔਰਤ ਦੀ ਸਥਿਤੀ ਬਾਰੇ ਬ'ਲਦਿਆਂ ਕਿਹਾ ਕਿ ਸਮਾਜ ਦੇ ਉਚ ਵਰਗ ਦੇ ਕਈ ਤਰ੍ਹਾਂ ਦੇ ਕੰਮ ਕਰਦੀ ਇਸ ਔਰਤ ਨੂੰ ਸ਼ਰੀਰਕ, ਮਾਨਸਿਕ ਪੱਖੋਂ ਕਈ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ ਜਿਸ ਨੂੰ ਕਿ ਉਹ ਦੱਸਦਿਆਂ ਵੀ ਹਿਚਕਦੀ ਹੈ।

ਉਹਨਾਂ ਮਜ਼ਦੂਰ ਔਰਤ ਦੀ ਅਜਿਹੀ ਸਥਿਤੀ ਲਈ ਜਾਤੀ ਵੰਡ, ਆਰਥਕ ਨਾਬਰਾਬਰੀ ਤੇ ਰਾਜਨੀਤਕ ਉਦਾਸੀਨਤਾ ਇਸਦੇ ਪ੍ਰਮੁੱਖ ਕਾਰਣ ਗਿਣੇ। ਡਾ. ਨਵਸ਼ਰਨ ਸਿੰਘ ਅਨੁਸਾਰ ਇਹਨਾਂ ਬਾਰੇ ਕਦੇ ਨਾ ਲਿਖਿਆ ਜਾਣਾ ਇਕ ਪ੍ਰਮੁੱਖ ਵਜਾਹ ਹੈ ਕਿ ਉਹ ਰਾਜਨੀਤਕ ਗਲਿਆਰੇ 'ਚ ਚਰਚਾ ਦਾ ਵਿਸ਼ਾ ਨਹੀਂ ਬਣ ਸਕੀ ਤੇ ਨਾ ਉਹਨਾਂ ਬਾਰੇ ਕਦੇ ਕੋਈ ਪਾਲਿਸੀ ਬਣੀ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਸਮਾਜਕ ਕਾਰਕੁਨ ਬੀਬੀ ਪਰਮਜੀਤ ਕੌਰ ਲੌਂਗ'ਵਾਲ ਨੇ ਮਜ਼ਦੂਰ ਔਰਤ ਦੀ ਸਥਿਤੀ ਬਾਰੇ ਲਿਖੀ ਇਸ ਪੁਸਤਕ ਨੂੰ ਜ਼ਮੀਨ ਪ੍ਰਾਪਤੀ ਸੰਘਰਸ਼ਸ਼ੀਲ ਜਥੇਬੰਦੀਆਂ ਲਈ ਲਾਹੇਵੰਦ ਦੱਸਿਆ ਜਿਹੜੀਆਂ ਕਿ ਦਲਿਤਾਂ ਦੇ ਜ਼ਮੀਨੀ ਹੱਕਾਂ ਲਈ ਸੰਘਰਸ਼ ਕਰ ਰਹੀਆਂ ਹਨ। ਦਲਿਤ ਮਜ਼ਦੂਰ ਔਰਤ ਦੀ ਸਥਿਤੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਅਜ ਲੋੜ ਹੈ ਇਨ੍ਹਾਂ ਔਰਤਾਂ ਨੂੰ ਸੰਘਰਸ਼ ਦੇ ਰਾਹ ਪਾਇਆ ਜਾਏ, ਸਾਂਝੀ ਖੇਤੀ ਦਾ ਮਾਡਲ ਅਪਣਾਇਆ ਜਾਏ ਤਾਂ ਹੀ ਇਨ੍ਹਾਂ ਦੀ ਸਥਿਤੀ 'ਚ ਸੁਧਾਰ ਹੋ ਸਕਦਾ ਹੈ ਅਤੇ ਇਸ ਪਾਸੇ ਸਾਡੇ ਯਤਨ ਜਾਰੀ ਹਨ। ਪ੍ਰੋਗਰਾਮ ਦੇ ਅਖ਼ੀਰ 'ਚ ਸਰੋਤਿਆਂ ਦੇ ਸੁਆਲ-ਜੁਆਬ ਤੋਂ ਬਾਅਦ ਡਾ. ਯਾਦਵਿੰਦਰ ਸਿੰਘ ਨੇ ਚਰਚਾ ਨੂੰ ਸਮੇਟਦਿਆਂ ਪਹੁੰਚੇ ਸਭ ਵਕਤਿਆਂ ਅਤੇ ਸਰ'ਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਡਾ. ਕੁਲਵੀਰ ਗੋਜਰਾ, ਡਾ. ਪਰਮਜੀਤ ਕੌਰ, ਡਾ. ਧਰਮਪਾਲ, ਡਾ. ਰਜਨੀ ਬਾਲਾ, ਦਲਜੀਤ ਅਮੀ ਸਮੇਤ ਵੱਡੀ ਗਿਣਤੀ 'ਚ ਖੋਜ-ਵਿਦਿਆਰਥੀਆਂ ਨੇ ਇਸ ਵਿਚ ਹਾਜ਼ਰੀ ਭਰੀ।

# ਛੋਟਾ ਘੱਲੂਘਾਰਾ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਛੋਟਾ ਘੱਲੂਘਾਰਾ ਸਿੱਖਾਂ ਅਤੇ ਮੁਗਲਾਂ ਦਰਮਿਆਨ 17 ਮਈ 1746 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਬ 'ਚ ਵਾਪਰਿਆ, ਜੋ ਖੂਨੀ ਦੁਖਾਂਤ ਹੈ, ਜੋ ਇਤਿਹਾਸ ਵਿਚ ਛੋਟੇ ਘੱਲੂਘਾਰੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਦੂਜੇ ਘੱਲੂਘਾਰੇ ਸਮੇਂ ਵੱਡਾ ਕਤਲੇਆਮ ਹੋਇਆ ਸੀ। ਇਸ ਲਈ ਉਸਨੂੰ ਵੱਖਰਾ ਦਰਸਾਉਣ ਲਈ ਇਸਨੂੰ ਛੋਟਾ ਘੱਲੂਘਾਰਾ ਕਿਹਾ ਜਾਣ ਲੱਗਾ। ਕਾਹਨੂੰਵਾਨ ਛੰਬ ਜੋ ਗੁਰਦਾਸਪੁਰ ਤੋਂ ਮੁਕੇਰੀਆਂ ਜਾਦੀ ਸੜਕ ਉਤੇ 8 ਕਿਲੋਮੀਟਰ ਦੂਰ ਫੌਜੀ ਛਾਉਣੀ ਤਿੱਬਤ ਤੋਂ ਸੱਜੇ ਪਾਸੇ 4 ਕਿਲੋਮੀਟਰ ਦੂਰ ਸਥਿਤ ਹੈ।

ਛੋਟੇ ਘੱਲੂਘਾਰੇ ਦੇ ਇਤਿਹਾਸ ਵਿਚ ਜੋ ਜੁਲਾਈ 1745 ਈ: ਵਿਚ ਜਕਰੀਆ ਖਾਨ ਦੀ ਮੌਤ ਪਿੱਛੋਂ ਉਸਦਾ ਲੜਕਾ ਯਹੀਆ ਖਾਨ ਲਾਹੌਰ ਦਾ ਸੂਬੇਦਾਰ ਬਣਿਆ। ਉਸਨੇ ਲਖਪਤ ਰਾਏ ਨੂੰ ਆਪਣਾ ਗਵਰਨਰ ਨਿਯੁਕਤ ਕੀਤਾ। ਮਈ 1946 ਦੀ ਸ਼ੁਰੂ ਵਿਚ ਐਮਨਾਬਾਦ ਸੈਦਪੁਰ ਪੱਛਮੀ ਪੰਜਾਬ ਪਾਕਿਸਤਾਨ ਨੇੜੇ ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨ ਲਈ ਸਿੱਖ ਜਥੇ ਦੇ ਆਉਣ ਦੀ ਖਬਰ ਜਦ ਲਖਪਤ ਰਾਏ ਨੂੰ ਮਿਲੀ, ਉਸਨੇ ਸਿੰਘਾਂ ਨੂੰ ਦਰਸ਼ਨ ਤੋਂ ਰੋਕਣ ਲਈ ਆਪਣੇ ਭਰਾ ਜਸਪਤ ਰਾਏ ਦੀ ਅਗਵਾਈ ਹੇਠ ਫੌਜ ਲਾਹੌਰ ਭੇਜੀ। ਜਥੇ ਨੂੰ ਐਮਨਾਬਾਦ ਤੋਂ 25 ਕਿਲੋਮੀਟਰ ਦੂਰ ਪਿੰਡ ਗੁਸਾਈਆਂ ਨੇੜੇ ਰੋਕਿਆ ਗਿਆ। ਸਿੰਘ ਪਹਿਲਾਂ ਤੋਂ ਹੀ ਭੁੱਖਣ-ਭਾਣੇ ਸਨ, ਸਿਰਫ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਦੇ ਦਰਸ਼ਨ ਕਰਨਾ ਚਾਹੁੰਦੇ ਸਨ ਅਤੇ ਆਰਾਮ ਲਈ ਰਾਤ ਕੱਟਣਾ ਚਾਹੁੰਦੇ ਸਨ। ਪਰ ਜਸਪਤ ਰਾਏ ਨੇ ਇੱਕ ਨਾ ਸੁਣੀ। ਇਸ ਝੜੱਪ ਵਿਚ ਨਿਭਾਹੂ ਸਿੰਘ ਯੋਧੇ ਨੇ ਹਾਥੀ ਤੇ ਬੈਠੇ ਜਸਪਤ ਰਾਏ ਦਾ ਸਿਰ ਲਾਹ ਦਿੱਤਾ। ਲਖਪਤ ਰਾਏ ਨੂੰ ਜਦੋਂ ਆਪਣੇ ਭਰਾ ਦੇ ਮਾਰੇ ਜਾਣ ਦੀ ਖਬਰ ਮਿਲੀ, ਉਸ ਕ੍ਰੋਧ ਵਿਚ ਆ ਕੇ ਫੌਜਦਾਰ ਯਹੀਆ ਖਾਨ ਦੀ ਹਾਜ਼ਰੀ ਵਿਚ ਪੱਗ ਲਾਹ ਕੇ ਸਹੁੰ ਖਾਧੀ ਕਿ ਹੁਣ ਉਹ ਸਿੱਖੀ ਦਾ ਨਾਮੋ-ਨਿਸ਼ਾਨ ਮਿਟਾ ਦੇਵੇਗਾ। ਉਸਨੇ ਲਾਹੌਰ ਦੇ ਗਵਰਨਰ ਯਹੀਆ ਖਾਨ ਤੋਂ ਫੌਜ ਮੰਗੀ। ਅਗਲੇ ਹੀ ਦਿਨ ਲਾਹੌਰ ਵਿਚ ਮੱਸਿਆ ਦੇ ਦਿਨ ਉਸਨੇ ਬਜ਼ਾਰ ਵਿਚ ਜਾਂਦੇ ਹਰ ਸਿੱਖ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ।

ਜਦੋਂ ਇਸ ਦਰਦਨਾਕ ਘਟਨਾ ਦੀ ਦੁਖਦਾਈ ਖਬਰ ਸਿੱਖ ਜਰਨੈਲ ਨਵਾਬ ਕਪੂਰ ਸਿੰਘ ਨੂੰ ਮਿਲੀ ਤਾਂ ਸਾਰੇ ਸਿੱਖ ਜਰਨੈਲਾਂ ਨੂੰ ਸੁਨੇਹੇ ਭੇਜੇ ਕਿ ਫੌਜਾਂ ਲੈ ਕੇ ਕਾਹਨੂੰਵਾਨ ਪਹੁੰਚਣ। ਜਰਨੈਲ ਜਦ ਇਕੱਠੇ ਹੋ ਕੇ ਪੁੱਜੇ ਤਾਂ ਫੌਜ ਦੀ ਗਿਣਤੀ 25000 ਦੱਸੀ ਜਾਂਦੀ ਹੈ। ਦੂਜੇ ਪਾਸੇ ਦੀਵਾਨ ਲਖਪਤ ਰਾਏ ਨੇ ਲੱਖਾਂ ਦੀ ਫੌਜ ਲੈ ਕੇ ਸਿੱਖਾਂ ਦਾ ਪਿੱਛਾ ਕਰਦਿਆਂ ਘੇਰਾ ਪਾ ਲਿਆ। ਕਾਹਨੂੰਵਾਨ ਹਰਿਗੋਬਿੰਦਪੁਰ, ਗੁਰਦਾਸਪੁਰ, ਬਿਆਸ ਦਰਿਆ ਨਾਲ ਜੁੜੇ ਇਸ ਵਿਸ਼ਾਲ ਛੰਬ ਵਿਚ ਸ਼ਾਹੀ ਫੌਜ ਨੇ ਚੌਕੀਆਂ ਬਣਾ ਲਈਆਂ ਅਤੇ ਤੋਪਾਂ ਵੀ ਬੀੜ ਦਿੱਤੀਆਂ। ਛੰਬ ਨੇੜਲੇ ਲੋਕਾਂ ਨੂੰ ਸਿੱਖਾਂ ਦੀ ਜਾਣਕਾਰੀ ਦਿੰਦੇ ਰਹਿਣ ਲਈ ਕਿਹਾ ਅਤੇ ਪਹਾੜੀ ਰਾਜਿਆਂ ਨਾਲ ਸੰਪਰਕ ਬਣਾ ਕੇ ਸਿੱਖਾਂ ਨੂੰ ਮੁਕਾਉਣਾ ਸ਼ੁਰੂ ਕਰ ਦਿੱਤਾ। ਇਹ ਛੰਬ ਦਾ ਸੰਘਣਾ ਜੰਗਲ ਪਹਿਲਾਂ ਹੀ ਮੁਸੀਬਤ ਸਮੇਂ ਸਿੰਘਾਂ ਦੀ ਪਨਾਹਗਾਹ ਸੀ। ਸਿੰਘ ਜੰਗਲ ਵਿਚ ਰਹਿਣ ਕਰਕੇ ਫੌਜੀ ਸਿਖਲਾਈ ਦੇ ਦਾਅ-ਪੇਚ ਸਭ ਜਾਣਦੇ ਸਨ। ਸਿੰਘ ਰਾਤ ਨੂੰ ਜੰਗਲ ਤੋਂ ਬਾਹਰ ਨਿਕਲਦੇ ਲਖਪਤ ਰਾਏ ਦੀਆਂ ਫੌਜਾਂ ਦਾ ਕਤਲੇਆਮ ਕਰਕੇ ਰਾਸ਼ਨ ਅਤੇ ਹਥਿਆਰ ਲੁੱਟ ਕੇ ਟਿਕਾਣਿਆਂ 'ਤੇ ਚਲੇ ਜਾਂਦੇ। ਇਸ ਕੰਡਿਆਲੀਆਂ ਝਾੜੀਆਂ ਦੇ ਜੰਗਲ ਵਿਚ ਸਿੰਘ ਭੁੱਖਣ-ਭਾਣੇ ਗੁਰੀਲਾ ਢੰਗ ਨਾਲ ਯੁੱਧ ਦੀ ਰਣਨੀਤੀ ਵਰਤਦੇ ਰਹੇ। ਲਖਪਤ ਰਾਏ ਆਪਣੀ ਹਾਰ ਨੂੰ ਵੇਖ ਕੇ ਘਟੀਆਪਣ ਤੇ ਉਤਰ ਆਇਆ ਤੇ ਉਸਨੇ ਨੇੜਲੇ ਪਿੰਡਾਂ ਦੇ ਲੁਹਾਰ, ਤਰਖਾਣ ਮੰਗਵਾ ਕੇ ਜੰਗਲ ਦੇ ਰੁੱਖ ਕਟਵਾ ਕੇ ਚੁਫੇਰਿਉਂ ਅੱਗ ਲਗਵਾ ਦਿੰਤੀ। 5 ਹਜ਼ਾਰ ਦੀ ਫੌਜ ਦੇ ਸਿੰਘਾਂ ਨੂੰ ਮੁਸੀਬਤ ਪੈ ਗਈ।

ਸਿੰਘਾਂ ਵਾਸਤੇ ਇਹ ਘੋਰ-ਬਿਪਤਾ ਦਾ ਸਮਾਂ ਸੀ। ਫਿਰ ਵੀ ਉਹਨਾਂ ਨੇ ਮੁਗਲ ਸੈਨਾ ਦਾ ਟਾਕਰਾ ਬੜੀ ਬਹਾਦਰੀ ਨਾਲ ਕੀਤਾ। ਇਕ ਤਾਂ ਅਤਿ ਦੀ ਗਰਮੀ ਦੂਸਰਾ ਜੰਗਲ ਦੀ ਭਿਆਨਕ ਅੱਗ, ਤੀਜਾ ਉਚਾ-ਸਿੱਧਾ ਪਹਾੜ ਤੇ ਵਿਰੋਧੀ ਪਹਾੜੀ ਰਾਜੇ, ਚੌਥਾ ਚੜ੍ਹਦੇ ਪਾਸੇ ਸ਼ੂਕਦਾ ਬਿਆਸ ਦਰਿਆ। ਛੰਬ ਛੱਡ ਕੇ ਜਾਣ ਦਾ ਕੋਈ ਰਸਤਾ ਬਾਕੀ ਨਾ ਰਿਹਾ। ਲਖਪਤ ਰਾਏ ਦੀਆਂ ਫੌਜਾਂ ਤੇਜੀ ਨਾਂਲ ਮਾਰੋ-ਮਾਰ ਕਰਦੀਆਂ ਵੱਧ ਰਹੀਆਂ ਸਨ। ਇਸ ਵਿਸ਼ਾਲ ਘੇਰੇ ਵਿਚ ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸ. ਸੁੱਖਾ ਸਿੰਘ ਮਾੜੀ ਕੰਬੋਕੀ, ਸ. ਗੁਰਦਿਆਲ ਸਿੰਘ ਡਲੇਵਾਲ ਅਗਵਾਈ ਕਰ ਰਹੇ ਸਨ। ਕੁਝ ਸਿੰਘਾਂ ਨੇ ਬਿਖੜਾ ਪੈਂਡਾ ਤਹਿ ਕਰਕੇ ਰਾਵੀ ਦਰਿਆ ਪਾਰ ਕਰਕੇ ਕਠੂ ਅਤੇ ਬਸੌਲੀ ਵੱਲ ਮੂੰਹ ਕੀਤਾ। ਅੱਗੋਂ ਪਹਾੜੀ ਰਾਜਿਆਂ ਨੇ ਗੋਲੀਆਂ ਦੀ ਬੁਛਾੜ ਕਰ ਦਿੱਤੀ। ਸਿੰਘ ਫਿਰ ਵੀ ਚੜ੍ਹਦੀਕਲਾ ਵਿਚ ਜੈਕਾਰੇ ਲਾਉਂਦਿਆਂ ਦੁਸ਼ਮਣਾਂ ਖਿਲਾਫ ਟੁੱਟ ਕੇ ਜੂਝ ਪਏ। ਇਹ ਘਮਾਸਾਨ ਦੀ ਗਹਿਗੱਚ ਲੜਾਈ ਵਿਚ 7 ਹਜ਼ਾਰ ਸਿੰਘ ਸ਼ਹੀਦੀ ਪਾ ਗਏ। ਲਖਪਤ ਦੇ ਨਾਮੀ ਜਰਨੈਲ ਇਸ ਯੁੱਧ ਵਿਚ ਮਾਰੇ ਗਏ। 3 ਹਜ਼ਾਰ ਸਿੰਘਾਂ ਨੂੰ ਫੜ ਕੇ ਲਾਹੌਰ ਦੇ ਨਾਖਾਸ਼ੂ ਚੌਂਕ ਵਿਚ ਸ਼ਹੀਦ ਕਰ ਦਿੱਤਾ ਗਿਆ। ਕੁਝ ਸਿੰਘ ਮਾਲਵੇ ਵੱਲ ਤੇ ਕੁਝ ਪਹਾੜਾਂ ਵੱਲ ਨਿਕਲ ਗਏ। ਕਈ ਸਿੰਘ ਜੰਗਲ ਦੀ ਅੱਗ ਤੇ ਦਰਿਆ ਦੀ ਮਾਰ ਹੇਠ ਸ਼ਹੀਦੀਆਂ ਪਾ ਗਏ ਸਨ। ਪਹਿਲਾਂ ਇਸ ਯੁੱਧ ਨੂੰ ਸਿਰਫ ਘੱਲੂਘਾਰਾ ਹੀ ਕਿਹਾ ਜਾਂਦਾ ਸੀ। ਮੁਗਲਾਂ ਦੇ ਦੋ ਦਹਾਕੇ ਤੱਕ ਚਲਦੇ ਜ਼ੁਲਮ ਦੌਰਾਨ 1762 ਈ: ਵਿਚ ਕੁਪ-ਰੋਹੀੜਾ ਦੇ ਅਸਥਾਨ 'ਤੇ ਹੋਏ ਸਿੱਖਾਂ ਦੇ ਭਾਰੀ ਕਤਲੇਆਮ ਤੋਂ ਬਾਅਦ ਇਸਨੂੰ ਛੋਟਾ ਘੱਲੂਘਾਰਾ ਕਿਹਾ ਜਾਣ ਲੱਗਾ। ਘੱਲੂਘਾਰੇ ਦਾ ਮਤਲਬ ਹੈ: ਸਭ ਕੁਝ ਬਰਬਾਦ ਹੋ ਜਾਣਾ। ਘੱਲੂਘਾਰੇ ਦਾ ਸਬੰਧ ਅਫਗਾਨੀ ਬੋਲੀ ਨਾਲ ਹੈ।



# ਈਸਾਈਅਤ ਅਤੇ ਸਿਆਸਤ



ਫਰੈਡੀ ਜੋਜ਼ਫ

ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਵਿੱਚ ਇੱਕ ਲੰਮਾ ਸਮਾਂ ਗਿਰਜਿਆਂ ਵਿੱਚ ਪ੍ਰਚਾਰ ਹੋਇਆ ਹੈ ਕਿ ਸਿਆਸਤ ਈਸਾਈਅਤ ਦੇ ਵਿਰੁਧ ਹੈ। ਸਿਆਸਤ ਦੇ ਅਰਥ ਲੋਕਾਂ ਨੂੰ ਇਹ ਦਸੇ ਗਏ - ਝੂਠ, ਫਰੇਬ, ਧੋਖਾਧੜੀ। ਇਸ ਪ੍ਰਚਾਰ ਦਾ ਨਤੀਜਾ ਇਹ ਹੋਇਆ ਕਿ ਸਾਡੇ ਲੋਕ ਸਿਆਸਤ ਤੋਂ ਬਹੁਤ ਦੂਰ ਹੁੰਦੇ ਚਲੇ ਗਏ। ਆਪਣੇ ਆਪ ਨੂੰ ਸੱਚਾ ਮਸੀਹੀ ਦਸਣ ਲਈ ਲੋਕ ਬੜੇ ਫਖਰ ਨਾਲ ਇਹ ਆਖਦੇ ਚਲੇ ਆ ਰਹੇ ਹਨ - ਮੈਂ ਰੂਹਾਨੀ ਹਾਂ- ਸਿਆਸੀ ਨਹੀਂ। ਅਰਥਾਤ ਝੂਠ ਤੁਫਾਨ ਤੋਲਣ ਵਾਲਾ ਵਿਅਕਤੀ ਨਹੀਂ ਹਾਂ।

ਅੱਜ ਵੀ ਜੋ ਲੋਕ ਖੁਦਾ ਦਾ ਘਰ ਵੇਚ ਗਏ, ਕਬਰਸਤਾਨ ਵੇਚ ਗਏ ਅਤੇ ਜਿੰਨ੍ਹਾਂ ਦੀ ਬੇਈਮਾਨੀ ਅਤੇ ਨਾਅਹਿਲੀਅਤ ਕਾਰਣ ਅੰਤਰ ਰਾਸ਼ਟਰੀ ਪੱਧਰ ਦੇ ਮਸੀਹੀ ਅਦਾਰੇ ਜ਼ੀਰੋ ਹੋ ਗਏ ਅਤੇ ਜਿਨ੍ਹਾਂ ਨੇ ਖੁਦਾ ਦੇ ਕੰਮ ਲਈ ਮਖਸੂਸ ਜ਼ਮੀਨਾਂ ਤੇ ਕਬਜ਼ੇ ਕੀਤੇ ਹੋਏ ਹਨ, ਉਹ ਵੀ ਆਪਣੇ ਆਪ ਨੂੰ ਪਾਕ ਸਾਫ ਤੇ ਰੂਹਾਨੀ ਆਖ ਰਹੇ ਹਨ ਕਿਉਂਕਿ ਉਹ ਸਿਆਸੀ ਨਹੀਂ ਹਨ। ਆਪਣੇ ਆਪ ਨੂੰ ਬਹੁਤ ਪੜ੍ਹੇ ਲਿਖੇ ਗਿਆਨੀ, ਵਿਦਵਾਨ ਅਤੇ ਬਾਈਬਲ ਦੇ ਮਾਹਿਰ ਕਹਾਉਣ ਵਾਲੇ ਲੋਕ ਵੀ ਇਹ ਕੁਕਰਮ ਕਰਨ ਵਾਲਿਆਂ ਨੂੰ ਚਰਚਾਂ ਦੇ ਅੰਦਰ ਅਤੇ ਚਰਚਾਂ ਦੇ ਬਾਹਰ ਫਰਸ਼ੀ ਸਲਾਮਾਂ ਮਾਰਨ ਵਿੱਚ ਬਹੁਤ ਮਾਣ ਮਹਿਸੂਸ ਕਰਦੇ ਹਨ।

ਭਾਰਤ ਨੂੰ ਅਜ਼ਾਦ ਹੋਇਆਂ 71 ਸਾਲ ਹੋ ਗਏ ਹਨ- ਸਾਰੀਆਂ ਕੌਮਾਂ ਨੇ ਇਨ੍ਹਾਂ 71 ਸਾਲਾਂ ਵਿੱਚ ਤਰੱਕੀ ਕੀਤੀ ਹੈ - ਕਿਸੇ ਨੇ ਥੋੜੀ ਕਿਸੇ ਨੀ ਬਹੁਤੀ ਪਰ ਆਪਣੇ ਆਪ ਨੂੰ ਖੁਦਾ ਦੀ ਚੁਣੀ ਹੋਈ ਕੌਮ ਕਹਿਣ ਵਾਲਿਆਂ ਦੀ ਕੌਮ ਉਥੇ ਦੀ ਉਥੇ ਹੀ ਖੜੀ ਹੈ ਜਿਥੇ 71 ਸਾਲ ਪਹਿਲਾਂ ਖੜੀ ਸੀ। ਹਾਲੇ ਤੱਕ ਵੀ ਸਾਡੀਆਂ ਧੀਆਂ ਭੈਣਾਂ ਜੱਟਾਂ ਦੇ ਖੇਤਾਂ ਵਿੱਚ ਝੋਨਾ ਲਾਉਂਦੀਆਂ ਤੇ ਆਲੂ ਪੁਟਦੀਆਂ ਨਜ਼ਰ ਆ ਰਹੀਆਂ ਹਨ। ਲੋਕਾਂ ਦੇ ਘਰਾਂ ਵਿੱਚ ਝਾੜੂ ਪੋਚਾ ਲਾ ਰਹੀਆਂ ਹਨ। ਉਨ੍ਹਾਂ ਦੇ ਭਾਂਡੇ ਧੋ ਕੇ ਘਰ ਦਾ ਗੁਜ਼ਾਰਾ ਚਲਾ ਰਹੀਆਂ ਹਨ। ਮਰਦ ਮਾੜਾ ਮੋਟਾ ਦਿਹਾੜੀ ਦੱਪਾ ਕਰਕੇ ਬੜੀ ਮੁਸ਼ਕਲ ਨਾਲ ਦੋ ਡੰਗ ਦੀ ਰੋਟੀ ਜੁਟਾ ਪਾਉਂਦੇ ਹਨ।

ਸਾਡੇ ਵਿਚੋਂ ਕੁਝ ਲੋਕ ਜੋ ਪੜ ਲਿਖ ਗਏ ਹਨ ਜਾਂ ਜਿਨ੍ਹਾਂ ਨੇ ਡਾਕਟਰੀ ਜਾਂ ਪੈਰਾ ਮੈਡੀਕਲ ਕਿੱਤਿਆਂ ਦੀ ਟਰੇਨਿੰਗ ਲੈ ਲਈ ਹੋਈ ਹੈ ਜਾਂ ਜਿਹੜੇ ਪੜ੍ਹ ਲਿਖ ਕੇ ਟੀਚਰ ਜਾਂ ਵਕੀਲ ਬਣ ਗਏ ਹਨ ਜਾਂ ਹੋਰ ਸਨਮਾਨਜਨਕ ਕਿੱਤਿਆਂ ਵਿੱਚ ਚਲੇ ਗਏ ਹਨ, ਉਹ ਇਸੇ ਨੂੰ ਕੌਮ ਦੀ ਸਭ ਤੋਂ ਵੱਡੀ ਪ੍ਰਾਪਤੀ ਸਮਝਦੇ ਹਨ। ਜਿਨ੍ਹਾਂ ਨੇ ਕੱਚੇ ਕੋਠਿਆਂ ਵਿਚੋਂ ਨਿਕਲ ਕੇ 5-5, 7-7 ਮਰਲੇ ਦੇ ਪੱਕੇ ਮਕਾਨ ਬਣਾ ਲਏ ਹਨ, ਉਨ੍ਹਾਂ ਦੀ ਨਜ਼ਰ ਵਿੱਚ ਇਹ ਸਭ ਕੁਝ ਖੁਦਾ ਦੀ ਕਿਰਪਾ ਹੈ। ਖੁਦਾ ਦਾ ਸ਼ੁਕਰ ਕਰਨਾ ਵੀ ਚਾਹੀਦਾ ਹੈ ਇਸ ਵਿੱਚ ਕੋਈ ਗਲਤ ਗੱਲ ਨਹੀਂ ਹੈ ਪਰ ਇਸ ਸੂਬੇ ਵਿੱਚ ਅੱਜ ਕਿਸ ਦਾ ਘਰ ਕੱਚਾ ਹੈ? ਕੀ ਪਛੜੇ ਤੋਂ ਪਛੜੇ ਲੋਕਾਂ ਵਿਚੋਂ ਵੀ ਬਹੁਤ ਸਾਰੇ ਲੋਕਾਂ ਕੋਲ ਇਹ ਸਭ ਕੁਝ ਨਹੀਂ ਹੈ? ਬਲਕਿ ਦਲਿਤ ਵਰਗਾਂ ਨਾਲ ਸਬੰਧਤ ਬਹੁਤ ਸਾਰੇ ਲੋਕ ਹਰ ਖੇਤਰ ਵਿੱਚ ਬਹੁਤ ਉੱਚ ਪਾਏ ਤੇ ਪਹੁੰਚ ਗਏ ਹੋਏ ਹਨ।

ਨਾਂ ਮਾਤਰ ਈਸਾਈਆਂ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਕੌਮ ਦੀ ਉੱਨਤੀ ਨਹੀਂ ਸਮਝਿਆ ਜਾ ਸਕਦਾ। ਜਿਥੋਂ ਤੱਕ ਕੌਮ ਦਾ ਸਬੰਧ ਹੈ ਕੌਮ ਆਰਥਿਕ, ਸਮਾਜਿਕ, ਵਿਦਿਅਕ ਤੇ ਸਭਿਆਚਾਰਕ ਤੌਰ ਤੇ ਸਾਰੀਆਂ ਕੌਮਾਂ ਤੋਂ ਪਿਛੇ ਚਲ ਰਹੀ ਹੈ। ਸਭ ਤੋਂ ਦੁਖਦਾਈ ਪੱਖ ਇਹ ਹੈ ਕਿ ਈਸਾਈਆਂ ਦੇ ਹੱਥ ਵਿੱਚ ਸੰਸਾਰ ਦਾ ਸਰਵੋਤਮ ਧਰਮ ਗ੍ਰੰਥ ਹੈ ਜਿਸਦੇ ਸਹਾਰੇ ਪਤਾਲ ਵਿੱਚ ਫਿਰ ਰਹੀਆਂ ਕੌਮਾਂ ਅੱਜ ਅਕਾਸ਼ ਨਾਲ ਗੱਲਾਂ ਕਰ ਰਹੀਆਂ। ਸੰਸਾਰ ਦੇ 164 ਅਜੇਹੇ ਦੇਸ਼ ਹਨ ਜਿਨ੍ਹਾਂ ਦੀ ਹਾਲਤ ਅੱਜ ਦੇ ਪੰਜਾਬ ਦੇ ਈਸਾਈਆਂ ਤੋਂ ਬਹੁਤ ਜ਼ਿਆਦਾ ਮਾੜੀ ਸੀ ਪਰ ਜਿਉਂ ਹੀ ਉਨ੍ਹਾਂ ਨੇ ਬਾਈਬਲ ਹੱਥ ਵਿੱਚ ਲਈ ਉਹ ਅਕਾਸ਼ ਨਾਲ ਗੱਲਾਂ ਕਰਨ ਲੱਗ ਪਏ। ਅਸੀਂ ਆਪਣੀ ਤੁੱਛ ਬੁੱਧੀ ਅਨੁਸਾਰ ਸਮਝਦੇ ਹਾਂ ਕਿ ਭਾਰਤ ਦੇ ਈਸਾਈ ਲੋਕਾਂ ਨੂੰ ਬਾਈਬਲ ਦਾ ਗਿਆਨ ਦੇਣ ਦਾ ਸ਼ੌਕ ਰੱਖਣ ਵਾਲੇ ਲੋਕ ਹਨ- ਖੁਦ ਬਾਈਬਲ ਦੇ ਆਦੇਸ਼ਾਂ ਤੇ ਅਮਲ ਕਰਨ ਵਾਲੇ ਨਹੀਂ ਹਨ।

ਉਹ ਇਹ ਗੱਲ ਸਮਝਣ ਵਿੱਚ ਅਸਫਲ ਰਹੇ ਹਨ ਕਿ ਖੁਦਾ ਨੇ ਇਸਰਾਈਲ ਕੌਮ ਦੀ ਉਸਰੀ ਦੋ ਥੰਮਾਂ ਤੇ ਕੀਤੀ - ਸਿਆਸਤ ਅਤੇ ਧਰਮ। ਮੂਸਾ ਸਿਆਸਤ ਦਾ ਥੰਮ੍ਹ ਸੀ ਜਦਕਿ ਹਾਰੂਨ ਧਰਮ ਦਾ ਥੰਮ੍ਹ ਸੀ। ਖੁਦਾ ਹਾਰੂਨ ਦੀ ਬਜਾਏ ਮੂਸਾ ਦੀ ਅਗਵਾਈ ਵਿਚ ਇਸਰਾਈਲ ਨੂੰ ਕਨਾਨ ਵਿੱਚ ਲੈ ਕੇ ਗਿਆ ਜਿਥੇ ਦੁੱਧ ਤੇ ਸ਼ਹਿਦ ਦੀਆਂ ਨਦੀਆਂ ਵਗਦੀਆਂ ਸਨ। ਦੁੱਧ ਤੇ ਸ਼ਹਿਦ ਦਾ ਅਰਥ ਹੈ ਪਦਾਰਥਕ ਖੁਸ਼ਹਾਲੀ। ਖੁਦਾ ਨੇ ਇਸਰ-ਾਏਲ ਨੂੰ ਸਿਆਸੀ ਗੁਲਾਮੀ ਵਿਚੋਂ ਕੱਢ ਕੇ ਕਨਾਨ ਵਿੱਚ ਹਾਕਮ ਬਣਾਇਆ ਅਰਥਾਤ ਉਹ ਸਿਆਸਤ ਦੇ ਮੁਖੀ ਬਣੇ। ਅੱਜ ਸੰਸਾਰ ਦੇ 164 ਈਸਾਈ ਦੇਸ਼ ਹਨ ਜਿਨ੍ਹਾਂ ਨੇ ਮੂਸਾ ਨੂੰ ਜ਼ਿੰਦਾ ਰੱਖਿਆ ਹੋਇਆ ਹੈ ਅਰਥਾਤ ਇਹ ਦੇਸ਼ ਸਿਆਸਤ ਕਾਰਣ ਹੀ ਬਹੁਤ ਅਹਿਮ ਦੇਸ਼ ਮੰਨੇ ਜਾਂਦੇ ਹਨ।

ਅਸੀਂ ਇਸ ਨਤੀਜੇ ਤੇ ਪੁੱਜੇ ਹਾਂ ਕਿ ਭਾਰਤ, ਬੰਗਲਾਦੇਸ਼ ਤੇ ਪਾਕਿਸਤਾਨ ਵਿੱਚ ਢੱਗੇ ਹੱਕਣ ਵਾਲੇ ਧਾਰਮਿਕ ਨੇਤਾਵਾਂ ਨੇ ਕੌਮ ਨੂੰ ਬੁਰੀ ਤਰ੍ਹਾਂ ਗੁਮਰਾਹ ਕੀਤਾ ਹੈ ਅਤੇ ਬਾਈਬਲ ਦੇ ਫੁਰਮਾਨ ਦੇ ਉਲਟ ਈਸਾਈ ਸਮਾਜ ਨੂੰ ਸਿਆਸਤ ਦੇ ਵਿਰੁਧ ਕਰ ਦਿੱਤਾ ਜਿਸ ਕਾਰਣ ਈਸ-ਾਈਆਂ ਦਾ ਭਵਿੱਖ ਤਬਾਹ ਹੋ ਗਿਆ ਅਤੇ ਅੱਜ ਵੀ ਕਿਤੇ ਕੋਈ ਆਸ ਨਜ਼ਰ ਨਹੀਂ ਆਉਂਦੀ ਕਿ ਸਾਡੇ ਲੋਕ ਇਸ ਭਿਆਨਕ ਭੁੱਲ ਤੋਂ ਕਦੇ ਮੁਕਤੀ ਪ੍ਰਾਪਤ ਕਰ ਲੈਣਗੇ। ਸਾਡੀ ਜੋ ਅੱਜ ਦੀ ਹਾਲਤ ਹੈ ਉਸ ਲਈ ਸੌ ਫੀਸਦੀ ਉਹੀ ਲੋਕ ਜ਼ਿੰਮੇਵਾਰ ਹਨ ਜੋ ਸਾਨੂੰ ਇਹ ਪੁੱਠੇ ਪਾਠ ਪੜਾਉਂਦੇ ਚਲੇ ਆ ਰਹੇ ਹਨ ਕਿ ਸਿਆਸਤ ਈਸਾਈਅਤ ਦੇ ਵਿਰੁਧ ਹੈ। ਕੀ ਇਸ ਬਾਰੇ ਈਸਾਈ ਵਿਚਾਰ ਕਰਨਗੇ?

**ਈਸ਼ਨੰਦਾ ਦੇ ਦੋਸ਼ ਤੋਂ ਬਰੀ- ਆਸੀਆ ਕੈਨੇਡਾ ਪੁੱਜੀ**

ਇਸਲਾਮਾਬਾਦ- ਈਸ਼ਨੰਦਾ ਦੇ ਦੋਸ਼ ਵਿੱਚ ਬਰੀ ਹੋਈ ਈਸਾਈ ਔਰਤ ਆਸੀਆ ਬੀਬੀ (47) ਨੇ ਆਪਣਾ ਦੇਸ਼ ਪਾਕਿਸਤਾਨ ਛੱਡ ਦਿੱਤਾ ਹੈ। ਉਸ ਦੇ ਵਕੀਲ ਦਾ ਕਹਿਣਾ ਹੈ ਕਿ ਉਹ ਹੁਣ ਕੈਨੇਡਾ ਪੁੱਜ ਗਈ ਹੈ।

ਚਾਰ ਬੱਚਿਆਂ ਦੀ ਮਾਂ ਆਸੀਆ ਨੂੰ 2010 ਵਿੱਚ ਈਸ਼ਨੰਦਾ ਦੇ ਦੋਸ਼ ਵਿੱਚ ਦੋਸ਼ੀ ਠਹਿਰਾਉਂਦੇ ਹੋਏ ਮੌਤ ਦੀ ਸਜ਼ਾ ਸੁਣਾਈ ਗਈ ਸੀ। ਉਸ ਤੇ ਦੋਸ਼ ਸੀ ਕਿ ਉਸਨੇ ਗੁਆਂਢੀਆਂ ਨਾਲ ਝਗੜੇ ਵਿੱਚ ਇਸਲਾਮ ਦਾ ਅਪਮਾਨ ਕੀਤਾ। ਆਸੀਆ ਨੇ ਹਾਲਾਂਕਿ ਇਸ ਤੋਂ ਨਾਂਹ ਕੀਤੀ ਸੀ ਤੇ ਖੁਦ ਨੂੰ ਬੇਕਸੂਰ ਦੱਸਿਆ ਸੀ। ਪਰ ਫਿਰ ਵੀ ਉਸ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ।

# ਮਨੁੱਖੀ ਜਿੰਦਗੀ ਲਈ ਬੇਹੱਦ ਘਾਤਕ ਹੈ ਤੰਬਾਕੂ ਦਾ ਸੇਵਨ




ਨਵਜੋਤ ਬਜਾਜ (ਗੱਗੂ)
91-98721-02614

ਵਿਸ਼ਵ ਸਿਹਤ ਸੰਗਠਨ ਵੱਲੋਂ ਹਰ ਸਾਲ 31 ਮਈ ਦਾ ਦਿਨ 'ਵਿਸ਼ਵ ਤੰਬਾਕੂ ਮੁਕਤ ਦਿਵਸ' ਵਜੋ ਮਨਾਇਆ ਜਾਂਦਾ ਹੈ। 'ਵਿਸ਼ਵ ਤੰਬਾਕੂ ਮੁਕਤ ਦਿਵਸ' ਪਹਿਲੀ ਵਾਰ 7 ਅਪ੍ਰੈਲ 1988 ਈਸਵੀ ਵਿੱਚ ਮਨਾਇਆ ਗਿਆ ਸੀ ਅਤੇ ਇਸ ਤੋ ਬਾਅਦ ਹਰ ਸਾਲ 31 ਮਈ ਨੂੰ ਪੂਰੀ ਦੁਨੀਆ ਵਿੱਚ ਇਹ ਦਿਵਸ ਮਨਾਇਆ ਜਾਣ ਲੱਗਾ।ਇਸ ਦਿਨ ਨੂੰ ਮਨਾਉਣ ਦਾ ਮਕਸਦ ਲੋਕਾਂ ਵਿੱਚ ਤੰਬਾਕੂ ਦੀ ਵਰਤੋ ਦੇ ਨੁਕਸਾਨ ਪ੍ਰਤੀ ਜਾਗਰੂਕਤਾ ਲਿਆ ਕੇ ਤੰਬਾਕੂ ਦੀ ਹਰ ਤਰ੍ਹਾਂ ਦੀ ਖਪਤ ਨੂੰ ਘਟਾਉਣਾ ਅਤੇ ਰੋਕਣਾ ਹੈ।

ਵਿਸ਼ਵ ਵਿੱਚ 1.3 ਬਿਲੀਅਨ ਤੋ ਜ਼ਿਆਦਾ ਲੋਕ ਤੰਬਾਕੂ ਦੀ ਵਰਤੋ ਕਰਦੇ ਹਨ ।ਸਾਲ 2020 ਤੱਕ 20 ਤੋ 2.5 ਪ੍ਰਤੀਸ਼ਤ ਤੱਕ ਤੰਬਾਕੂ ਦੀ ਵਰਤੋ ਘੱਟ ਕਰਕੇ ਲਗਭਗ 100 ਮਿਲੀਅਨ ਲੋਕਾਂ ਨੂੰ ਅਣ ਆਈ ਮੌਤ ਤੋ ਬਚਾਇਆ ਜਾ ਸਕਦਾ ਹੈ, ਪਰ ਇਹ ਤਾਂ ਹੀ ਸੰਭਵ ਹੈ ਜੇਕਰ ਤੰਬਾਕੂਨੋਸ਼ੀ ਵਿਰੁੱਧ ਲਾਮਬੰਦ ਹੋ ਕੇ ਇੱਕ ਵੱਡੀ ਲਹਿਰ ਖੜ੍ਹੀ ਕੀਤੀ ਜਾਵੇ ਅਤੇ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਰਾਹੀ ਤੰਬਾਕੂ ਦੀ ਹੁੰਦੀ ਇਸ਼ਤਿਹਾਰਬਾਜ਼ੀ ਨੂੰ ਬੰਦ ਕਰਕੇ ਤੰਬਾਕੂ ਤੋ ਹੋਣ ਵਾਲੇ ਨੁਕਸਾਨਾਂ ਪ੍ਰਤੀ ਆਮ ਲੋਕਾਂ ਨੂੰ ਚੇਤੰਨ ਕੀਤਾ ਜਾਵੇ।

ਭਾਵੇਂ ਸਰਕਾਰ ਵੱਲੋ ਕਾਨੂੰਨ ਪਾਸ ਕਰਕੇ ਸਰਵਜਨਕ ਸਥਾਨਾਂ ਤੇ ਤੰਬਾਕੂ ਵਰਤਣ ਦੀ ਮਨਾਹੀ ਕੀਤੀ ਹੋਈ ਹੈ, ਪਰ ਇਹ ਕਾਨੂੰਨ ਫਾਈਲਾਂ ਵਿੱਚ ਹੀ ਦੱਬ ਕੇ ਰਹਿ ਗਿਆ ਹੈ ਅਤੇ ਸਰਵਰਜਨਕ ਥਾਵਾਂ ਤੇ ਤੰਬਾਕੂਨੋਸ਼ੀ ਕਰਨ ਵਾਲੇ ਲੋਕ ਆਮ ਹੀ ਵੇਖੇ ਜਾ ਸਕਦੇ ਹਨ।ਸਿਹਤ ਵਿਭਾਗ ਵੱਲੋ ਸਾਲ ਵਿੱਚ ਇੱਕ ਦੋ ਵਾਰ ਸਰਵਜਨਕ ਥਾਂਵਾ ਤੇ ਤੰਬਾਕੂ ਨੋਸ਼ੀ ਕਰਨ ਵਾਲਿਆਂ ਦੇ ਚਲਾਨ ਕਰਨ ਮੌਕੇ ਦੀਆਂ ਫੋਟੋਆਂ ਅਖ਼ਬਾਰਾਂ ਵਿੱਚ ਲਗਵਾ ਕੇ ਤੰਬਾਕੂਨੋਸ਼ੀ ਰੋਕਣ ਦਾ ਵਿਖਾਵਾ ਕੀਤਾ ਜਾਂਦਾ ਹੈ, ਪਰ ਇਸ ਕਾਨੂੰਨ ਨੂੰ ਅਜੇ ਤੱਕ ਪ੍ਰਭਾਵੀ ਰੂਪ ਵਿੱਚ ਲਾਗੂ ਨਹੀਂ ਕੀਤਾ ਜਾ ਸਕਿਆ ਹੈ।ਸਾਰਾ ਕੁੱਝ ਸਰਕਾਰਾਂ ਤੇ ਹੀ ਨਾ ਛੱਡ ਕੇ ਅਸੀ ਵੀ ਆਪਣਾ ਨੈਤਿਕ ਫਰਜ਼ ਸਮਝਦੇ ਹੋਏ ਸਰਵਜਨਕ ਥਾਵਾਂ 'ਤੇ ਤੰਬਾਕੂਨੋਸ਼ੀ ਕਰਨ ਵਾਲੇ ਵਿਅਕਤੀਆਂ ਨੂੰ ਰੋਕ ਕੇ ਇਸ ਮੁਹਿੰਮ ਵਿੱਚ ਆਪਣਾਂ ਯੋਗਦਾਨ ਪਾ ਸਕਦੇ ਹਾਂ।



ਦੇਸ਼ ਵਿੱਚ 18 ਸਾਲ ਤੋ ਘੱਟ ਉਪਰ ਦੇ ਵਿਅਕਤੀ ਨੂੰ ਤੰਬਾਕੂ ਵੇਚਣ ਵਿਰੋਧੀ ਕਾਨੂੰਨ ਬਣਿਆ ਹੋਇਆ ਹੈ, ਪਰ ਲੋੜ ਹੈ ਇਸ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ।2014 ਵਿੱਚ ਕੇਂਦਰੀ ਸਿਹਤ ਮੰਤਰਾਲੇ ਨੇ ਤੰਬਾਕੂ ਦੇ ਪੈਕਟਾਂ 'ਤੇ ਦੋਵੇਂ ਪਾਸੇ 85 ਫੀਸਦੀ ਹਿੱਸੇ 'ਤੇ ਮੋਟੇ ਅੱਖਰਾਂ ਅਤੇ ਤਸਵੀਰਾਂ ਰਾਹੀ ਇਸ ਦੀ ਵਰਤੋ ਨਾ ਕਰਨ ਸਬੰਧੀ ਚਿਤਾਵਨੀ ਛਾਪਣ ਦੇ ਹੁਕਮ ਦਿੱਤੇ ਸਨ, ਪਰ ਤੰਬਾਕੂ ਸਨਅਤਕਾਰਾਂ ਦੇ ਦਬਾਅ ਕਾਰਨ ਇਨ੍ਹਾਂ ਹੁਕਮਾਂ 'ਤੇ ਅਮਲ ਨਹੀਂ ਹੋ ਸਕਿਆ ਸੀ।

ਤੰਬਾਕੂਨੋਸ਼ੀ ਕਾਰਨ ਹਰ ਸਾਲ ਵਿਸ਼ਵ ਵਿੱਚ ਲਗਭਗ 7 ਮਿਲੀਅਨ ਲੋਕ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ।ਮਰਨ ਵਾਲਿਆਂ ਵਿੱਚੋ 6 ਮਿਲੀਅਨ ਤੋ ਜ਼ਿਆਦਾ ਲੋਕ ਸਿੱਧੇ ਰੂਪ ਵਿੱਚ ਤੰਬਾਕੂ ਦੀ ਵਰਤੋਂ ਕਰਨ ਵਾਲੇ ਹਨ, ਜਦਕਿ 9 ਲੱਖ ਦੇ ਲਗਭਗ ਲੋਕ ਅਜਿਹੇ ਹਨ, ਜਿਹੜੇ ਆਪ ਤੰਬਾਕੂ ਦਾ ਸੇਵਨ ਨਹੀ ਕਰਦੇ, ਪਰ ਉਹ ਤੰਬਾਕੂ ਦਾ ਸੇਵਨ ਕਰਨ ਵਾਲਿਆਂ ਦੇ ਸੰਪਰਕ ਵਿੱਚ ਆਉਣ ਕਰਕੇ ਲੱਗਣ ਵਾਲੀਆਂ ਬਿਮਾਰੀਆਂ ਨਾਲ ਮਰ ਜਾਂਦੇ ਹਨ।ਜੇਕਰ ਇਸ ਮਹਾਂਮਾਰੀ ਨੂੰ ਨਾ ਰੋਕਿਆ ਗਿਆ ਤਾਂ ਸਾਲ 2030 ਤੱਕ ਹਰ ਸਾਲ ਤੰਬਾਕੂਨੋਸ਼ੀ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧ ਕੇ 8 ਮਿਲੀਅਨ ਤੱਕ ਪਹੁੰਚ ਜਾਵੇਗੀ।ਤੰਬਾਕੂਨੋਸ਼ੀ ਕਰਨ ਵਾਲੇ ਵਿਸ਼ਵ ਦੇ ਲਗਭਗ 1.3 ਮਿਲੀਅਨ ਲੋਕਾਂ ਵਿੱਚੋ 80 ਪ੍ਰਤੀਸ਼ਤ ਤੋ ਜ਼ਿਆਦਾ ਲੋਕ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਹਨ ਅਤੇ ਇਨ੍ਹਾਂ ਦੇਸ਼ਾਂ ਵਿੱਚ ਤੰਬਾਕੂ ਨਾਲ ਹੋਣ ਵਾਲੀਆਂ ਬਿਮਾਰੀਆਂ ਕਰਕੇ ਮਰਨ ਵਾਲੇ ਲੋਕਾਂ ਦੀ ਗਿਣਤੀ ਬੜੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ।

ਵਿਸ਼ਵ ਸਿਹਤ ਸੰਗਠਨ ਵੱਲੋ 'ਤੰਬਾਕੂ ਤੇ ਟੈਕਸ ਵਧਾਓ' ਦਾ ਨਾਹਰਾ ਦੇ ਕੇ ਸਾਰੇ ਦੇਸ਼ਾਂ ਨੂੰ ਇਹ ਅਪੀਲ ਕੀਤੀ ਗਈ ਸੀ ਕਿ ਉਹ ਤੰਬਾਕੂ ਵਾਲੀਆਂ ਵਸਤਾਂ 'ਤੇ 10 ਤੋ 30 ਫੀਸਦੀ ਤੱਕ ਟੈਕਸ ਵਧਾਉਣ ਤਾਂ ਕਿ ਇਸ ਦੀ ਖਪਤ ਨੂੰ ਘੱਟ ਕੀਤਾ ਜਾ ਸਕੇ।ਪਰ ਇਸ ਖੇਤਰ ਦੇ ਮਾਹਰਾਂ ਦਾ ਕਹਿਣਾ ਹੈ ਕਿ ਤੰਬਾਕੂ ਤੇ ਵਿੱਕਰੀ ਕਰ 70 ਤੋ 75 ਫੀਸਦੀ ਤੱਕ ਵਧਾ ਦੇਣਾ ਚਾਹੀਦਾ ਹੈ।ਤੰਬਾਕੂ ਦੀ ਵਰਤੋ ਕਰਨ ਵਾਲੇ ਲੋਕਾਂ ਤੇ ਕੀਤੇ ਗਏ ਇੱਕ ਸਰਵੇਖਣ ਵਿੱਚ ਦੇਖਿਆ ਗਿਆ ਹੈ ਕਿ ਤੰਬਾਕੂ ਵਸਤਾਂ ਤੇ ਟੈਕਸ਼ ਵਧਾਉਣ ਨਾਲ ਗਰੀਬ ਤਬਕੇ ਦੇ ਲੋਕਾਂ ਵਿੱਚ ਤੰਬਾਕੂ ਦੀ ਖਪਤ ਵਿੱਚ ਕਮੀ ਆਈ ਹੈ ਅਤੇ ਨੌਜਵਾਨ ਵਰਗ ਦਾ ਝੁਕਾਅ ਤੰਬਾਕੂਨੋਸ਼ੀ ਵਾਲੇ ਪਾਸੇ ਤੋ ਕੁੱਝ ਘਟਿਆ ਹੈ ।ਜੇਕਰ ਤੰਬਾਕੂ ਦੀ ਕੀਮਤ 10 ਪ੍ਰਤੀਸਤ ਵਧਾ ਦਿੱਤੀ ਜਾਵੇ ਤਾਂ ਵਿਕਸਤ ਦੇਸ਼ਾਂ ਵਿੱਚ 4 ਪ੍ਰਤੀਸ਼ਤ ਤੱਕ ਅਤੇ ਵਿਕਾਸਸ਼ੀਲ ਤੇ ਗਰੀਬ ਦੇਸ਼ਾਂ ਵਿੱਚ 8 ਪ੍ਰਤੀਸਤ ਤੱਕ ਤੰਬਾਕੂ ਦੀ ਖਪਤ ਨੂੰ ਘਟਾਇਆ ਜਾ ਸਕਦਾ ਹੈ।

ਵਿਸ਼ਵ ਤੰਬਾਕੂ ਮੁਕਤ ਦਿਵਸ਼ ਮਨਾਉਣ ਦਾ ਮੁੱਖ

**(ਬਾਕੀ ਸਫਾ 22 'ਤੇ)**

# ਤਿਲਕਾ ਮਾਂਝੀ ਭਾਰਤ ਦੀ ਅਜਾਦੀ ਦੀ ਲੜਾਈ ਦਾ ਪਹਿਲਾ ਸ਼ਹੀਦ



ਹਰਦੀਪ ਸਿੰਘ ਚੁੰਬਰ
91-94636-01616

1857 ਦੇ ਵਿਧਰੋਹ ਅਤੇ ਮੰਗਲ ਪਾਂਡੇ ਤੋਂ ਤਕਰੀਬਨ ਸੌ ਸਾਲ ਪਹਿਲਾਂ ਬ੍ਰਿਟਿਸ਼ ਕੁਲੈਕਟਰ 'ਅਗਸਟਸ ਕਲੀਵਲੈਂਡ' ਨੂੰ ਮਾਰਪੂਰੇ ਜਾਹੋਜਲਾਲ ਨਾਲ ਫਾਸੀ ਚੜਨ ਵਾਲਾ ਭਾਰਤੀ ਆਦਵਾਸੀ ਤਿਲਕਾ ਮਾਂਝੀ ਉਰਫਜਬਰ੍ਹਾ ਪਹਾੜੀਆ ਸੀ। ਉਹ ਭਾਰਤ ਦੀ ਅਜਾਦੀ ਦੇ ਸਭ ਤੋਂ ਪਹਿਲਾ ਸ਼ਹੀਦ ਹਨ। 18ਵੀ ਸਦੀ ਦੇ ਦੂਜੇ ਅੱਧ ਦੇ ਸਮੇਂ ਵਿਚ ਉਹਨਾਂਨੇ ਅੰਗਰੇਜਾਂ ਵਿਰੁੱਧ ਪਹਿਲਾ ਵੱਡਾ ਵਿਧਰੋਹ ਖੜਾ ਕੀਤਾ ਸੀ। ਇਹ ਸਨ ਸਿੰਗਾਰਸੀ ਪਹਾੜ, ਪਾਕੁੜ ਦੇ ਜਬਰ੍ਹਾ ਪਹਾੜੀਆ ਉਰਫ ਤਿਲਕਾ ਮਾਂਝੀ।ਉਸ ਦਾ ਜਨਮ 11 ਫਰਵਰੀ 1750 ਈ. ਨੂੰ ਤਿਲਕਪੁਰ ਪਿੰਡ ਦੇ ਸੰਥਾਲ ਪ੍ਰੀਵਾਰਵਿਚ ਹੋਇਆ। ਉਸ ਦੇ ਪਿਤਾ ਦਾ ਨਾਮ ਸੁੰਦਰਾ ਮੂਰਮੂ ਸੀ। ਮੁਰਮੂ ਉਹਨਾ ਦਾ ਗੋਤਰ ਸੀ। ਵੈਸੇ ਉਹਨਾਂ ਦਾ ਨਾਂ ਜਬਰ੍ਹਾਮੁਰਮੂ ਸੀ, ਪਹਾੜੀ ਇਲਾਕਾ ਹੋਣ ਕਾਰਨ ਪਹਾੜੀਆ ਵੀ ਨਾਂ ਦੇ ਨਾਲ ਲਗ ਗਿਆ ਸੀ। ਤਿਲਕਾ ਮਾਂਝੀ ਨਾਮ ਉਹਨਾਂ ਨੂੰਬ੍ਰਿਟਿਸ਼ ਸਰਕਾਰ ਨੇ ਦਿੱਤਾ ਸੀ।


ਹਮੇਸ਼ਾ ਤੋਂ ਹੀ ਇਤਿਹਾਸ ਦੇ ਪੰਨਿਆਂ ਉਤੇ ਜਿੰਦਾ ਰਹਿਣਾਂ ਉਤਰ ਅਧਿਕਾਰੀਆਂ ਦੀ ਹੈਸੀਅਤ, ਆਰਥਿਕ ਅਤੇ ਸਮਾਜਿਕ ਸਥਿਤੀ ਦੇ ਨਾਲ ਹੀ ਸਮਾਜਿਕ ਵਿਵਸਥਾ ਨਿਆਏ ਪਸੰਦ ਹੋਣ ਦੀ ਮਾਪਕ ਕਦਰ ਉਤੇ ਨਿਰਭਰ ਕਰਦਾ ਹੈ। ਸਮਾਜਿਕ ਅਨਿਆਏ ਵਾਲੇ ਵਾਤਾਵਰਨ ਵਿਚ ਦਮ ਦੇ ਨਾਲ ਹੀ ਜੀਵਤ ਰਿਹਾ ਜਾ ਸਕਦਾ ਹੈ ਅਤੇ ਕੁਰਬਾਨੀਆਂ ਨੂੰ ਜੀਵਤ ਰਖਿਆ ਜਾ ਸਕਦਾ ਹੈ।ਬਹੁਤਾ ਕਰਕੇ ਧਨਵਾਨ ਸਮੁਦਾਏ ਧਨ ਬਲ ਦੇ ਜੋਰ ਨਾਲ ਸਮਾਜਿਕ ਵਾਤਾਵਰਨ ਵਿਚ ਚੀਖ ਪੈਦਾ ਕਰ, ਸਮੁਦਾਏ ਨਾਲ ਸਬੰਧਤ ਕੁਰਬਾਨੀ ਦੀਆਂ ਘਟਨਾਵਾਂ ਨੂੰ, ਇਤਿਹਾਸ ਵਿਚ ਜਿੰਦਾ ਰਖਦੇ ਹਨ। ਸਮਾਜਿਕ ਅਤੇ ਧਨ ਬਲ ਨਾਲ ਸਮੇ ਦੀ ਛਾਤੀ ਉਤੇ ਗਹਿਰਾਈ ਨਾਲ ਵਾਹੀਆਂ ਲਕੀਰਾਂ ਇਕ ਕਰਾਤੀਕਾਰੀ ਨੂੰ ਅਸਮਾਨ ਵਿਚ ਚਮਕਦਾਰ ਸਟਾਰ ਬਣਾ ਦਿੰਦੀਆ ਂਹਨ। ਅਤੇ ਬਹੁਤ ਸਾਰਿਆਂ ਯੋਧਿਆਂ, ਕ੍ਰਾਂਤੀਕਾਰੀਆਂ ਨੂੰ ਬਹੁਤ ਸੁਹਿਰਦਤਾ ਨਾਲ ਉਚ ਸਥਾਨ ਪ੍ਰਾਪਤ ਹੋ ਜਾਂਦਾ ਹੈ। ਪਰ, ਸ਼ਹੀਦ ਦਾਕਮਜੋਰ ਸਮੁਦਾਏ ਵਿਚੋ ਹੋਣ ਕਾਰਨ ਬਹੁਤ ਸਾਰਿਆਂ ਨੂੰ ਮਹਾਨ ਕੁਰਬਾਨੀਆਂ ਬਾਵਜੂਦ ਇਤਿਹਾਸ ਦੇ ਗਰਭ ਵਿਚ ਸੌਖੀਆਂ ਹੀ ਨਜ਼ਰ ਅੰਦਾਜ਼ ਕਰਕੇ ਖਾਮੋਸ਼ ਦਫਨ ਕਰ ਦਿਤਾ ਜਾਂਦਾ ਹੈ। ਅੱਜ ਦੇ ਸਮੇਂ ਵਿਚ ਵੀ ਕੁਰਬਾਨੀਆਂ ਦੇ ਮੁੱਲ ਸਮਾਜਿਕ ਹੈਸੀਅਤ ਅਨੁਸਾਰ ਹੀ ਪਾਏ ਜਾਂਦੇ ਹਨ, ਇਸ ਦੀਆਂ ਬਹੁਤ ਸਾਰੀਆਂ ਉਧਾਰਨਾਂ ਸਹਿਜੇ ਹੀ ਮਿਲਦੀਆਂ ਰਹਿੰਦੀਆਂ ਹਨ।

ਸਹੀਦਾਂ ਦੇ ਸਿਰਤਾਜ, ਸਹੀਦ ਭਗਤ ਸਿੰਘ ਦੀ 1931 ਨੂੰ ਫਾਂਸੀ ਦੀ ਸਜਾ ਹੋਈ ਸੀ ਇਕ ਅੰਗਰੇਜ ਅਫਸਰ ਸਾਂਡਰਸ ਨੂੰ ਗੋਲੀ ਮਾਰਨ ਕਾਰਨ ਹੋਈ। ਉਹਨਾਂ ਦੀ ਕੁਰਬਾਨੀ ਨੂੰ ਪੂਰੀ ਦੁਨੀਆਂ ਵਿਚ ਯਾਦ ਕੀਤਾ ਜਾਂਦਾ ਹੈ। ਸਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਉਹਨਾਂ ਦੇ ਜੀਵਨ ਅਧਾਰਿਤ ਬਹੁਤ ਸਾਰੀਆਂ ਫਿਲਮਾਂ ਵੀ ਬਣੀਆਂ ਅਤੇ ਹੋਰ ਮਧਿਅਮਾਂ ਰਾਹੀ ਯਾਦ ਕਰਦੇ ਰਹਿੰਦੇ ਹਾਂ। ਇਸ ਨਾਲ ਅਸੀ ਪ੍ਹੀੜੀ ਦਰ ਪ੍ਹੀੜੀ ਕੌਮ ਦੇ ਸ਼ਹੀਦਾਂ ਨੂੰ ਬਣਦਾ ਮਾਣ ਸਤਿਕਾਰ ਦਿਵਾਉਣ ਦੀ ਜਿੰਮੇਵਾਰੀ ਨਿਭਾਉਂਦੇ ਹਾਂ।

ਸਹੀਦ ਭਗਤ ਸਿੰਘ ਦੇ ਨਾਲ ਮੇਲ ਖਾਂਦੀ ਅਤੇ ਬਰਾਬਰ ਦੀ ਕੁਰਬਾਨੀ ਅਜੋਕੇ ਬਿਹਾਰਦੇ ਪਹਾੜੀ ਖੇਤਰ ਵਿਚ ਪੈਦਾ ਹੋਏ ਜਬਰ੍ਹਾ ਪਹਾੜੀਆ ਉਰਫ ਤਿਲਕਾ ਮਾਂਝੀ ਦੀ ਹੈ। ਉਹ ਤਿਲਕਾਪੁਰ ਪਿੰਡ ਦੇ ਮੁੱਖੀਆ ਵੀ ਸਨ। ਬ੍ਰਿਟਿਸ਼ ਦਸਤਾਵੇਜ਼ਾਂ ਵਿਚ 'ਜਬਰ੍ਹਾ ਪਹਾੜੀਆ' ਦਾ ਨਾਂ ਹੀ ਹੈ, ਪਰ 'ਤਿਲਕਾ' ਦਾ ਕੋਈ ਜ਼ਿਕਰ ਨਹੀਂ ਹੈ। ਤਿਲਕਾ ਨੇ ਹਮੇਸ਼ਾ ਅੰਗਰੇਜ਼ ਸ਼ਾਸਕਾਂ ਦੁਆਰਾ ਆਪਣੇ ਲੋਕਾਂ ਨੂੰ ਲੁੱਟਦਿਆਂ ਅਤੇ ਆਪਣੇ ਲੋਕਾਂ ਨੂੰ ਤਸੀਹੇ ਝਲਦਿਆ ਦੇਖਿਆ। ਅੰਗਰੇਜ਼ ਸ਼ਾਸਕਾਂ ਦੁਆਰਾ ਗਰੀਬ ਆਦਿਵਾਸੀਆਂ ਦੀ ਜ਼ਮੀਨ, ਕਾਸ਼ਤ ਅਤੇ ਜੰਗਲੀ ਦਰਖ਼ਤਾਂ ਉੱਤੇ ਕਬਜ਼ਾ ਕਰ ਲਿਆ ਗਿਆ ਸੀ। ਕਬੀਲੇ ਦੇ ਪਹਾੜੀ ਮੁਖੀਆਂ ਦੀ ਲੜਾਈ ਅਕਸਰ ਅੰਗਰੇਜਾ ਨਾਲ ਹੁੰਦੀ ਰਹਿੰਦੀ ਸੀ ਪਰ ਪਹਾੜੀ ਭੂਮੀਪਤੀ (ਲੈਂਡ ਲੌਰਡ) ਵਲੋ ਹਮੇਸ਼ਾ ਹੀ ਅੰਗਰੇਜੀ ਹਕੂਮਤ ਨੂੰ ਸਮਰਥਨ ਦਿੱਤਾ ਜਾਂਦਾ ਸੀ।

ਹੌਲੀ ਹੌਲੀ ਉਹ ਇਸ ਦੇ ਵਿਰੁੱਧ ਤਿਲਕਾ ਨੇ ਆਪਣੇ ਸਮਾਜ ਨੂੰ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਉਹ ਬੇਇਨਸਾਫ਼ੀ ਅਤੇ ਗੁਲਾਮੀ ਵਿਰੁੱਧ ਸੰਘਰਸ਼ ਕਰਦੇ ਸਨ। ਤਿਲਕਾ ਮਾਂਝੀ ਰਾਸ਼ਟਰੀ ਭਾਵਨਾਵਾਂ ਨੂੰ ਜਗਾਉਣ ਲਈ ਭਾਗਲਪੁਰ ਦੇ ਸਥਾਨਕ ਲੋਕਾਂ ਨੂੰ ਸੰਬੋਧਿਤ ਕਰਦੇ ਸਨ।ਉਹ ਲੋਕਾਂ ਨੂੰ ਗੁਲਾਮੀ ਵਿਚੋ ਨਿਕਲਣ ਲਈ, ਦੇਸ਼ ਨੂੰ ਇਕਜੁੱਟ ਹੋਣ ਲਈ ਪ੍ਰੇਰਿਤ ਕਰਦੇ ਸਨ।1770 ਵਿੱਚ, ਜਦੋਂ ਇੱਕ ਘਾਤਕ ਅਨਾਜ ਦਾ ਅਕਾਲ ਪਿਆ ਸੀ, ਮੁੱਖੀਆ ਹੋਣ ਦੇ ਨਾਤੇ ਉਹਨਾਂ ਸਰਕਾਰੀ ਸਹਾਇਤਾ ਮੰਗੀ, ਪਰ ਨਾ ਮਿਲਣ ਕਾਰਨ, ਆਮ





ਲੋਕਾਂ ਦੀ ਜਾਨ ਬਚਾਉਣ ਲਈ, ਤਿਲਕਾ ਨੇ ਅੰਗਰੇਜ਼ੀ ਰਾਜ ਦੇ ਖਜਾਨੇ ਨੂੰ ਲੁੱਟ ਲਿਆ ਅਤੇ ਇਸਨੂੰ ਆਮ ਗਰੀਬਾਂ ਵਿੱਚ ਵੰਡ ਦਿਤਾ। ਇਨ੍ਹਾਂ ਚੰਗੇ ਸਮਾਜਿਕ ਕੰਮਾਂ ਕਾਰਨਵਿਧਰੋਹੀਆਂ ਦੇ ਨਾਲ ਹੋਰ ਵੀ ਆਦਿਵਾਸੀ ਉਨ੍ਹਾਂ ਨਾਲ ਜੁੜ ਗਏ ਸਨ। ਇਹ ਆਪਣੇ 'ਸੰਥਲ ਹੁਲ' ਨਾਲ ਭਾਵ ਆਦਿਵਾਸੀਆਂ ਦਾ ਵਿਦਰੋਹ ਸ਼ੁਰੂ ਹੋਇਆ। ਉਹਨਾਂ ਨੇ ਬ੍ਰਿਟਿਸ਼ ਅਤੇ ਉਸ ਦੇ ਚਾਪਲੂਸ ਸਾਮੰਤਾ ਉਤੇ ਲਗਾਤਾਰ ਹਮਲਾ ਕੀਤੇ ਅਤੇ ਹਰ ਵਾਰ ਤਿਲੱਕਾ ਮਾਂਝੀ ਜਿੱਤ ਹੋਈ।

ਤਿਲਕਾ ਮਾਂਝੀ ਦੀ ਅਜਾਦੀ ਦੀ ਲੜਾਈ, ਭਾਰਤੀ ਸਵਰਣ ਸਮਾਜ ਦੀ ਅਜਾਦੀ ਦੀ ਲੜਾਈ ਨਾਲੋ ਕਈ ਗੁਣਾਂ ਵੱਧ ਔਖੀ ਸੀ। ਉਸ ਨੂੰ ਅੰਗਰੇਜ਼ ਸ਼ਾਸਨ ਸ਼ਕਤੀ ਨਾਲ ਲੜਨ ਦੇ ਨਾਲ ਭਾਰਤੀ ਸਾਮੰਤਾਂ ਨਾਲ ਇਕੋ ਸਮੇਂ ਲੜਨਾ ਪੈ ਰਿਹਾ ਸੀ। ਅੰਗਰੇਜ਼ ਸ਼ਾਸਨ ਅਤੇ ਭਾਰਤੀ ਸਾਮੰਤ ਦੋਨੋ ਹੀ ਤਿਲਕਾ ਮਾਂਝੀ ਨਾਲੋਂ ਕਿਤੇ ਵੱਧ ਧਨ ਅਤੇ ਸਾਧਨ ਸੰਪਨਸ਼ਕਤੀਆਂ ਸਨ। ਦੁਗਣੇ, ਤਿਗਣੇ ਟੈਕਸਾਂ ਦੀ ਮਾਰ ਝੱਲ ਰਹੇ ਪਹਾੜੀ, ਕਬਾਇਲੀ ਲੋਕ ਮਾਰ ਝੱਲ ਰਹੇ ਸਨ, ਅਜਾਦੀ ਦੀ ਲੜਾਈ ਲੜ ਰਹੇ ਸਨ। ਉਹਨਾਂ 1771 ਤੋਂ 1784 ਤੱਕ, ਜੰਗਲ ਦੇ ਇਸ ਪੁੱਤਰ ਨੇ ਬ੍ਰਿਟਿਸ਼ ਸ਼ਾਸਨ ਦੇ ਵਿਰੁੱਧ ਲੰਮੀ ਲੜਾਈ ਲੜੀ। ਉਹ ਕਦੇ ਵੀ ਉਹਨਾਂ ਅੱਗੇ ਨਾਂ ਹੀ ਝੁਕਿਆ ਅਤੇ ਨਾਂ ਹੀ ਡਰਿਆ। ਤਿਲਕਾ ਮਾਂਝੀ ਨੇ 'ਸੰਥਲ ਬਗ਼ਾਵਤ' ਦੀ ਅਗਵਾਈ ਕੀਤੀ। ਤਿਲਕਾ ਮਾਂਝੀ ਨੂੰ ਦੇਸ਼ ਦਾ ਪਹਿਲਾ ਆਜ਼ਾਦੀ ਘੁਲਾਟੀਏ ਦਾ ਅਤੇ ਸ਼ਹੀਦ ਦਾ ਨਾਂ ਦਿੱਤਾ ਗਿਆ ਹੈ। ਬਹਾਦਰ ਅਜ਼ਾਦੀ ਘੁਲਾਟੀਏ ਨੂੰ 1785 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਫਿਰ ਚੌਰਾਹੇ ਵਿਚ ਫਾਂਸੀ ਦੇ ਦਿੱਤੀ ਗਈ ਸੀ।

ਜੰਗਲ, ਤਰਾਈ, ਵਾਦੀਆਂ, ਨਦੀਆਂ ਗੰਗਾ, ਬ੍ਰਹਮੀ ਆਦਿ ਦਰਿਆ ਦੇ ਇਲਾਕੇ ਵਿਚਤਿਲਕਾ ਮਾਂਝੀ ਲੜਾਈ ਕਰਦੇ ਕਰਦੇ ਮੁੰਗੇਰ, ਸੰਥਾਲ ਪਰਗਨਾ ਦੇ ਪਹਾੜੀ ਖੇਤਰ ਵਿਚ ਬ੍ਰਿਟਿਸ਼ ਸੈਨਿਕਾਂ ਨਾਲ ਮੁਕਾਬਲਾ ਕਰਦੇ ਹੋਏ ਭਾਗਲਪੁਰ ਦੀ ਤਰਫ ਵਧ ਗਏ। ਉੱਥੋਂ, ਉਨ੍ਹਾਂ ਦੇ ਸੈਨਿਕ ਨੇ ਲੁਕ ਛਿੱਪ ਕੇ ਅੰਗਰੇਜ਼ ਫ਼ੌਜ ਤੇ ਇਕ ਸਾਲ ਤਕ ਹਮਲੇਕਰਦੇ ਰਹੇ।ਗੁਰੀਲਾ ਯੁੱਧ ਕਰਦੇ ਹੋਏ, ਅੰਗਰੇਜ ਨੂੰ ਆਪਣੇ ਵੱਲ ਆਉਂਦਾ ਦੇਖ,ਤਿਲਕਾ ਮਾਂਝੀ ਇੱਕ ਤਾੜ ਦੇ ਵੱਡੇ ਦਰਖਤ ਉਤੇ ਚੜ ਗਏ। ਠੀਕ ਉਸੇ ਸਮੇਂ, ਘੋੜੇ ਉਤੇ ਸਵਾਰ ਹੋ 'ਅਗਸਟਸ ਕਲੀਵਲੈਂਡ' ਇਸੇ ਸਥਾਨ ਵੱਲ ਆਇਆ। ਜਬਰ੍ਹਾ ਪਹਾੜੀਆ ਨੇ ਬ੍ਰਿਟਿਸ਼ ਕੁਲੈਕਟਰ 'ਅਗਸਟਸ ਕਲੀਵਲੈਂਡ' ਉਤੇ ਜ਼ਹਿਰੀਲੇ ਤੀਰਾਂ ਨਾਲ ਵਾਰ ਕੀਤਾ ਅਤੇ ਉਸ ਨੂੰ ਮਾਰ ਗਿਰਾਇਆ ।ਸਾਰੀ ਬ੍ਰਿਟਿਸ਼ ਸਰਕਾਰ ਕੁਲੈਕਟਰ ਦੀ ਮੌਤ ਨਾਲ ਸਦਮੇ ਵਿਚ ਸੀ ਉਹ ਸੁਪਨੇ ਵੀ ਨਹੀਂ ਸੋਚਦੇ ਸਨ ਕਿ ਜੰਗਲ ਵਿਚ ਰਹਿਣ ਵਾਲੇ ਕੋਈ ਵੀ ਆਮ ਕਬਾਇਲੀ ਅਜਿਹੀਹਿੰਮਤ ਕਰ ਸਕਦਾ ਸੀ, ਜਦੋਂ ਕਿ ਜਾਗੀਰਦਾਰ, ਸਾਮੰਤ ਅੰਗਰੇਜਾਂ ਦੇ ਨਾਲ ਸਨ। ਭਾਰਤ ਕਦੀ ਵੀ ਗੁਲਾਮ ਨਾਂ ਹੁੰਦਾ ਅਗਰ ਭਾਰਤੀ ਸਾਮੰਤ ਭਾਰਤ ਦੇ ਮੂਲ ਆਦਵਾਸੀ ਸਮਾਜ ਦਾ ਸਾਥ ਦਿੰਦੇ।

ਇੱਕ ਰਾਤ ਜੰਗ਼ਲ ਵਿਚ ਤਿਲਕਾ ਮਾਂਝੀ ਅਤੇ ਉਸਦੇ ਇਨਕਲਾਬੀ ਸਾਥੀ, ਇੱਕ ਤਿਉਹਾਰ ਨੱਚਣ ਅਤੇ ਗਾਉਣ ਦੀ ਖੁਸ਼ੀ ਵਿੱਚ ਖੂਭ ਮਸਤ ਹੋ ਗਏ ਸਨ, ਤਾਂ ਅਚਾਨਕ ਇੱਕ ਗੱਦਾਰ, ਸਰਦਾਰ ਜਾੱਊਧਾ ਨੇ ਸੰਥਾਲੀ ਯੋਧਿਆਂ ਉਤੇ ਹਮਲਾ ਕਰ ਦਿਤਾ। ਇਸ ਵਿੱਚ ਬਹੁਤ ਸਾਰੇ ਦੇਸ਼ ਭਗਤਵੀਰ ਸ਼ਹੀਦ ਹੋ ਗਏ ਸਨ, ਕੁਝ ਨੂੰ ਉਹਨਾਂ ਨੇ ਕੈਦੀ ਬਣਾ ਲਿਆ ਸੀ। ਪਰ ਤਿਲਕਾ ਮਾਂਝੀ ਉੱਹਨਾਂ ਦੇ ਹੱਥ ਨਹੀ ਆਏ ਅਤੇ ਉਹਨਾਂ ਸੁਲਤਾਨਗੰਜ ਦੇ ਪਹਾੜੀ ਖੇਤਰ ਵਿਚ ਪਨਾਹ ਲਈ। ਤਿਲੱਕਾ ਮਾਂਝੀ ਅਤੇ ਉਸ ਦੇ ਸੈਨਿਕਾਂ ਨੂੰ ਲੰਮੇ ਲਮੇ ਲਈ ਹੁਣ ਪਹਾੜੀ ਇਲਾਕਿਆਂ ਵਿੱਚ ਲੜਨਾ ਬਹੁਤ ਮੁਸ਼ਕਲ ਸੀ। ਚਾਰੋਂ ਦਿਸਾਵਾਂ ਵਲੋਂ ਘਿਰ ਚੁੱਕੇ ਸਨ।

ਭੋਜਨ ਦੀ ਅਣਹੋਂਦ ਨੇ, ਉਨ੍ਹਾਂ ਦੀ ਸੈਨਿਕਾਂ ਵਿਚ ਭੁੱਖਮਰੀ ਦੀ ਸ਼ੁਰੂ ਹੋ ਗਈ। ਹੁਣ ਵੀਰ ਮਾਂਝੀ ਅਤੇ ਉਸ ਦੇ ਸੈਨਿਕਾਂ ਦੇ ਸਾਹਮਣੇ ਇਕ ਹੀ ਤਰੀਕਾ ਸੀ, ਜੋ ਕਿ ਗੁਰੀਲਾ ਯੁੱਧ ਛੱਡ ਸਿਧਾ ਹੀ ਲੜਾਈ ਨੂੰ ਲੜਿਆ ਜਾਵੇ। ਤਿਲਕਾ ਮਾਂਝੀ ਦੀ ਅਗਵਾਈ ਹੇਠ, ਸੰਥਲ ਆਦੀਵਾਸੀ ਨੇ ਸਿੱਧੇ ਤੌਰ 'ਤੇ ਅੰਗਰੇਜ਼ ਫ਼ੌਜ ਤੇ ਹਮਲਾ ਕੀਤਾ। ਜੰਗ ਦੇ ਦੌਰਾਨ, ਤਿਲਕਾ ਮਾਂਝੀ ਨੂੰ ਅੰਗਰੇਜ਼ ਫ਼ੌਜ ਨੇ ਘੇਰਿਆ ਹੋਇਆ ਸੀ ਅਤੇ ਇਕ ਕੈਦੀ ਬਣਾ ਲਿਆ ਸੀ।

ਉਸ ਨੂੰ ਚਾਰ ਘੋੜਿਆਂ ਵਿਚ ਬੰਨ ਲਿਆ ਗਿਆ ਸੀ ਅਤੇ ਪਹਾੜੀ ਇਲਾਕੇ ਵਿਚੋਂ ਘਸੀਟਦੇ ਹੋਏ ਭਾਗਲਪੁਰ ਤਕ ਖਿੱਚ ਕੇ ਲੈ ਆਏ ਸਨ। ਮੀਲਾਂ ਤਕ ਉਸ ਨੂੰ ਘਸੀਟਣ ਦੇ ਬਾਵਜੂਦ, ਪਹਾੜੀਆ ਯੋਧਾ ਜਿੰਦਾ ਸੀ। ਉਸਦਾ ਸਰੀਰ ਅਜੇ ਵੀ ਲਹੂ ਲੋਹਾਣ ਹੋਇਆ, ਗੁੱਸੇ ਨਾਲ ਲਾਲ ਸੀ ਅਤੇ ਉਸਦੀਆਂ ਲਾਲ-ਲਾਲ ਅੰਗਾਰੇ ਵਾਂਗ ਬਲਦੀਆਂ ਅੱਖਾਂ ਨੇ ਬ੍ਰਿਟਿਸ਼ ਰਾਜ ਨੂੰ ਡਰਾ ਰਹੀਆਂ ਸਨ। ਬ੍ਰਿਟਿਸ਼ ਸ਼ਾਸਕਾਂ ਨੇ ਕੰਬਦੇ ਕੰਬਦੇ, ਭਾਗਲਪੁਰ ਦੇ ਚੌਂਕਾਂ ਉੱਤੇ ਇੱਕ ਵੱਡੇ ਬੋਹੜ ਦੇ ਦਰਖ਼ਤ ਉੱਤੇ ਉਹਨਾਂ ਨੂੰ ਲਟਕਾ ਫਾਂਸੀ ਦੇਣ ਤੋਂ ਬਾਅਦ ਉਹਨਾਂ ਦੀ ਜਾਨ ਲੈ ਲਈ।

ਹਜ਼ਾਰਾਂ ਦੀ ਭੀੜ ਦੇ ਸਾਹਮਣੇ ਫਾਂਸੀ 'ਤੇ ਜੱਬਰਾ ਪਹਾੜੀਆ ਉਰਫ ਤਿਲਕਾ ਮਾਂਝੀ ਹੱਸਦਾ ਹੋਇਆ ਫਾਂਸੀ ਫਤੇ ਝੂਲ ਗਿਆ। ਇਹ ਤਾਰੀਖ 13 ਜਨਵਰੀ 1785 ਸੀ। ਇਸ ਤੋਂ ਬਾਅਦ ਵਿੱਚ ਅਣਗਿਣਤ ਸੁਤੰਤਰਤਾ ਸੰਗਰਾਮੀਆਂ ਫਾਂਸੀ ਚੜ੍ਹੇ, ਗਾਣੇ ਗਾਏ, "ਹਾਂਸੀ-ਹਾਂਸੀ, ਚੜਵੋ ਫਾਂਸੀ ...!" - ਉਹ ਅਜੇ ਵੀ ਸਾਨੂੰ ਭਾਰਤ ਦੇ ਅਜਾਦੀ ਦੇ ਪ੍ਰਵਾਨੇ ਦੀ ਯਾਦ ਦਿਲਾਉਂਦਾ ਹੈ।ਤਿਲਕਾ ਮਾਂਝੀ ਪਹਿਲੇ ਭਾਰਤੀ ਵਿਅਕਤੀ ਸਨ ਜਿਨ੍ਹਾਂ ਨੇ ਭਾਰਤ ਨੂੰ ਗ਼ੁਲਾਮੀ ਤੋਂ ਆਜ਼ਾਦ ਕਰੌਣ ਲਈ ਅੰਗਰੇਜ਼ੀ ਹਕੂਮਤ ਦੇ ਵਿਰੁੱਧ ਪਹਿਲੀ ਆਵਾਜ਼ ਉਠਾਈ ਸੀ। ਤਿਲਕਾ ਮਾਂਝੀ ਨੂੰ ਹਮੇਸ਼ਾ ਭਾਰਤ ਦੇ ਅਮਰ ਸੱਪੂਤ ਵਜੋਂ ਯਾਦ ਕੀਤਾ ਜਾਵੇਗਾ।

ਤਿਲਕਾ ਮਾਂਝੀ ਹਮੇਸ਼ਾ ਕਬਾਇਲੀਆਂ ਦੀਆਂ ਯਾਦਾਂ ਅਤੇ ਉਹਨਾਂ ਦੇ ਗਾਣਿਆਂ ਵਿਚ ਰਹਿੰਦੇ ਹਨ।ਕਈ ਗੀਤਾਂ ਅਤੇ ਕਵਿਤਾਵਾਂ ਵਿੱਚ ਤਿਲਕਾ ਮਾਂਝੀ ਨੂੰ ਕਈ ਰੂਪਾਂ ਵਿਚ ਯਾਦ ਕੀਤਾ ਜਾਂਦਾ ਹੈ-

ਤੁਹਾਡੇ ਉੱਤੇ ਕੋੜਿਆਂ ਦਾ ਮੀਂਹ ਵਰਾਇਆ ਗਿਆ।
ਤੁਹਾਨੂੰ ਘੋੜਿਆਂ ਨਾਲ ਬੰਨਕੇ ਘਸੀਟੇ ਗਿਆ।
ਫਿਰ ਵੀ ਤੁਹਾਨੂੰ ਮਾਰਿਆ ਨਹੀਂ ਜਾ ਸਕਿਆ।
ਤੁਹਾਨੂੰ ਭਾਗਲਪੁਰ ਵਿਚ ਸ਼ਰੇਆਮ ਫਾਂਸੀ ਉਤੇ ਲਟਕਾ ਦਿੱਤਾ ਗਿਆ।
ਫਿਰ ਵੀ ਭੂਮੀਪਤੀ ਅਤੇ ਅੰਗਰੇਜ਼ ਲੋਕ ਡਰਦੇ ਹਨ, ਤੁਹਾਡੀ ਲਾਲ (ਗੁੱਸੇ ਵਾਲੀ) ਨਿਗਾਹ ਤੋਂ।
ਤੁਹਾਡੇ ਮਰਨ ਤੋਂ ਬਾਅਦ ਵੀ ਤੁਹਾਨੂੰ ਮਾਰਿਆ ਨਹੀਂ ਜਾ ਸਕਦਾ।
ਤਿਲਕਾ ਮਾਂਝੀ, ਤੁਸੀਂ ਆਧੁਨਿਕ ਭਾਰਤ ਦੇ ਪਹਿਲੇ ਬਗਾਵਤੀ ਹੋ।
ਭਾਰਤ ਦੇ ਮਹਾਨ ਸਪੂਤ, ਤੁਹਾਨੂੰ ਲੱਖ ਲੱਖ ਪ੍ਰਣਾਮ!

ਤਿਲਕਾ ਮਾਂਝੀ ਭਾਗਲਪੁਰ ਯੂਨੀਵਰਸਿਟੀ, ਜਿਸ ਨੂੰ ਭਾਗਲਪੁਰ ਯੂਨੀਵਰਸਿਟੀ ਵੀ ਕਿਹਾ ਜਾਂਦਾ ਹੈ ਬਿਹਾਰ ਦੀ ਰਾਜ ਵਿਚ ਉੱਚ ਸਿੱਖਿਆ ਪ੍ਰਦਾਨ ਕਰਨ ਲਈ ਇਕ ਪ੍ਰਮੁੱਖ ਸੰਸਥਾ ਹੈ।

ਯੂਨੀਵਰਸਿਟੀ ਭਾਰਤ ਵਿੱਚ ਬਿਹਾਰ ਰਾਜ ਦੇ ਭਾਗਲਪੁਰ ਕਸਬੇ ਵਿੱਚ ਸਥਿਤ ਹੈ ਅਤੇ ਇਸਦਾ ਨਾਂ ਮਸ਼ਹੂਰ ਆਜ਼ਾਦੀ ਘੁਲਾਟੀਏ ਤਿਲਕਾ ਮਾਂਝੀ ਦੇ ਨਾਮ ਤੇ ਰੱਖਿਆ ਗਿਆ ਹੈ। 12 ਜੁਲਾਈ 1960 ਨੂੰ ਸਥਾਪਿਤ ਕੀਤਾ ਗਿਆ, ਇਹ ਇੱਕ ਜਨਤਕ ਯੂਨੀਵਰਸਿਟੀ ਹੈ ਜੋ ਸਿੱਖਿਆ ਅਤੇ ਸਿੱਖਣ ਲਈ 264 ਏਕੜ ਦੇ ਸੁਹਾਵਿਤ ਹਰੇ ਪਰਿਸਰ ਦੇ ਆਦਰਸ਼ ਵਿੱਚ ਫੈਲਿਆ ਹੋਇਆ ਹੈ। ਭਾਰਤ ਦੀ ਆਜ਼ਾਦੀ ਤੋਂ ਬਾਅਦ,ਉਸੇ ਸਥਾਨ ਉਤੇ ਉਨ੍ਹਾਂ ਨੂੰ ਮੂਰਤੀ ਸਥਾਪਿਤ ਕਰ ਦਿੱਤੀ ਗਈ, ਜਿੱਥੇ ਉਨ੍ਹਾਂ ਨੂੰ ਫਾਂਸੀ ਦਿੱਤੀ ਗਈ ਸੀ । ਇਕ ਹੋਰ ਮੂਰਤੀ ਨੂੰ ਦੁਮਕਾ ਸ਼ਹਿਰ ਵਿਚ ਸਥਾਪਿਤ ਕੀਤਾ ਗਿਆ ਸੀ।

# ਪੰਜਾਬੀ ਸਾਹਿਤ ਸਭਾ ਵੱਲੋਂ ਸੈਕਰਾਮੈਂਟੋ ਵਿਖੇ ਮਾਸਿਕ ਮਿਲਣੀ ਵਿਚ ਨਵੇਂ ਪ੍ਰਧਾਨ ਦੀ ਚੋਣ

**ਸੈਕਰਾਮੈਂਟੋ-** ਪੰਜਾਬੀ ਸਾਹਿਤ ਸਭਾ (ਕੈਲੇਫੋਰਨੀਆ) ਰਜਿ. ਵੱਲੋਂ ਬੀਤੇ ਐਤਵਾਰ ਮਾਉਂਟੇਨ ਮਾਈਕ ਸੈਕਰਾਮੈਂਟੋ ਦੇ ਕਾਨਫਰੰਸ ਹਾਲ ਵਿਚ ਸਾਲਾਨਾ ਕਾਨਫਰੰਸ ਦੀ ਸਫਲਤਾ ਸਹਿਤ ਸੰਪੰਨਤਾ ਤੋਂ ਬਾਅਦ ਪਹਿਲੀ ਮਾਸਿਕ ਮਿਲਣੀ ਰੱਖੀ ਗਈ। ਜਿਸਦਾ ਮੁੱਖ ਏਜੰਡਾ ਨਵੀਂ ਕਮੇਟੀ ਦੀ ਚੋਣ ਸੀ। ਸਾਹਿਤਕ ਨੁਮਾਇੰਦਿਆਂ ਵੱਲੋਂ ਪ੍ਰਧਾਨ ਦੀ ਪਦਵੀ ਲਈ ਦੋ ਸਾਹਿਤ ਸ਼ਖਸੀਅਤਾਂ ਦੇ ਨਾਂ ਉਭਰ ਕੇ ਆਏ। ਦੋਵੇਂ ਹੀ ਇਸ ਅਹੁਦੇ ਦੀ ਕਾਰਗੁਜ਼ਾਰੀ ਲਈ ਗੰਭੀਰ, ਜ਼ਿੰਮੇਵਾਰ ਤੇ ਸੰਵੇਦਨਸ਼ੀਲ ਨਾਮ ਸਨ ਤੇ ਦੋਵਾਂ ਦੇ ਹੀ ਬਰਾਬਰ ਦੇ ਸਮਰਥਕ ਸਨ।



ਪੰਜਾਬੀ ਸਾਹਿਤ ਸਭਾ ਨੇ ਆਪਣੀ ਪੁਰਖਿਆਂ ਦੀ ਲੀਹ 'ਤੇ ਚਲਦਿਆਂ ਨੌਜਵਾਨ ਕਵੀ ਇੰਦਰਜੀਤ ਗਰੇਵਾਲ ਨੂੰ ਸਰਬ-ਸੰਮਤੀ ਨਾਲ ਪ੍ਰਧਾਨ ਥਾਪਣ ਦਾ ਜੈਕਾਰਾ ਗੁੰਜਾ ਦਿੱਤਾ। ਜਿਸਦੀ ਤਸਦੀਕ ਉਹਨਾਂ ਦੇ ਬਰਾਬਰ ਖੜ੍ਹੇ ਆਹਲਾ ਸੂਝਬੂਝ ਤੇ ਦੂਰ ਅੰਦੇਸ਼ੀ ਦੇ ਮਾਲਕ ਸ੍ਰੀ ਹਰਭਜਨ ਸਿੰਘ ਢੇਰੀ ਨੇ ਚੋਣ ਦੀ ਦੌੜ 'ਚੋਂ ਆਪਣੇ ਪਾਕ-ਚਰਨ ਪਿੱਛੇ ਹਟਾ ਕੇ ਇੰਦਰਜੀਤ ਗਰੇਵਾਲ ਹੁਰਾਂ ਨੂੰ ਪ੍ਰਧਾਨ ਥਾਪ ਦਿੱਤਾ। ਇਕ ਪਰੌਢ ਅਧਿਆਪਕ ਵਾਲਾ ਤਿਆਗ ਦਿਖਾ ਕੇ ਉਹਨਾਂ ਸਾਰੇ ਸਾਹਿਤਕਾਰਾਂ ਤੇ ਹਾਜ਼ਰ ਜੀਆਂ ਦੀ ਸ਼ਰਧਾ ਤੇ ਦਾਦ ਹਾਸਲ ਕੀਤੀ। ਇੰਦਰਜੀਤ ਗਰੇਵਾਲ ਨੂੰ ਨਵੇਂ ਪ੍ਰਧਾਨ ਵਜੋਂ ਝੋਲੀ ਭਰ ਕੇ ਅਸੀਸਾਂ, ਵਧਾਈਆਂ ਤੇ ਸ਼ੁਭ ਇੱਛਾਵਾਂ ਨਾਲ ਨਿਵਾਜਿਆ ਗਿਆ। ਪੰਜਾਬੀ ਸਾਹਿਤ ਸਭਾ (ਕੈਲੇਫੋਰਨੀਆ) ਨੇ ਇਸ ਤੱਥ ਦਾ ਪ੍ਰਮਾਣ ਦਿੱਤਾ ਕਿ ਉਹ ਹਮੇਸ਼ਾ ਮਾਂ-ਬੋਲੀ ਦੀ ਸੇਵਾ ਲਈ ਵਚਨਬੱਧ ਹੈ ਤੇ ਰਾਜਨੀਤੀ ਤੋਂ ਉਪਰ ਉੱਠ ਕੇ ਸਦਾਚਾਰਕ ਕੀਮਤਾਂ ਦੀ ਧਾਰਨੀ ਹੈ। ਇਸ ਮਿਲਣੀ ਵਿਚ ਸਾਡੇ ਦੋ ਪ੍ਰਮਾਣਿਕ ਪੱਤਰਕਾਰ ਤੇ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ) ਅਤੇ ਗੁਰਜਤਿੰਦਰ ਸਿੰਘ ਰੰਧਾਵਾ (ਪੰਜਾਬ ਮੇਲ) ਅਤੇ ਵਿਸ਼ੇਸ਼ ਤੌਰ ਤੇ ਅਹਿਮ ਪਲਾਂ ਵਿਚ ਸੁਸ਼ੋਭਿਤ ਹੋਏ। ਇਹਨਾਂ ਤੋਂ ਇਲਾਵਾ ਭਰਵੇਂ ਇਕੱਠ ਦੀ ਮੁੱਖ ਰੌਣਕ ਹਰਭਜਨ ਸਿੰਘ ਢੇਰੀ, ਇੰਦਰਜੀਤ ਗਰੇਵਾਲ ਥਰੀਕੇ, ਹਰਬੰਸ ਸਿੰਘ ਜਗਿਆਸੂ, ਮਹਿੰਦਰ ਸਿੰਘ ਘੱਗ, ਜਸਵੰਤ ਜੱਸੀ ਸ਼ੀਮਾਰ, ਦਲਬੀਰ ਸਿੰਘ 'ਦਿਲ ਨਿੱਜਰ', ਪਰਮਿੰਦਰ ਸਿੰਘ ਰਾਏ, ਫਕੀਰ ਸਿੰਘ ਮੱਲੀ, ਕਮਲ ਬੰਗਾ, ਗੁਰਿੰਦਰ ਸੂਰਾਪੁਰੀ, ਮੇਜਰ ਭੁਪਿੰਦਰ ਦਲੇਰ, ਅਜੈਬ ਸਿੰਘ ਚੀਮਾ, ਰਮੇਸ਼ ਬੰਗੜ, ਜੀਵਨ ਰੱਤੂ, ਜੋਤੀ ਸਿੰਘ, ਬਿੱਕਰ ਕੰਮੇਆਣਾ, ਤਤਿੰਦਰ ਕੌਰ, ਸੁਖਦੇਵ ਸਿੰਘ ਢਿੱਲੋਂ, ਅਜੈਬ ਸਿੰਘ ਚੀਮਾ, ਦਿਲਬਾਗ ਸਿੰਘ, ਦਿਆਲ ਰਾਮ ਨਰ, ਬਲਜੀਤ ਕੌਰ ਸੋਹੀ, ਮਨਜੀਤ ਕੌਰ ਸੇਖੋਂ ਆਦਿ ਸ਼ਾਮਲ ਹੋਏ। ਸਭਾ ਦੀ ਅਗਲੀ ਮਿਲਣੀ ਨਿਰਧਾਰਿਤ ਸਾਰਨੀ ਮੁਤਾਬਕ ਜੂਨ ਦੇ ਅੰਤਲੇ ਐਤਵਾਰ ਹੋਵੇਗੀ। ਉਦੋਂ ਤੱਕ ਨਵਾਂ ਪ੍ਰਧਾਨ ਆਪਣੀ ਅਗਲੀ ਚੋਣ ਕਮੇਟੀ ਦੀ ਕਾਰਵਾਈ ਨੂੰ ਮੁਖਾਤਿਬ ਹੋ ਲੈਣਗੇ।

# ਸੁਫ਼ਨਿਆਂ ਦੇ ਖੰਡਰ ਤੇ ਕਾਲਪਨਿਕ ਵਿਕਾਸ

ਅੰਗ-ਸੰਗ



ਸ਼ਾਮ ਸਿੰਘ
98141-13338

ਭਾਰਤ ਇਸ ਵਕਤ ਚੋਣਾਂ ਦੇ ਸ਼ੋਰ ਵਿੱਚ ਬੁਰੀ ਤਰ੍ਹਾਂ ਗੁਆਚਿਆ ਹੋਇਆ ਹੈ, ਜਿਸ ਕਾਰਨ ਨੇਤਾਵਾਂ ਵੱਲੋਂ ਦਿੱਤੇ ਜਾ ਰਹੇ ਭਾਸ਼ਣਾਂ ਵਿੱਚ ਸੁਫ਼ਨਿਆਂ ਦੇ ਖੰਡਰ ਦਿਖਾਈ ਦੇ ਰਹੇ ਹਨ ਜਾਂ ਫਿਰ ਕਾਲਪਨਿਕ ਵਿਕਾਸ ਦੇ ਮਹੱਲ। ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰੀ ਇਸ ਦੇਸ਼ ਦੇ ਨੇਤਾਵਾਂ ਨੂੰ ਬੁਨਿਆਦੀ ਗੱਲਾਂ ਦਾ ਹੀ ਨਹੀਂ ਪਤਾ ਕਿ ਦੇਸ਼ ਇੱਕ-ਰੂਪ ਨਹੀਂ ਹੋ ਸਕਦਾ, ਦੇਸ਼ ਦੇ ਲੋਕਾਂ ਵਿੱਚ ਨਫ਼ਰਤ ਦੀ ਜ਼ਹਿਰ ਫੈਲਾਇਆਂ ਅਤੇ ਫਿਰਕਾਪ੍ਰਸਤੀ ਦੀ ਹਵਾ ਚਲਾਇਆਂ ਲੋਕਾਂ ਵਿੱਚ ਏਕਤਾ ਨਹੀਂ ਹੋ ਸਕਦੀ।

ਏਕਤਾ ਮਜ਼ਬੂਤ ਨੀਂਹ ਹੈ, ਜੋ ਦੇਸ਼ ਨੂੰ ਇੱਕ ਸੂਤਰ ਵਿੱਚ ਪਰੋ ਕੇ ਰੱਖ ਸਕਦੀ ਹੈ, ਜਿਸ ਨਾਲ ਲੋਕ ਬਰਾਬਰੀ ਦੀ ਸੋਚ ਨਾਲ ਅਸਲੀ ਵਿਕਾਸ ਵੱਲ ਕਦਮ ਪੁੱਟ ਸਕਣ ਦੇ ਯੋਗ ਹੋ ਜਾਣਗੇ, ਨਾ ਕਿ ਉਸ ਕਾਲਪਨਿਕ ਵਿਕਾਸ ਵੱਲ, ਜੋ ਨਾ ਦੇਸ਼ ਵਿੱਚ ਕਿਧਰੇ ਦਿਸਦਾ ਹੈ ਅਤੇ ਨਾ ਹੀ ਲੋਕਾਂ ਵਿੱਚ, ਚੌਤਰਫ਼ੀ ਨਜ਼ਰ ਮਾਰਿਆਂ ਪਿਛਲੀਆਂ ਚੋਣਾਂ ਵੇਲੇ ਦੇ ਭਾਸ਼ਣਾਂ ਅਤੇ ਜੁਮਲਿਆਂ ਦੇ ਖੰਡਰ ਖਿੱਲਰੇ ਪਏ ਹਨ ਜਾਂ ਲਾਰਿਆਂ ਦਾ ਮਲਬਾ ਪਿਆ ਹੈ ਜੋ ਕਿਸੇ ਦੇ ਵੀ ਕੰਮ ਨਹੀਂ। ਜਿਹੜਾ ਦੇਸ਼ ਤੇਜ਼ ਵਿਕਾਸ ਦੀ ਲੋਚਾ ਰੱਖਦਾ ਹੈ, ਉਸ ਵੱਲ ਕਿਸੇ ਦਾ ਧਿਆਨ ਹੀ ਨਹੀਂ। ਜਿਹੜਾ ਵੀ ਹਾਕਮ ਬਣਦਾ ਹੈ, ਉਹ ਆਪਣੇ ਬਾਰੇ, ਆਪਣੀ ਪਾਰਟੀ ਬਾਰੇ ਅਤੇ ਆਪਣੇ ਨੇੜਲੇ ਲੋਕਾਂ ਬਾਰੇ ਹੀ ਸੋਚਦਾ ਹੈ, ਜਿਸ ਦਾ ਦੇਸ਼ ਨੂੰ ਜ਼ਰਾ ਮਾਤਰ ਵੀ ਲਾਭ ਨਹੀਂ ਹੁੰਦਾ।

ਭਾਰਤ ਵੰਨ-ਸੁਵੰਨੇ ਲੋਕਾਂ ਦਾ ਸਮੂਹ ਹੈ, ਜਿਨ੍ਹਾਂ ਦੇ ਨਾ ਧਰਮ ਖੋਹੇ ਜਾ ਸਕਦੇ ਹਨ, ਨਾ ਸੱਭਿਆਚਾਰ, ਨਾ ਉਨ੍ਹਾਂ ਦੇ ਰੰਗ-ਰੂਪ ਬਦਲੇ ਜਾ ਸਕਦੇ ਹਨ ਕਦਰਾਂ-ਕੀਮਤਾਂ। ਉਹ ਕਿੱਥੇ ਪੈਦਾ ਹੋਏ, ਕਿਹੜੀ ਭਾਸ਼ਾ ਬੋਲਦੇ ਹਨ ਅਤੇ ਕਿਹੋ ਜਿਹਾ ਪਹਿਰਾਵਾ ਪਹਿਨਦੇ ਹਨ, ਇਸ ਬਾਰੇ ਨਾ ਤਾਂ ਚਰਚਾ ਦੀ ਲੋੜ ਹੈ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਤਬਦੀਲੀ ਦੀ। ਇਹ ਵੰਨ-ਸੁਵੰਨਤਾ ਤਾਂ ਕਿਸੇ ਬਾਗ ਦੀ ਆਨ-ਸ਼ਾਨ ਵਾਂਗ ਵੀ ਹੈ ਅਤੇ ਮਹਿਕ ਵਾਂਗ ਵੀ।

ਜਿਹੜੇ ਲੋਕ ਪਾਰਟੀਆਂ ਅਤੇ ਨੇਤਾ-ਜਨ ਹਰ ਨਾਗਰਿਕ ਵਿੱਚੋਂ ਭਾਰਤੀ ਨਹੀਂ ਦੇਖਦੇ, ਉਹ ਲੋਕਾਂ ਲਈ ਖ਼ਤਰਾ ਹੀ ਖ਼ਤਰਾ ਹਨ, ਕਿਉਂਕਿ ਉਹ ਦੇਸ਼ ਦਾ ਰੂਪ ਵੀ ਬਦਲਣਾ ਚਾਹੁੰਦੇ ਹਨ, ਸੁਭਾਅ ਵੀ, ਦਿਲ ਵੀ ਅਤੇ ਆਤਮਾ ਵੀ, ਜਿਸ ਨੂੰ ਜਨਤਾ ਕਿਸੇ ਤਰ੍ਹਾਂ ਵੀ ਪ੍ਰਵਾਨ ਕਰਨ ਲਈ ਤਿਆਰ ਨਹੀਂ ਹੋਵੇਗੀ, ਕਿਉਂਕਿ ਆਪਣਾ ਵੇਸ ਛੱਡਣਾ ਸੌਖਾ ਨਹੀਂ। ਆਪਣੇ ਰਸਮੋ-ਰਿਵਾਜ ਅਤੇ ਆਪਣੀ ਰੂਹ ਵਿੱਚ ਵਸੇ ਗੀਤ-ਸੰਗੀਤ ਨਹੀਂ ਛੱਡੇ ਜਾ ਸਕਦੇ।

ਇਕਰੂਪਤਾ ਕਰਨ ਦੇ ਚਾਹਵਾਨਾਂ ਨੂੰ ਇਹ ਮੰਨ ਕੇ ਚੱਲਣਾ ਚਾਹੀਦਾ ਹੈ ਕਿ ਇਹ ਹਕੀਕਤ ਵਿੱਚ ਹੋ ਹੀ ਨਹੀਂ ਸਕਦੀ। ਹਾਂ ਇਕਜੁਟਤਾ, ਏਕਤਾ ਅਤੇ ਬਰਾਬਰੀ ਦੀ ਜ਼ਰੂਰਤ ਹੈ, ਜਿਸ ’ਤੇ ਨੇਤਾਗਨ ਸਾਲਾਂ ਤੋਂ ਜ਼ੋਰ ਦਿੰਦੇ ਆ ਰਹੇ ਹਨ, ਪਰ ਅਜੇ ਤੱਕ ਇਨ੍ਹਾਂ ਨੂੰ ਢੁਕਵੀਂ ਥਾਂ ਨਹੀਂ ਮਿਲ ਸਕੀ। ਨੇਤਾ ਚਾਹੁਣ ਤਾਂ ਇਹ ਦੂਰ ਦੀ ਗੱਲ ਨਹੀਂ ਰਹੇਗੀ ਤੇ ਭਾਰਤ ’ਚ ਏਕਾ ਹੋ ਜਾਵੇਗਾ।

ਭਾਰਤ ਦੇ ਨੇਤਾਵਾਂ ਨੂੰ ਪੁਨਰ-ਵਿਚਾਰਨ ਦੀ ਜ਼ਰੂਰਤ ਹੈ ਕਿ ਉਹ ਆਪਣੇ ਹੀ ਲੋਕਾਂ ਅੱਗੇ ਸੁਫ਼ਨੇ ਨਾ ਲਟਕਾਉਣ, ਸਗੋਂ ਪੂਰੀ ਸ਼ਿੱਦਤ ਨਾਲ ਅਸਲੀਅਤ ਵਿੱਚ ਕੰਮ ਕਰ ਕੇ ਦਿਖਾਉਣ ਤਾਂ ਕਿ ਦੇਸ਼ ਨੂੰ ਕੇਵਲ ਕਾਲਪਨਿਕ ਵਿਕਾਸ ਦੀਆਂ ਗੱਲਾਂ ਸੁਣਨ ਨੂੰ ਨਾ ਮਿਲਣ, ਸਗੋਂ ਹਕੀਕਤ ਵਿੱਚ ਧਰਤੀ ’ਤੇ ਸਮਾਜ ਦੇ ਅੰਦਰ ਹੋਇਆ ਦਿਖਾਈ ਦੇਵੇ। ਉਨ੍ਹਾਂ ਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਵਾਅਦੇ, ਲਾਰੇ ਅਤੇ ਜੁਮਲੇ ਵਾਰ-ਵਾਰ ਨਹੀਂ ਚੱਲ ਸਕਦੇ। ਜਿਹੜਾ ਇਨ੍ਹਾਂ ਨੂੰ ਪੂਰੇ ਨਹੀਂ ਕਰੇਗਾ, ਮੁੜ ਨਹੀਂ ਦਿਸਣਗੇ।

ਕਿਸੇ ਵੀ ਲੋਕਤੰਤਰ ਵਿੱਚ ਲੋਕਾਂ ਦਾ ਰਾਜ ਹੀ ਚੱਲੇਗਾ, ਕਿਸੇ ਇੱਕ ਵਿਅਕਤੀ ਦਾ ਨਹੀਂ। ਜਿਹੜੇ ਕਿਸੇ ਇੱਕ ਵਿਅਕਤੀ ਨੂੰ ਭਾਰਤ ਦੀ ਜਨਤਾ ’ਤੇ ਲੱਦਣਾ ਚਾਹੁੰਦੇ ਹਨ, ਉਨ੍ਹਾਂ ਨੂੰ ਮੂੰਹ ਦੀ ਖਾਣੀ ਪਵੇਗੀ। ਅਜਿਹਾ ਨਾ ਕਿਸੇ ਪਾਰਟੀ ਨੂੰ ਸੋਚਣਾ ਹੀ ਚਾਹੀਦਾ ਹੈ ਅਤੇ ਨਾ ਪਾਰਟੀ ਦੇ ਚਮਚਿਆਂ ਨੂੰ।

ਅੰਗਰੇਜ਼ਾਂ ਦੀ ਗੁਲਾਮੀ ਕੱਟਣ ਤੋਂ ਬਾਅਦ ਭਾਰਤ ਸਿਫਰ ਤੋਂ ਉੱਠ ਕੇ ਵਿਸ਼ਵ ਦੀਆਂ ਉੱਚ-ਤਾਕਤਾਂ ਵਿੱਚ ਸ਼ੁਮਾਰ ਹੋਇਆ ਅਤੇ ਜਨਤਾ ਨੂੰ ਅਨਪੜ੍ਹਤਾ ਅਤੇ ਗਰੀਬੀ ’ਚੋਂ ਕੱਢਣ ਦੇ ਯਤਨ ਕੀਤੇ। ਜਾਤਪਾਤ ਵਿੱਚੋਂ ਕੱਢਣ ਦੇ ਉਪਰਾਲੇ ਕੀਤੇ ਗਏ, ਜੋ ਅਜੇ ਤੱਕ ਹਕੀਕਤ ਨਹੀਂ ਬਣ ਸਕੇ। ਹੁਣ ਕੁਝ ਸਮੇਂ ਤੋਂ ਮੁੜ ਜਾਤਪਾਤ, ਫਿਰਕਾਪ੍ਰਸਤੀ ਨੂੰ ਹਵਾ ਦਿੱਤੀ ਜਾ ਰਹੀ ਹੈ, ਜੋ ਨਾ ਦੇਸ਼ ਦੀ ਰਾਜਨੀਤੀ ਦੇ ਭਲੇ ਵਿੱਚ ਹੈ ਅਤੇ ਨਾ ਹੀ ਲੋਕ-ਭਲੇ ਵਿੱਚ।

ਚਾਹੀਦਾ ਇਹ ਹੈ ਕਿ ਦੇਸ਼ ਦੇ ਹਾਕਮ ਦੇਸ਼ ਵਿੱਚ ਅਜਿਹੀ ਪ੍ਰਣਾਲੀ ਕਾਇਮ ਕਰਨ, ਜਿਸ ਨਾਲ ਦੇਸ਼ ਦੇ ਕੌਮੀ ਅਦਾਰੇ ਤਕੜੇ ਹੋਣ ਅਤੇ ਦੇਸ਼ ਦੇ ਵਾਸੀਆਂ ਦੀ ਖੁਸ਼ੀ ਅਤੇ ਖੁਸ਼ਹਾਲੀ ਵਾਸਤੇ ਕੰਮ ਕਰਨ, ਤਾਂ ਕਿ ਦੇਸ਼ ਵਿਕਸਤ ਦੇਸ਼ਾਂ ਦਾ ਮੁਕਾਬਲਾ ਕਰ ਸਕਣ। ਨਵੇਂ ਭਾਰਤ ਦਾ ਕੇਵਲ ਨਾਅਰਾ ਹੀ ਨਾ ਦਿੱਤਾ ਜਾਵੇ, ਸਗੋਂ ਲੋਕਾਂ ਨੂੰ ਅਧਿਕਾਰ ਦੇ ਕੇ ਉਨ੍ਹਾਂ ਨੂੰ ਸ਼ਕਤੀਸ਼ਾਲੀ ਬਣਾਇਆ ਜਾਵੇ ਤਾਂ ਜੋ ਆਪਣੇ ਮੁਲਕ ਉੱਤੇ ਗੌਰਵ ਕਰ ਸਕਣ।

ਮੁਲਕ ਨੂੰ ਵਿਕਾਸ ਦੇ ਰਾਹ ’ਤੇ ਤਾਂ ਹੀ ਪਾਇਆ ਜਾ ਸਕਦਾ ਹੈ, ਜੇ ਦੇਸ਼ ਨੂੰ ਵਿੱਤੀ ਤੌਰ ’ਤੇ ਸਮਰੱਥ ਅਤੇ ਤਾਕਤਵਰ ਬਣਾਇਆ ਜਾ ਸਕੇ। ਸਾਧਨਹੀਣਾਂ, ਗਰੀਬ-ਗੁਰਬੇ ਨੂੰ ਸਮਾਜਿਕ ਸੁਰੱਖਿਆ ਰਾਹੀਂ ਉਹ ਸਮਰੱਥਾ ਦਿੱਤੀ ਜਾਵੇ, ਜਿਸ ਨਾਲ ਉਹ ਸਮਰੱਥ ਹੋ ਜਾਣ ਅਤੇ ਆਪਣੇ-ਆਪ ਨੂੰ ਨਿਤਾਣੇ ਨਾ ਮੰਨਣ। ਬਹੁਤ ਦੇਸ਼ਾਂ ਵਿੱਚ ਸਮਾਜਕ-ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ, ਜਿਸ ਨੂੰ ਦੇਖ-ਪਰਖ ਕੇ ਭਾਰਤ ਵਿੱਚ ਵੀ ਲਾਗੂ ਕੀਤਾ ਜਾਵੇ। ਇਸ ਨੂੰ ਲਾਗੂ ਕਰਦਿਆਂ ਆਧਾਰ ਕੇਵਲ ਗਰੀਬੀ ਅਤੇ ਕਮਜ਼ੋਰੀ ਹੀ ਮੰਨਿਆ ਜਾਵੇ।

ਨਵੇਂ ਭਾਰਤ ਵਿੱਚ ਭਾਰਤ ਦੇ ਸੰਵਿਧਾਨ ਮੁਤਾਬਕ ਵਿਚਾਰ ਪ੍ਰਗਟ ਕਰਨ ਅਤੇ ਸਲਾਹ-ਮਸ਼ਵਰੇ ਦੀ ਖੁੱਲ੍ਹ ਹੋਵੇ। ਇਹ ਬਿਲਕੁਲ ਹੀ ਬੰਦ ਹੋਵੇ ਕਿ ਵਿਰੋਧੀ ਸੁਰ ਵਾਲੇ ਨੂੰ ਦਬਾਇਆ ਜਾਵੇ, ਦੇਸ਼-ਧ੍ਰੋਹੀ ਕਿਹਾ ਜਾਵੇ। ਲੋਕਾਂ ਵਿੱਚ ਡਰ ਪੈਦਾ ਕਰਨਾ, ਉਨ੍ਹਾਂ ਨੂੰ ਦਬਾਉਣਾ ਦੇਸ਼ ਦੇ ਹਿੱਤ ਵਿੱਚ ਨਹੀਂ। ਏਹੀ ਚੰਗਾ ਹੈ ਕਿ ਆਜ਼ਾਦ ਫ਼ਿਜ਼ਾ ਹੋਵੇ। ਨਵੇਂ ਭਾਰਤ ਦੀ ਗੱਲ ਓਹੀ ਕਰੇ, ਜਿਹੜਾ ਦੇਸ਼ ਅਤੇ ਇਸ ਦੇ ਲੋਕਾਂ ਨੂੰ ਨਵੇਂ ਰਾਹਾਂ ਉੱਤੇ ਤੋਰ ਸਕੇ, ਸਭ ਨੂੰ ਬਰਾਬਰ ਸਮਝੇ, ਗਿਆਨ ਵੰਡੇ ਅਤੇ ਬੌਧਿਕ ਵਿਕਾਸ ਕਰੇ ਤਾਂ ਜੋ ਪੜ੍ਹੇ-ਲਿਖੇ ਲੋਕ ਵੀ ਕੁਤੱਤਣ ਨਾਲ ਧਾਰਮਿਕ ਸ਼ਬਦ ਨਾ ਵਰਤਣ ਅਤੇ ਮੂਲਵਾਦ ਨਾਲ ਧਾਰਮਿਕ ਸ਼ਬਦ ਨਾ ਲਾਉਣ, ਕੱਟੜਤਾ, ਕੁਤੱਤਣ ਅਤੇ ਮੂਲਵਾਦ ਅਸਲੋਂ ਧਾਰਮਿਕ ਨਹੀਂ ਹੋ ਸਕਦੇ, ਸਗੋਂ ਇਹ ਬਹੁਤ ਖ਼ਤਰਨਾਕ ਹਨ, ਜਿਨ੍ਹਾਂ ਦੀ ਧਰਮ ਵਿੱਚ ਤਾਂ ਕੀ, ਸਮਾਜ ਵਿੱਚ ਹੀ ਥਾਂ ਨਹੀਂ ਹੋਣੀ ਚਾਹੀਦੀ। ਨਵੇਂ ਭਾਰਤ ਵਿੱਚ ਗਰੀਬੀ, ਅਗਿਆਨ ਮਿਟਾਏ ਜਾਣ। ਉਸ ਭਾਰਤ ਦਾ ਨਿਰਮਾਣ ਕੀਤਾ ਜਾਵੇ, ਜਿੱਥੇ ਕਿਸੇ ਨਾਗਰਿਕ ਦੇ ਵੀ ਸੁਫ਼ਨੇ ਚਕਨਾਚੂਰ ਨਾ ਹੋਣ ਅਤੇ ਸਭ ਦਾ ਅਸਲ ਵਿਕਾਸ ਹੋਵੇ, ਨਾ ਕਿ ਕਾਲਪਨਿਕ ਵਿਕਾਸ, ਜਿਸ ਦਾ ਕੋਈ ਫਾਇਦਾ ਨਹੀਂ। ਨਵੇਂ ਭਾਰਤ ਵਿੱਚ ਵੰਡਾਂ ਪਾਉਣ ਦੀ ਕੋਈ ਥਾਂ ਨਹੀਂ, ਸਭ ਏਕੇ ਅਤੇ ਹਕੀਕਤ ਵਿੱਚ ਪੂਰੇ ਕਰਨ ਵਾਲੇ ਸੁਫ਼ਨੇ ਹੀ ਲਏ ਜਾਣ।

ਸਾਫ਼ ਹੈ ਕਿ ਸਮਾਜ ਵਿੱਚੋਂ ਦਰਜੇਬੰਦੀ ਖ਼ਤਮ ਕੀਤੀ ਜਾਵੇ, ਕਿਉਂਕਿ ਇਹ ਅੰਗਰੇਜ਼ਾਂ ਦੇ ਰਾਜ ਦੀ ਜੂਠ ਹੈ, ਜਿਸ ਨੂੰ ਅਜੇ ਤੱਕ ਖ਼ਤਮ ਨਹੀਂ ਕੀਤਾ ਜਾ ਸਕਿਆ। ਦਰਪੇਸ਼ ਮਸਲੇ, ਮੁੱਦੇ ਅਤੇ ਸਮੱਸਿਆਵਾਂ ਨੂੰ ਸਹੀ ਤਰ੍ਹਾਂ ਹੱਲ ਕੀਤਾ ਜਾਵੇ ਤਾਂ ਜੋ ਭਾਰਤ ਦਾ ਚਿਹਰਾ-ਮੋਹਰਾ ਨਿੱਖਰ ਸਕੇ ਅਤੇ ਦੇਖਣ ਵਾਲਿਆਂ ਨੂੰ ਬਦਲਿਆ ਨਜ਼ਰ ਵੀ ਆਵੇ। ਸਿੱਖਿਆ, ਸਿਹਤ ਅਤੇ ਹੋਰ ਖੇਤਰਾਂ ਵਿੱਚ ਸਮਾਨਤਾ ਬਹਾਲ ਕਰਨ ਵੱਲ ਵਧਿਆ ਜਾਵੇ। ਬੁਨਿਆਦੀ ਖੇਤਰਾਂ ਨੂੰ ਸਰਕਾਰ ਆਪਣੇ ਹੱਥਾਂ ਵਿੱਚ ਲਵੇ ਤਾਂ ਕਿ ਲੋਕਾਂ ਨੂੰ ਕੇਵਲ ਸੁਫ਼ਨਿਆਂ ਦੇ ਖੰਡਰ ਖਿੱਲਰੇ ਨਾ ਦੇਖਣ ਪੈਣ ਅਤੇ ਕਾਲਪਨਿਕ ਵਿਕਾਸ ਹੀ ਸੁਣਨਾ ਨਾ ਪਵੇ ਸਗੋਂ ਉਹ ਸਭ ਕੁਝ ਧਰਤੀ ’ਤੇ ਦੇਖਣ ਨੂੰ ਮਿਲੇ ਜੋ ਨੇਤਾ ਭਾਸ਼ਣ ਵਿੱਚ ਕਹਿੰਦੇ ਹਨ ਅਤੇ ਹਰ ਪੰਜ ਸਾਲ ਬਾਅਦ ਵਾਅਦਿਆਂ ਵਿੱਚ ਭਰੋਸਾ ਦੁਆਉਂਦੇ ਹਨ ਤਾਂ ਕਿ ਲੋਕ ਆਪਣੇ ਦੇਸ਼ ਦੇ ਹਾਕਮਾਂ ’ਤੇ ਵੀ ਮਾਣ ਕਰ ਸਕਣ ।

ਜਿਹੜੀ ਸਰਕਾਰ ਲੋਕਾਂ ਦੀਆਂ ਆਸਾਂ ਅਤੇ ਉਮੀਦਾਂ ’ਤੇ ਖਰੀ ਉਤਰੇਗੀ, ਉਹ ਹੀ ਜਨਤਾ ਦੇ ਦਿਲਾਂ ਵਿੱਚ ਥਾਂ ਬਣਾ ਸਕੇਗੀ। ਜੁਮਲੇਬਾਜ਼ ਅੱਜ ਨਹੀਂ ਤਾਂ ਕੱਲ੍ਹ ਭਜਾ ਦਿੱਤੇ ਜਾਣਗੇ, ਕਿਓਂਕਿ ਝੂਠ ਦੇ ਨਾ ਨਾਅਰੇ ਚੱਲਦੇ ਹਨ, ਨਾ ਵਾਅਦੇ, ਨਾ ਸਿੱਕੇ ਚੱਲਦੇ ਹਨ ਅਤੇ ਨਾ ਜੁਮਲੇ। ਆਜ਼ਾਦ ਸਮਾਜ ਵਿੱਚ ਖੁੱਲ੍ਹਾਂ ਦੀ ਫਿਜ਼ਾ ਹੋਵੇ, ਡਰ-ਭੁੱਕਰ ਕਿਧਰੇ ਵੀ ਨਾ ਹੋਣ, ਸਗੋਂ ਵਿਰੋਧਾਂ ਨੂੰ ਸੁਣ ਕੇ ਵਿਸ਼ਾਲ ਦਿਲੀ ਨਾਲ ਉਨ੍ਹਾਂ ਨੂੰ ਨਜਿੱਠਿਆ ਜਾਵੇ। ਅਜਿਹਾ ਰਾਜ-ਭਾਗ ਸਾਰੇ ਭਾਰਤ ਦੇ ਲੋਕਾਂ ਨੂੰ ਨਾਲ ਲੈ ਕੇ ਚੱਲ ਸਕਦਾ ਹੈ ਕਿਉਂਕਿ ਅਸਹਿਮਤੀ ਲਈ ਕੋਈ ਮੌਕਾ ਹੀ ਨਹੀਂ ਰਹੇਗਾ।

ਗਾਹੇ-ਬਗਾਹੇ ਰਾਜ ਦੇ ਹਾਕਮਾਂ ਨੂੰ ਦੂਜੇ ਦੇਸ਼ਾਂ ਦੇ ਵਿਕਾਸ ਬਾਰੇ ਪੜ੍ਹਦੇ -ਸੁਣਦੇ ਰਹਿਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੀ ਕਮਾਈ ਅਕਲ ਤੋਂ ਦੇਸ਼ ਵਿੱਚ ਬੈਠੇ ਹੀ ਲਾਹਾ ਲਿਆ ਜਾ ਸਕੇ। ਅਜਿਹਾ ਹੋਣ ਨਾਲ ਸੁਫ਼ਨਿਆਂ ਦੇ ਖੰਡਰ ਨਹੀਂ ਹੋਣਗੇ, ਕਾਲਪਨਿਕ ਵਿਕਾਸ ਨਹੀਂ ਦਿਖਾਣਾ ਪਵੇਗਾ।

**ਲਤੀਫ਼ੇ ਦਾ ਚਿਹਰਾ-ਮੋਹਰਾ**

ਅਜੀਬ ਭੰਬਲਭੂਸਾ ਹੈ
ਦਾਰੂ ਬਣਾਉਣ ਵਾਲਾ ਕਰਜ਼ੇ ਹੇਠ ਹੈ
ਬਣਾਉਣ ਲਈ ਕਰਜ਼ਾ ਦੇਣ ਵਾਲਾ ਕਰਜ਼ਾਈ ਹੈ
ਦਾਰੂ ਪੀਣ ਵਾਲਾ ਵੀ ਕਰਜ਼ਾਈ
ਫਿਰ ਪੈਸਾ ਗਿਆ ਤਾਂ ਕਿੱਥੇ ਗਿਆ?

-0-

ਡਾਕਟਰ ਸਾਹਿਬ ਮੇਰਾ ਕੰਨ ਦੁਖਦਾ
ਡਾਕਟਰ ਕਹਿੰਦਾ ਕੰਨਾਂ ਵਾਲੇ ਨੂੰ ਦਿਖਾ
ਅੱਗੋਂ ਮਰੀਜ਼ ਕਹਿੰਦਾ-ਕਿਉਂ ਤੁਹਾਡੇ ਕੰਨ ਹੈ ਨ੍ਹੀਂ?

-0-

ਦਿਨ ਦੀ ਰੋਸ਼ਨੀ ਸੁਫ਼ਨੇ ਆਉਣ
ਵਿੱਚ ਗੁਜ਼ਰ ਗਈ
ਰਾਤਾਂ ਦੀ ਨੀਂਦ ਬੱਚੇ ਸੁਲਾਉਣ
ਵਿੱਚ ਗੁਜ਼ਰ ਗਈ
ਜਿਸ ਘਰ ’ਤੇ ਮੇਰੇ ਨਾਮ ਦੀ
ਕੋਈ ਤਖ਼ਤੀ ਵੀ ਨਹੀਂ
ਸਾਰੀ ਉਮਰ ਘਰ ਨੂੰ ਸਜਾਉਣ
ਵਿੱਚ ਗੁਜ਼ਰ ਗਈ।

# ਬਾਗੜੀਆਂ ਸਕੂਲ ਦੇ ਮੈਗਜ਼ੀਨ ‘ਕਾਫ਼ਲਾ’ ਨੇ ਬਣਾਈ ਨਿਵੇਕਲੀ ਥਾਂ



ਮੇਜਰ ਸਿੰਘ ਨਾਭਾ
91-94635-53962

ਹਰੇਕ ਬੱਚੇ ਦੇ ਮਨ ਅੰਦਰ ਛੁਪੀਆਂ ਹੋਈਆਂ ਰੁਚੀਆਂ, ਖਿਆਲ, ਵਲਵਲੇ ਆਦਿ ਹੁੰਦੇ ਹਨ ਜੋ ਕਿ ਉਸਦੀ ਸਖਸ਼ੀਅਤ ਨੂੰ ਨਿਖਾਰਨ ਵਿੱਚ ਸਹਾਈ ਹੋ ਸਕਦੇ ਹਨ, ਜੇਕਰ ਇਨ੍ਹਾਂ ਨੂੰ ਬਾਹਰ ਕੱਢਕੇ ਇਨ੍ਹਾਂ ਦਾ ਵਿਸਲੇਸ਼ਣ ਕਰਕੇ ਬੱਚੇ ਨੂੰ ਸਹੀ ਸੇਧ ਦਿੱਤੀ ਜਾਵੇ ਤਾਂ ਬੱਚਾ ਚੰਗੀ ਸੋਚ ਦਾ ਮਾਲਕ ਬਣ ਸਕਦਾ ਹੈ। ਸਕੂਲ ਮੈਗਜ਼ੀਨ ਨੂੰ ਜੇ ਸਕੂਲ ਦਾ ਸ਼ੀਸ਼ਾ ਕਹਿ ਲਈਏ ਸਾਇਦ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ।

ਬੱਚੇ ਅੰਦਰਲੀ ਸੋਚ ਨਾਕਾਰਾਤਮਕ ਅਤੇ ਸਾਕਾਰਾਤਮਕ ਹੋਣੀ ਉਸ ਦੇ ਆਲੇ ਦੁਆਲੇ ਉੱਪਰ ਜਿਆਦਾ ਨਿਰਭਰ ਕਰਦੀ ਹੈ।ਵਹਿਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ ਜਿਹੜਾ ਕਿ ਨਾਕਾਰਾਤਮਕ ਸੋਚ ਨੂੰ ਪਹਿਲ ਦੇ ਆਧਾਰ ਤੇ ਅਪਣਾਉਂਦਾ ਹੈ। ਬੱਚੇ ਦਾ ਮਨ ਵਹਿਲੇ ਸਮੇਂ ਕਿਸੇ ਨਾ ਕਿਸੇ ਕੰਮ 'ਚ ਰੁਝਿਆ ਹੋਣਾ ਜਰੂਰੀ ਹੈ। ਇਨ੍ਹਾਂ ਵਿੱਚੋਂ ਹੀ ਆਪਣੇ ਵਿਚਾਰਾਂ ਨੂੰ ਦੂਸਰਿਆਂ ਸਾਹਮਣੇ ਪ੍ਰਗਟਾਉਣ ਸਮੇਂ ਬੱਚੇ ਅੰਦਰ ਅਵੱਸ਼ ਹੀ ਸਾਕਾਰਾਤਮਕ ਸੋਚ ਪੈਦਾ ਹੋਵੇਗੀ। ਇਸੇ ਸੋਚ ਨੂੰ ਅੱਗੇ ਵਧਾਉਣ ਲਈ ਸਕੂਲ ਮੈਗਜ਼ੀਨ ਦਾ ਮਹੱਤਵਪੂਰਨ ਰੋਲ ਹੈ ਜੋ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਗੜੀਆਂ (ਸੰਗਰੂਰ) ਦੇ ਸਾਲ 2018-19 ਦਾ ਸਕੂਲ ਮੈਗਜ਼ੀਨ 'ਕਾਫਲਾ' ਪ੍ਰਿੰਸੀਪਲ ਸ਼੍ਰੀਮਤੀ ਰੀਤਾ ਸ਼ਰਮਾ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਤੀਸਰਾ ਅੰਕ ਪ੍ਰਕਾਸ਼ਿਤ ਕਰਵਾ ਕੇ ਜਿਲ੍ਹੇ ਵਿੱਚ ਨਿਵੇਕਲੀ ਥਾਂ ਬਣਾਈ ਹੈ। ਇਸ ਮੈਗਜ਼ੀਨ ਦੇ ਮੁੱਖ ਸੰਪਾਦਕ ਅਤੇ ਪੰਜਾਬੀ ਸੈਕਸ਼ਨ ਦੀ ਸੰਪਾਦਕੀ ਦੀ ਅਹਿਮ ਜ਼ਿੰਮੇਵਾਰੀ ਸ਼੍ਰ. ਸਿਮਰਜੀਤ ਸਿੰਘ ਸਾਇੰਸ ਮਾਸਟਰ (ਸਟੇਟ ਅਵਾਰਡੀ) ਜੋ ਕਿ ਲੰਬੇ ਸਮੇਂ ਤੋਂ ਸਾਹਿਤ ਨਾਲ ਜੁੜੇ ਹੋਏ ਹਨ, ਨੇ ਬਾਖੂਬੀ ਨਿਭਾਈ ਹੈ। ਹਿੰਦੀ ਸੈਕਸ਼ਨ ਦੇ ਸੰਪਾਦਕ ਸ਼੍ਰੀ ਰਿਖੀ ਰਾਮ (ਹਿੰਦੀ ਮਾਸਟਰ) ਅਤੇ ਅੰਗਰੇਜ਼ੀ ਸੈਕਸ਼ਨ ਦੇ ਸੰਪਾਦਕ ਮੈਡਮ ਰਚਨਾ ਕਾਮਰਾ (ਅੰਗਰੇਜ਼ੀ ਲੈਕ:) ਨੇ ਵੀ ਵਿਦਿਆਰਥੀਆਂ ਦੇ ਮਨ ਦੇ ਵਲਵਲਿਆਂ ਨੂੰ ਕਵਿਤਾਵਾਂ, ਕਹਾਣੀਆਂ ਆਦਿ 'ਚ ਪਰੋਅ ਕੇ ਬਹੁਰੰਗਾ ਬਣਾਉਣ ਦਾ ਵਧੀਆ ਉਪਰਾਲਾ ਕੀਤਾ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਸ ਮੈਗਜ਼ੀਨ ਦੇ ਟਾਈਟਲ ਸ਼ਫੇ ਤੇ ਪ੍ਰਿੰਸ਼ੀਪਲ ਸ਼੍ਰੀਮਤੀ ਰੀਤਾ ਸ਼ਰਮਾ ਦੇ ਸੰਦੇਸ਼ ਵਿੱਚ ਇਸ ਸਾਹਿਤ ਸਿਰਜਣ ਦੇ ਸਫ਼ਰ ਨੂੰ ਅੱਗੇ ਜਾਰੀ ਰੱਖਣ ਦੀ ਕਾਮਨਾ ਕੀਤੀ ਹੈ, ਜੋ ਕਿ ਸਾਕਾਰਾਤਮਕ ਸੋਚ ਦੀ ਗਵਾਹੀ ਭਰਦੀ ਹੈ।'ਦੋ ਸ਼ਬਦ' ਵਿੱਚ ਮੈਡਮ ਹਰਕੰਵਲਜੀਤ ਕੌਰ ਡੀ.ਈ.ਓ.(ਸੈ:ਸਿ:) ਨੇ ਮੈਗਜ਼ੀਨ ਨਾਲ ਬੱਚਿਆਂ ਦੀ ਸਾਹਿਤਕ ਰੁਚੀਆਂ ਅਤੇ ਅਧਿਆਪਕਾਂ ਦੀ ਪ੍ਰਤਿਭਾ ਵਿੱਚ ਨਿਖਾਰ ਆਉਣ ਦੀ ਗੱਲ ਕੀਤੀ ਹੈ। ਉਨ੍ਹਾਂ ਇਸ ਸਿਰਜਣਾਤਮਕ ਅਮਲ ਨੂੰ ਨੇਪਰੇ ਚਾੜ੍ਹਣ ਵਾਲੀ ਟੀਮ ਨੂੰ ਮੁਬਾਰਕਬਾਦ ਦਿੱਤੀ ਹੈ। ਸਭ ਤੋਂ ਪਹਿਲਾਂ ਸਕੂਲ ਰਿਪੋਰਟ ਵਿੱਚ ਸਕੂਲ ਵਿੱਚ ਦਿੱਤੀ ਜਾਣ ਵਾਲੀ ਸਿੱਖਿਆ, ਸ਼ਾਨਦਾਰ ਨਤੀਜੇ, ਸਕੂਲ ਦੀ ਸ਼ਾਨਦਾਰ ਇਮਾਰਤ, ਹੈਲਥ ਚੈਕਅੱਪ, ਉਡਾਣ




ਪ੍ਰੋਜੈਕਟ, ਦੁਪਹਿਰ ਦਾ ਖਾਣਾ, ਵੋਕੇਸ਼ਨਲ ਸਿੱਖਿਆ, ਸਹਿਪਾਠੀ ਕ੍ਰਿਆਵਾਂ, ਵੱਖ-ਵੱਖ ਮਨਾਏ ਜਾਂਦੇ ਦਿਹਾੜੇ ਤੇ ਦਿਵਸ, ਖੇਡਾਂ, ਵਿਗਿਆਨ ਪ੍ਰਦਰਸ਼ਨੀਆਂ, ਵਿਦਿਅਕ ਟੂਰ, ਸਾਇੰਸ ਅਤੇ ਗਣਿਤ ਮੇਲੇ, ਐਨ.ਐਸ.ਕਿਉ.ਐਫ., ਸਮੇਂ-ਸਮੇਂ ਟ੍ਰੇਨਿੰਗ / ਸੈਮੀਨਾਰ /ਮੀਟਿੰਗ, ਕੰਪਿਊਟਰ ਸਿੱਖਿਆ, ਐਜੈਸੈਟ, ਲਾਇਬ੍ਰੇਰੀ ਸਬੰਧੀ ਜਾਣਕਾਰੀ ਤੋਂ ਸਕੂਲ ਦੇ ਮਿਹਨਤੀ ਸਟਾਫ ਦੀ ਸਮਰਪਿਤ ਭਾਵਨਾ ਸਪਸ਼ਟ ਝਲਕਦੀ ਹੈ। ਪੰਜਾਬੀ ਟ੍ਰਿਬਿਊਨ ਵਿੱਚ ਲੰਬੇ ਸਮੇਂ ਤੋਂ ਛਪ ਰਹੇ ਕਾਲਮ ਨਵੀਸ਼ ਸਿਮਰਜੀਤ ਸਿੰਘ ਸਟੇਟ ਅਵਾਰਡੀ ਨੇ 'ਸੰਪਾਦਕੀ' ਵਿੱਚ 'ਕਾਫਲੇ' ਵਿੱਚ ਆਈਆਂ ਨਵੀਆਂ ਕਲਮਾਂ ਦਾ ਸੁਆਗਤ ਅਤੇ ਭਵਿੱਖ 'ਚ ਹੋਰ ਵਧੇਰੇ ਉਸਾਰੂ ਸਿਰਜਣਾ ਦੀ ਆਸ ਕੀਤੀ ਹੈ। ਹਰਸ਼ਦੀਪ ਕੌਰ (ਛੇਵੀਂ ਏ) ਨੇ 'ਕੰਪਿਊਟਰ' ਬਾਰੇ ਜਾਣਕਾਰੀ ਦਿੱਤੀ ਹੈ, ਦਲਜੀਤ ਦਾਸ ਨੇ ਗਜ਼ਲ ਨਾਲ ਹਾਜ਼ਰੀ ਲੁਆਈ ਹੈ। ਮੈਡਮ ਸੁਰਿੰਦਰ ਕੌਰ ਪੰਜਾਬੀ ਮਿਸਟ੍ਰੈਸ ਨੇ ‘ਚੰਗੇ ਸੰਸਕਾਰ’ ਵਿੱਚ ਵੱਖ-ਵੱਖ ਸਰੋਤਾਂ ਤੋਂ ਚੰਗੇ ਸੰਸਕਾਰ ਪ੍ਰਾਪਤ ਕਰਨ ਬਾਰੇ ਦੱਸਿਆ ਹੈ। ਉਨ੍ਹਾਂ ਅਨੁਸਾਰ ਅਸਲੀ ਸੁੰਦਰਤਾ ਜਿਸਮ ਦਾ ਵਿਖਾਵਾ ਨਹੀਂ ਸਗੋਂ ਤੁਹਾਡੀ ਕੀਮਤ ਤਾਂ ਤੁਹਾਡੇ ਸੰਸਕਾਰ ਤਹਿ ਕਰਦੇ ਹਨ।' ਸਕੂਲ ਜਾਓ ਬੱਚਿਓ' ਮਹਿਕਪ੍ਰੀਤ ਕੌਰ (ਛੇਵੀਂ ਏ), ਮਹੰਮਦ ਕਫ਼ੀਲ (ਵੋਕੇਸ਼ਨਲ ਮਾਸਟਰ) ਨੇ 'ਬਾਰਵੀਂ ਵੋਕੇਸ਼ਨਲ ਪਾਸ ਕਰਨ ਤੋਂ ਬਾਅਦ ਦਾ ਖੇਤਰ' ਵਿੱਚ ਵਿਦਿਆਰਥੀਆਂ ਲਈ ਨਵੇਂ ਕੋਰਸਾਂ ਦੀ ਲਾਹੇਵੰਦ ਜਾਣਕਾਰੀ ਦਿੱਤੀ ਗਈ ਹੈ। ਮੇਰੇ ਕਾਲਜ ਸਮੇਂ ਦੇ ਮਿੱਤਰ ਸ਼੍ਰ.ਇੰਦਰਜੀਤ ਸਿੰਘ (ਲੈਕ: ਪੰਜਾਬੀ) ਨੇ 'ਸਾਧ ਕੌਣ ਹੈ ?'ਵਿੱਚ ਕੁਦਰਤ ਦੇ ਹੁਕਮ ਨੂੰ ਕਬੂਲ ਕਰਨ ਨੂੰ ਸਿੱਖਣ ਦੀ ਗੱਲ ਕੀਤੀ ਹੈ। ਮੈਡਮ ਕੁਲਵਿੰਦਰ ਕੌਰ (ਸ. ਸ.ਮਿਸਟ੍ਰੈਸ) ਨੇ 'ਆਪਣਾ ਆਪ ਪਛਾਣੋ, ਜ਼ਿੰਦਗੀ ਦਾ ਅਨੰਦ ਮਾਣੋ' ਵਿੱਚ ਵਧੀਆ ਸਿੱਖਿਆ ਦਿੱਤੀ ਹੈ। ਕਵਿਤਾਵਾਂ ਵਿੱਚ ਦੀਪਤੀ ਜੈਨ (ਕੰਪਿ: ਫੈਕਲਟੀ) ਨੇ 'ਚਮਚੇ', 'ਨਕਲ' ਅਤੇ'ਸਰਕਾਰੀ ਸਕੂਲ', ਦਵਿੰਦਰ ਕੌਰ (ਟੀ.ਪੀ.ਟੀ.) ਨੇ 'ਸੱਚੇ ਰੱਬਾ', ਯੁਨਾਇਸ (ਅੱਠਵੀਂ ਏ) ਨੇ 'ਲੇਲੇ ਅਤੇ ਬਘਿਆੜ', ਗੁਰਚਰਨ ਸਿੰਘ ਸੋਹੀ (ਸਤਵੀਂ ਸੀ) ਨੇ 'ਔਰਤ ਦੇ ਰੂਪ', ਹਰਸ਼ਦੀਪ (ਛੇਵੀਂ ਏ) ਨੇ 'ਸਰਹੱਦ ਦਾ ਰਾਖਾ', ਰਮਨਪ੍ਰੀਤ ਕੌਰ ਨੇ 'ਮੇਰੀ ਪਿਆਰੀ ਭੈਣ', ਦਿਲਪ੍ਰੀਤ ਕੌਰ (ਅੱਠਵੀਂ ਬੀ) ਨੇ 'ਪੰਜਾਬ ਦੇ ਹਾਲਾਤ' ਰਣਦੀਪ ਸਿੰਘ (ਗਿਆਰਵੀਂ ਸੀ) ਨੇ 'ਮਾਵਾਂ ਹੁੰਦੀ ਬੋਹੜ ਦੀਆਂ ਛਾਵਾਂ', ਚੰਚਲਪ੍ਰੀਤ ਧੀਰ (ਟੀ.ਪੀ.ਟੀ.) ਨੇ 'ਘਰ ਵਾਪਸੀ', ਜਗਦੀਪ ਸਿੰਘ (ਬਾਰਹਵੀਂ ਬੀ) ਨੇ 'ਗਰੀਬੀ ਦਾ ਅਹਿਸਾਸ', ਮਨਜੋਤ ਕੌਰ (ਦਸਵੀਂ ਬੀ) ਨੇ 'ਮਜ਼ਬੂਰੀ', ਗੁਰਲੀਨ ਕੌਰ (ਛੇਵੀਂ ਏ) ਨੇ 'ਧੀਆਂ', ਸੁਮੀਤ (ਗਿਆਰ੍ਹਵੀਂ ਏ) ਨੇ 'ਪਾਣੀ', ਰਮਨਪ੍ਰੀਤ ਕੌਰ (ਗਿਆਰ੍ਹਵੀਂ ਬੀ) ਨੇ 'ਧੰਨ ਧੰਨ ਗੁਰੁ ਗੋਬਿੰਦ ਸਿੰਘ ਜੀ' ਅਤੇ 'ਜੀਵਨ', ਰਮਨਦੀਪ ਕੌਰ (ਨੌਵੀਂ ਬੀ) ਨੇ 'ਮਾਂ-ਬਾਪ ਦੀ ਅਹਿਮੀਅਤ' ਅਤੇ ਹਰਸ਼ਵੀਰ ਸੋਹੀ ਨੇ 'ਦੱਸ ਨੀ ਕੋਇਲੇ' ਨਾਲ ਹਾਜ਼ਰੀ ਲੁਆਈ ਹੈ। ਸਾਰੀਆਂ ਕਵਿਤਾਵਾਂ ਬੱਚਿਆਂ ਦੀਆਂ ਮਨ ਅੰਦਰ-ਲੀਆਂ ਭਾਵਨਾਵਾਂ ਨੂੰ ਪ੍ਰਗਟਾ ਰਹੀਆਂ ਹਨ ਅਤੇ ਕੋਈ ਨਾ ਕੋਈ ਸ਼ੰਦੇਸ਼ ਜਰੂਰ ਦਿੰਦੀਆਂ ਨਜ਼ਰ ਆਉਂਦੀਆਂ ਹਨ। ਇਸੇ ਤਰ੍ਹਾਂ ਸ਼੍ਰੀਮਤੀ ਰਚਨਾ ਕਾਮਰਾ (ਅੰਗਰੇਜ਼ੀ ਲੈਕ:) ਵਲੋਂ ਸੰਪਾਦਿਤ ਅੰਗਰੇਜ਼ੀ ਸੈਕਸ਼ਨ ਵਿੱਚ ਪਰਨੀਤ ਕੌਰ (ਬਾਰ੍ਹਵੀ-ਬੀ), ਜਸਵੀਰ ਕੌਰ (ਬਾਰ੍ਹਵੀਂ-ਬੀ), ਗੁਰਕਰਨ ਸਿੰਘ ਸੋਹੀ (ਸੱਤਵੀਂ ਬੀ), ਸਿੰਪਲ ਕੌਰ (ਬਾਰ੍ਹਵੀਂ-ਏ ਕਮਰਸ), ਪਿੰਕੀ (ਗਿਆਰਵੀਂ-ਬੀ), ਵੀਰਪਾਲ ਕੌਰ (ਬਾਰ੍ਹਵੀਂ-ਬੀ), ਹਰਪ੍ਰੀਤ ਕੌਰ (ਗਿਆਰਵੀਂ-ਬੀ), ਰਮਨਦੀਪ ਸਿੰਘ (ਗਿਆਰਵੀਂ-ਸੀ), ਗਗਨਪ੍ਰੀਤ ਕੌਰ ਸੱਤਵੀਂ ਏ) ਅਤੇ ਮੈਡਮ ਨਰਿੰਦਰ ਕੌਰ (ਲੈਕ: ਬਾਇਓਲੋਜੀ), ਗੁਰਜੀਤ ਸਿੰਘ (ਕੰਪਿ: ਫੈਕ:),ਮਿਸਜ਼ ਪਰਨੀਤ ਕੌਰ (ਲੈਕ: ਕੈਮਿਸਟਰੀ), ਅਰੁੰਧਤੀ ਸਿੰਗਲਾ (ਲੈਕ: ਕਮਰਸ), ਪਰਨੀਤ ਕੌਰ (ਬਾਰ੍ਹਵੀਂ-ਬੀ),ਦੀਪਿਕਾ ਮੈਥ ਮਿਸਟ੍ਰੈਸ, ਦੀਪਤੀ ਜੈਨ (ਕੰਪਿ: ਫੈਕ:) ਮਹਿਕ ਸੋਹੀ (ਗਿਆਰਵੀਂ-ਏ), ਜਸਵੀਰ ਕੌਰ (ਬਾਰ੍ਹਵੀਂ-ਬੀ) ਨੇ ਕਿਸੇ ਨਾ ਕਿਸੇ ਰੂਪ ਵਿੱਚ ਆਪਣੀ ਰਚਨਾ ਨਾਲ ਨਵਾਂ ਰੰਗ ਦਿੱਤਾ ਹੈ।

ਹਿੰਦੀ ਸੈਕਸਨ ਦੇ ਸੰਪਾਦਕ ਸ਼੍ਰੀ ਰਿਖੀ ਰਾਮ (ਹਿੰਦੀ ਮਾਸਟਰ) ਨੇ ਰਾਸਟਰੀ ਭਾਸ਼ਾ ਪ੍ਰਤੀ ਰੁਚੀ ਵਧਾਉਣ ਲਈ ਮਹਿਕ ਸੋਹੀ (ਗਿਆਰਵੀਂ ਏ), ਅਰਸ਼ਦੀਪ ਕੌਰ ਸੋਹੀ (ਬਾਰ੍ਹਵੀਂ ਮੈਡੀਕਲ), ਸਿਮਰਨਜੀਤ ਕੌਰ (ਨੌਵੀਂ ਏ), ਰਾਜਵੀਰ ਕੌਰ (ਛੇਵੀਂ), ਰਜਨੀ ਕੋਰ (ਨੌਵੀਂ ਏ),ਮਨਜੋਤ ਕੌਰ (ਦਸਵੀਂ ਬੀ), ਕੋਮਲਜੀਤ ਕੌਰ ਅਤੇ ਗੁਰਲੀਨ ਕੌਰ (ਛੇਵੀਂ), ਅਰਸ਼ਦੀਪ ਕੌਰ (ਨੌਵੀਂ), ਮਨਪ੍ਰੀਤ ਕੌਰ ਅਤੇ ਅਲੀਸ਼ਾ (ਬਾਰ੍ਹਵੀਂ ਬੀ), ਗਗਨਪ੍ਰੀਤ ਕੌਰ (ਸੱਤਵੀਂ ਏ),ਗੁਰਕਰਨ ਸਿੰਘ ( ਸੱਤਵੀਂ ਬੀ ), ਸਿਮਰਨ ਕੌਰ (ਅੱਠਵੀਂ ਏ), ਪਰਦੀਪ ਸਿੰਘ (ਨੌਵੀਂ ਸੀ) ਅਤੇ ਅਧਿਆਪਕਾਂ ਦੀਆਂ ਰਚਨਾਵਾਂ ਦੀ ਸਮੂਲੀਅਤ ਕੀਤੀ ਹੈ । ਸਕੂ.ਲ ਦੀਆਂ ਗਤੀ ਵਿਧੀਆਂ ਦੀਆਂ ਅਖਬਾਰੀ ਖਬਰਾਂ ਨੂੰ ਮੈਗਜ਼ੀਨ ਵਿੱਚ ਥਾਂ ਦੇਣ ਨਾਲ ਸਕੂ.ਲ ਦੀ ਕਾਰਗੁਜ਼ਾਰੀ ਆਪਮੁਹਾਰੇ ਝਲਕਦੀ ਹੈ। ਸਕੂਲ ਸਟਾਫ ਦੀ ਫੋਟੋ ਬੱਚਿਆਂ ਲਈ ਯਾਦਗਾਰੀ ਰਿਸ਼ਤਾ ਬਣਾਉਣ ਦਾ ਕੰਮ ਕਰੇਗੀ। ਸੰਸਥਾ ਦੇ ਕੰਮਾਂ ਦੀਆਂ ਤਸਵੀਰਾਂ ਨਾਲ ਸ਼ਿਗਾਰੇ ਚਾਰ ਰੰਗਦਾਰ ਪੰਨੇ ਮੈਗਜ਼ੀਨ ਦੀ ਦਿੱਖ ਨੂੰ ਆਕਰਸ਼ਕ ਤਾਂ ਕਰਦੇ ਹੀ ਹਨ ਸਗੋਂ ਸਕੂਲ ਦੇ ਸ਼ੀਸ਼ੇ ਦਾ ਕੰਮ ਵੀ ਕਰਦੇ ਹਨ।

ਪਿਛਲੇ ਟਾਈਟਲ ਪੰਨੇ ਤੇ ਚਮਕਦੇ ਸਿਤਾਰਿਆਂ ਦੀਆਂ ਫੋਟੋਆਂ ਸਕੂਲ ਦਾ ਕੱਦ ਉੱਚਾ ਤਾਂ ਕਰਦੀਆਂ ਹੀ ਹਨ ਸਗੋਂ ਛੋਟੇ ਬੱਚਿਆਂ ਲਈ ਪ੍ਰੇਰਨਾ ਸ਼੍ਰੋਤ ਵੀ ਹਨ।ਇਸ ਨਿਵੇਕਲੇ ਕਾਰਜ ਦੀ ਸਫਲਤਾ ਲਈ ਪ੍ਰਿੰਸੀਪਲ ਸ਼੍ਰੀਮਤੀ ਰੀਤਾ ਸ਼ਰਮਾ, ਮੁੱਖ ਸੰਪਾਦਕ ਸ਼੍ਰ. ਸਿਮਰਜੀਤ ਸਿੰਘ, ਸਹਿ-ਸੰਪਾਦਕ ਸ਼੍ਰੀਮਤੀ ਰਚਨਾ ਕਾਮਰਾ, ਸ਼੍ਰੀ ਰਿਖੀ ਰਾਮ ਅਤੇ ਐਡੀਟੋਰੀਅਲ ਬੋਰਡ ਦੇ ਅਧਿਆਪਕ ਅਤੇ ਵਿਦਿਆਰਥੀ ਮੈਂਬਰ ਵਧਾਈ ਦੇ ਪਾਤਰ ਹਨ। ਇਹ ਮੈਗਜ਼ੀਨ ਵਿਦਿਆਰਥੀਆਂ ਦੀ ਸੋਚ ਨੂੰ ਉਸਾਰੂ ਬਣਾਉਣ ਲਈ ਆਪਣੇ ਅੰਦਰ ਬਹੁਤ ਕੁਝ ਸਮਾਈ ਬੈਠਾ ਹੈ।

-----

# ਮਨੁੱਖਤਾ ਲਈ ਮਿਸਾਲ ਪੰਚਮ ਪਾਤਸਾਹ ਦੀ ਸਹਾਦਤ



ਸ਼ਹੀਦ ਸ਼ਬਦ ਫਾਰਸੀ ਦੇ ਸ਼ਬਦ 'ਸ਼ਹਿਦ' ਤੋ ਬਣਿਆ ਹੈ, ਜਿਸ ਦੇ ਭਾਵ-ਅਰਥ ਹਨ ਗਵਾਹ ਜਾਂ ਸਾਖੀ ।ਇਸ ਤਰ੍ਹਾਂ ਸ਼ਹਾਦਤ ਸ਼ਬਦ ਦਾ ਅਰਥ ਉਹ ਗਵਾਹੀ ਜਾਂ ਸਾਖੀ ਹੈ ਜੋ ਕਿਸੇ ਮਹਾਂਪੁਰਖ ਨੇ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਕੇ ਕਿਸੇ ਮਹਾਨ ਅਤੇ ਆਦਰਸ਼ ਕਾਰਜ ਦੀ ਸਿੱਧੀ ਲਈ ਦਿੱਤੀ ਜਾਂ ਭਰੀ ਹੁੰਦੀ ਹੈ।ਸ਼ਹਾਦਤ ਦਾ ਜਾਮਾ ਪਵਿੱਤਰ ਅਤੇ ਪੁਨੀਤ ਹੁੰਦਾ ਹੈ ਜਿਸ ਨੂੰ ਪਹਿਨ ਕੇ ਸ਼ਹੀਦ ਦੇਸ਼ ਅਤੇ ਕੌਮ ਦਾ ਉਹ ਸਰਮਾਇਆ ਸਣ ਜਾਂਦੇ ਹਨ।ਜੋ ਧਰਮ ਦੇ ਸਿਧਾਂਤਾ ਦੀ ਕਾਇਮੀ ਅਤੇ ਬੁਲੰਦੀ ਹਿੱਤ ਦਿੱਤੀ ਗਈ ਪੰਚਮ ਪਾਤਸ਼ਾਹ ਦੀ ਸ਼ਹਾਦਤ ਵੀ ਬੇਮਿਸਾਲ ਹੈ।ਗੁਰੂ ਸਾਹਿਬਾਨ ਵੱਲੋ ਦਰਸਾਇਆ ਗਿਆ ਸੱਚ ਦਾ ਇਹ ਮਾਰਗ ਅਧਿਆਤਮਕ ਪੱਖ ਪੂਰਨ ਦੇ ਨਾਲ-ਨਾਲ ਮਨੁੱਖ ਦੇ ਸਮਾਜਿਕ ਤੇ ਸੱਭਿਆਚਾਰਕ ਸਰੋਕਾਰਾਂ ਦੀ ਵੀ ਹਾਮੀ ਭਰਦਾ ਹੈ।ਇਸ ਹਾਮੀ ਵਜੋ ' ਹੀ ਗੁਰੂ ਜੀ ਵੱਲੋ ਸਿਮਰਨ ਦੇ ਨਾਲ ਨਾਲ ਸੇਵਾ ਦੇ ਸੰਕਲਪ ਨੂੰ ਵੀ ਜੋੜਿਆ ਗਿਆ ਹੈ।

ਗੁਰੂ ਸਾਹਿਬ ਵੱਲੋ 'ਕੀਤੇ ਗਏ ਇਹ ਸਰਬ-ਕਲਿਆਣਕਾਰੀ ਉਪਰਾਲੇ ਵਕਤ ਦੀਆਂ ਹਕੂਮਤਾਂ ਅਤੇ ਗੁਰੂ ਘਰ ਨਾਂਲ ਵੈਰ-ਵਿਰੋਧ ਦੀ ਭਾਵਨਾ ਰੱਖਣ ਵਾਲਿਆ ਦੀਆਂ ਅੱਖਾਂ 'ਚ ਹਮੇਸ਼ਾ ਹੀ ਰੜਕਦੇ ਰਹੇ ਹਨ।ਇਸੇ ਰੜਕ ਦੇ ਵਧ ਜਾਣ ਕਾਰਨ ਹੀ ਪੰਜਵੇ 'ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਬੈਠ ਕੇ ਤੇ ਉਸ ਨੂੰ ਪਰਮਾਤਮਾ ਦਾ ਭਾਣਾ ਮੰਨਿਆ।ਇਸ ਕਾਰਨ ਹੀ ਸਿੱਖ ਜਗਤ ਉਨ੍ਹਾਂ ਨੂੰ ਸ਼ਹੀਦਾਂ ਦੇ ਸਰਤਾਜ਼ ਕਹਿ ਕੇ ਸਤਿਕਾਰਦਾ ਹੈ।

ਪਾਣੀ ਦੇ ਬੋਹਿਥ, ਸ਼ਾਂਤੀ ਦੇ ਪੁੰਜ, ਆਦਿ ਗ੍ਰੰਥ ਸਾਹਿਬ ਦੇ ਸੰਪਾਦਕ, ਜੁ ਦੀ ਅੱਗ ਨੂੰ ਸਿਦਕਦਿਲੀ ਨਾਲ ਠੰਢਿਆਂ ਕਰਨ ਵਾਲੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪਰੈਲ, ਸੰਨ 1563(ਵਿਸਾਖ ਬਿਕ੍ਰਮੀ 1620) ਨੂੰ ਇਤਿਹਾਸਕ ਨਗਰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਤੇ ਬੀਬੀ ਭਾਨੀ ਜੀ ਦੇ ਗ੍ਰਹਿ ਵਿਖੇ ਹੋਇਆ ।ਜਿਨ੍ਹਾਂ ਮਹਾਂਪੁਰਖਾਂ ਦੀ ਛਤਰ-ਛਾਇਆ ਹੇਠ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਚਪਨ ਪ੍ਰਵਾਨ ਚੜ੍ਹਿਆ ਉਹ ਅਧਿਆਤਮਕ ਖੇਤਰ ਦੀਆਂ ਮਹਾਨ ਹਸਤੀਆਂ ਸਨ।ਇਸ ਤੋ ਇਲਾਵਾ ਬਹੁਤ ਸਾਰੇ ਗਿਆਨੀ-ਧਿਆਨੀ, ਵਿਦਵਾਨ ਅਤੇ ਸ੍ਰੀ ਗੁਰੂ ਰਾਮਦਾਸ ਜੀ ਅਤੇ ਖ਼ੁੱਦ ਉਨ੍ਹਾਂ ਦੀ ਆਪਣੀ ਸੰਗਤ 'ਚ ਰਹਿੰਦੇ ਸਨ।ਇਸ ਤੋ ਇਲਾਵਾ ਨਾਨਕੇ ਪਰਿਵਾਰ 'ਚੋ ਮਿਲਿਆ ਗੁਰਮਿਤ ਭਰਪੂਰ ਵਾਤਾਵਰਨ ਵੀ ਉਨਾਂ (ਗੁਰੂ ਅਰਜਨ ਦੇਵ ਜੀ) ਦੀ ਸ਼ਖਸੀਅਤ ਨੂੰ ਵਿਕਸਤ ਤੇ ਪ੍ਰਫੁੱਲਤ ਕਰਨ 'ਚ ਬਹੁਤ ਲਾਹੇਵੰਦ ਸਾਬਤ ਹੋਇਆ।ਨਾਨੇ-ਦੋਹਤਰੇ ਦੇ ਆਪਸੀ ਪਿਆਰ ਦੀ ਬਦੌਲਤ ਹੀ ਉਨ੍ਹਾਂ ਦੀ ਸ਼ਖੀਅਤ 'ਚ ਉੱਚੇ ਤੇ ਸੁੱਚੇ ਗੁਣਾਂ ਦੀ ਝਲਕ ਜੀਵਨ ਦੇ ਪਹਿਲੇ ਪੜਾਅ'ਚ ਹੀ ਦਿਖਾਈ ਦੇਣ ਲੱਗ ਪਈ ਸੀ। 1581 ਈ. ਨੂੰ ਜਦੋ ਗੁਰੂ (ਰਾਮਦਾਸ ਜੀ) ਪਿਤਾ ਨੇ ਉਨ੍ਹਾਂ ਨੂੰ ਸਹਾਰੀ ਮੱਲ ਦੇ ਪੁੱਤਰ ਦੇ ਵਿਆਹ 'ਚ ਸ਼ਾਮਲ ਹੋਣ ਲਈ ਭੇਜਿਆ ਤਾਂ ਉਨ੍ਹਾਂ ਇਸ ਹੁਕਮ ਨੂੰ ਖਿੜੇ ਮੱਥੇ ਸਵੀਕਾਰ ਕਰ ਲਿਆ ।ਆਨੰਦ ਕਾਰਜ ਦੀ ਸਮਾਪਤੀ ਤੋ ਬਾਅਦ ਜਦੋ 'ਉਹ ਵਾਪਸੀ ਪਾਉਣ ਲੱਗੇ ਤਾਂ ਚੌਥੇ ਪਾਤਸ਼ਾਹ ਨੇ ਲਾਹੌਰ 'ਚ ਰਹਿ ਕੇ ਸੰਗਤਾਂ ਦੀ ਅਗਵਾਈ ਕਰਨ ਦਾ ਨਵਾਂ ਹੁਕਮ ਲਾ ਦਿੱਤਾ ।ਇਸ ਹੁਕਮ ਤੋ ਬਾਅਦ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਮਨੋ ਹੀ ਵਿਸਾਰ ਦਿੱਤਾ ਦਿਨਾਂ ਦੇ ਹਫ਼ਤੇ, ਹਫਤਿਆਂ ਦੇ ਮਹੀਨੇ ਤੇ ਮਹੀਨਿਆਂ ਦੀਆਂ ਛਿਮਾਹੀਆਂ ਬਣ ਗਈਆਂ।ਪਰ ਗੁਰੂ ਕੇ ਚੱਕ ਤੋ ਕੋਈ ਸੁਨੇਹਾ ਨਹੀ 'ਆਇਆ ।ਜਦੋ ਉਡੀਕ ਦੀਆਂ ਘੜੀਆਂ ਲੰਮੀਆਂ ਹੋ ਗਈਆਂ ਤਾਂ ਸਬਰ ਦਾ ਪਿਆਲਾ ਉਛਾਲੇ ਮਾਰਨ ਲੱਗ ਪਿਆ ਇਸ ਉਛਾਲ ਕਾਰਨ ਉਨਾਂ ਨੇ ਇੱਕ ਪੱਤਰ ਗੁਰੂ ਪਿਤਾ ਵੱਲ ਲਿਖ ਭੇਜਿਆ ਤੇ ਦਰਸ਼ਨਾਂ ਦੀ ਅਰਦਾਸ ਕੀਤੀ।ਛੋਟੀ ਉਮਰੇ ਉਨਾਂ ਦੀ ਸੇਵਾ ਅਤੇ ਸਿਮਰਨ ਵਾਲੀ ਬਿਰਤੀ ਨੂੰ ਦੇਖਦਿਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਦੋਵਾਂ ਪੁੱਤਰਾਂ (ਪ੍ਰਿਥੀ ਚੰਦ ਅਤੇ ਮਹਾਂਦੇਵ) ਨੂੰ ਛੱਡ ਕੇ 1 ਸਤੰਬਰ 1581 ਈ. (2 ਅੱਸੂ ਸੰਮਤ 1638) ਨੂੰ ਸੁੱਕਰਵਾਰ ਵਾਲੇ ਦਿਨ ਗੁਰਗੱਦੀ ਦੀ ਬਖ਼ਸ਼ਿਸ਼ ਕੀਤੀ ।ਚੌਥੇ ਪਾਤਸ਼ਾਹ ਦੀ ਇਸ ਚੋਣ ਨਾਲ ਪ੍ਰਿਥੀ ਚੰਦ ਦੀਆਂ ਉਮੀਦਾਂ ਦੇ ਮਹਿਲ ਢਹਿ ਢੇਰੀ ਹ ਗਏ ।ਉਹ ਗੁਰੂ ਜੀ ਨਾਲ ਕਾਫੀ ਲੋਹਾ-ਦਾਖਾ ਹੋਇਆ।ਗੁਰੂ ਰਾਮਦਾਸ ਜੀ ਨੇ ਉਸ ਨੂੰ ਪਿਆਰ ਨਾਲ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਸ ਦੀ ਸਮਝ ਤੇ ਲਾਲਚ ਭਾਰੂ ਹੋ ਚੁੱਕਾ ਸੀ।ਇਸ ਲਾਲਚ ਅਤੇ ਬੇਸਮਝੀ ਕਾਰਨ ਹੀ ਉਸ ਨੇ ਗੁਰੂ ਨਾਨਕ ਪਾਤਸ਼ਾਹ ਦੇ ਘਰ ਨੂੰ ਢਾਹ ਲਾਉਣ ਦੀਆਂ ਕਈ ਨਾਕਾਮ ਕੋਸ਼ਿਸ਼ਾਂ ਕੀਤੀਆਂ ।ਇਨ੍ਹਾਂ ਕੋਸ਼ਿਸ਼ਾਂ ਤਹਿਤ ਉਸ ਨੇ ਜਿੱਥੇ ਸਿੱਖ ਸੰਗਤਾਂ ਨੂੰ ਗੁੰਮਰਾਹ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ। ਪੰਚਮ ਪਾਤਸਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਗੱਦੀ 'ਤੇ ਬੈਠਦਿਆਂ ਸਾਰ ਹੀ ਸਭ ਤੋ ਪਹਿਲਾਂ ਪਵਿੱਤਰ ਕਾਰਜ ਰਾਮਦਾਸ ਸਰੋਵਰ ਨੂੰ ਪੱਕਾ ਕਰਨ ਦਾ ਕੀਤਾ। ਇਸ ਮੁਕੱਦਸ ਸਰੋਵਰ ਦੇ ਵਿਚਾਲੇ ਉਨਾਂ ਨੇ ਇੱਕ ਅਜਿਹਾ ਮੰਦਰ (ਪਰਮੇਸ਼ਰ ਦੀ ਯਾਦ ਦਵਾਉਣ ਲਈ) ਉਸਾਰਨ ਦੀ ਵਿਉਤਬੰਦੀ ਕੀਤੀ।ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋ 'ਹੋਰ ਵੀ ਬਹੁਤ ਸਾਰੇ ਅਜਿਹੇ ਕਾਰਜ ਕੀਤੇ ਗਏ ਜਿਨ੍ਹਾਂ ਨੇ ਸਿੱਖੀ ਦੇ ਫੈਲਾਅ ਅਤੇ ਸਿਧਾਂਤਾਂ ਦੇ ਨਿਭਾਅ (ਅਮਲ) ਹਿੱਤ ਇੱਕ ਅਹਿਮਤਰੀਨ ਭੂਮਿਕਾ ਅਦਾ ਕੀਤੀ।ਇਨ੍ਹਾਂ ਕਾਰਜਾਂ 'ਚ ਪ੍ਰਮੁੱਖ ਕਾਰਜ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਹੈ।ਇਸ ਵੱਡਮੁਲੇ ਕਾਰਜ ਨੂੰ ਉਨ੍ਹਾਂ ਦੀ ਇੱਕ ਸ੍ਰੋ ਪ੍ਰਾਪਤੀ ਵਜੋ ਲਿਆ ਜਾਂਦਾ ਹੈ।ਧਾਰਮਿਕ ਆਗੂ ਹੋਣ ਨਾਲ-ਨਾਲ ਗੁਰੂ ਅਰਜਨ ਦੇਵ ਜੀ ਇੱਕ ਪ੍ਰਤਿਭਾਸ਼ਾਲੀ ਵਿਦਵਾਨ ਵੀ ਸਨ।ਜਿੱਥੇ ਗੁਰੂ ਅਰਜਨ ਦੇਵ ਜੀ ਉੱਤਰੀ ਭਾਰਤ 'ਚ ਪ੍ਰਚੱਲਤ ਭਾਸ਼ਾਵਾਂ ਦੇ ਉਸਤਾਦ ਸਨ ਉਥੇ ਨਾਲ ਹੀ ਸੰਗੀਤਕ ਸੁਝ ਵੀ ਰੱਖਦੇ ਸਨ।ਇਸ ਸੂਝ ਸਦਕਾ ਹੀ ਜਿੱਥੇ ਉਨ੍ਹਾਂ ਨੇ ਆਪ ਇਲਾਹੀ ਬਾਣੀ ਦੀ ਸਿਰਜਣਾ ਕੀਤੀ ਉਥੇ ਆਪਣੇ ਤੋ ਪੂਰਬਲੇ ਗੁਰੂ ਸਾਹਿਬਾਨਾਂ, ਵੱਖ ਵੱਖ ਖਿੱਤਿਆਂ ਨਾਲ ਜੁੜੇ ਹੋਏ ਭਗਤਾ ਤੇ ਭੱਟਾਂ ਦੀ ਪਵਿੱਤਰ ਬਾਣੀ ਨੂੰ ਇੱਕ ਸੁੱਚੀ ਮਾਲਾ(ਗ੍ਰੰਥ) ਵਿੱਚ ਪਰੋਣ ਦਾ ਇੱਕ ਅਣਥੱਕ ਜਤਨ ਆਰੰਭ ਕਰ ਦਿੱਤਾ ।ਆਪਣੇ ਇਸ ਯਤਨ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਉਨਾਂ ਵੱਲੋ ਭਾਈ ਗੁਰਦਾਸ ਜੀ ਦੀਆਂ ਸੇਵਾਵਾਂ ਲਈਆਂ ਗਈਆਂ ।ਇਸ ਮਹਾਨ ਤੇ ਵਿੱਲਖਣ ਕਾਰਜ ਦੀ ਸੰਪੂਰਤਾ ਭਾਦਰੋ ਵਦੀ ਇੱਕ (1604) ਨੂੰ ਹੋਈ।ਮਨੁੱਖੀ ਬਰਾਬਰੀ ਅਤੇ ਆਪਸੀ ਭਾਈਚਾਰੇ ਦਾ ਸੁਨੇਹਾ ਦੇਣ ਵਾਲੇ ਇਸ ਗ੍ਰੰਥ ਦੇ ਪ੍ਰਕਾਸ ਵਿੱਚ ਆਉਣ ਨਾਲ ਇਸ ਦੀ ਪਾਵਨ ਬਾਣੀ ਪ੍ਰਤੀ ਕੁੱਝ ਝੂਠੀਆਂ ਸ਼ਿਕਾਇਤਾਂ ਵੀ ਵਕਤ ਦੇ ਹਾਕਮ (ਅਕਬਰ) ਕੋਲ ਪਹੁੰਚਣ ਲੱਗੀਆ। ਪਰ ਜਦੋ ਇਨ੍ਹਾਂ ਸ਼ਿਕਾਇਤਾਂ ਨੂੰ ਸੱਚ ਅਤੇ ਦਲੀਲ ਦੀ ਕਸਵੱਟੀ ਤੇ ਲਾਇਆ ਗਿਆ ਤਾਂ ਿ ਨੂੰ ਸਰਮਿੰਦਗੀ ਉਠਾਉਣੀ ਪਈ।ਸਰਬਤ ਦੇ ਭਲੇ ਵਾਲੀ ਸੋਚ ਅਤੇ ਲੋਕ ਹਿੱਤਕਾਰੀ ਅਮਲਾਂ ਕਾਰਨ ਗੁਰੂ ਨਾਨਕ ਦਰਬਾਰ ਦੀ ਹਰਮਨ ਪਿਆਰਤਾ ਦਿਨੋ-ਦਿਨ ਵਧ ਰਹੀ ਸੀ।ਇਹ ਹਰਮਨ ਪਿਆਰਤਾ ਤੱਤਕਾਲੀ ਹਕੂਮਤ ਤੇ ਗੁਰੂ ਰ ਦੇ ਦੋਖੀਆਂ ਦੀਆਂ ਅੱਖਾਂ 'ਚੋ ਰੜਕਣ ਲਗ ਪਈ ਸੀ।ਇਸੇ ਰੜਕ ਨੇ ਹੀ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਮੁੱਢ ਬੰਨ੍ਹਣ 'ਚ ਆਪਣਾ ਨਿੰਦਣਯੋਗ ਰੋਲ ਅਦਾ ਕੀਤਾ ਸੀ।ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਸਰਹਿੰਦ ਦੇ ਇਲਾਕੇ 'ਚ ਨਕਸ਼ਬੰਦੀ ਸਿਲਸਲੇ ਨਾਲ ਸਬੰਧਤ ਸੇ ਅਹਿਮਦ ਫਾਰੂਕੀ ਗੁਰੂ ਅਰਜਨ ਦੇਵ ਜੀ ਖਿਲਾਫ਼ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨ ਲੱਗਾ।ਬਾਦਸਾਹ ਜਹਾਂਗੀਰ ਕੰਨਾਂ ਦਾ ਕੱਚਾ ਸੀ।ਇਸ ਲਈ ਉਸ ਨੇ ਬੁਲਾਵਾ ਭੇਜ ਕੇ ਗੁਰੂ ਸਾਹਿਬ ਨੂੰ ਲਾਹੌਰ ਬੁਲਾ ਲਿਆ।



ਨਵਜੋਤ ਬਜਾਜ (ਗੱਗੂ)
91-98721-02614

ਜਹਾਂਗੀਰ ਦਾ ਹੁਕਮ ਪਾ ਕੇ ਮੁਰਤਜ਼ਾ ਖਾਂ ਗੁਰੂ ਜੀ ਨੂੰ ਲਾਹੌਰ ਲੈ ਗਿਆ।ਉਸ ਨੇ ਗੁਰੂ ਸਾਹਿਬ ਨੂੰ ਚੰਦਰੀ ਨੀਅਤ ਵਾਲੇ ਚੰਦੂ ਦੇ ਹਵਾਲੇ ਕਰ ਦਿੱਤਾ ਜਿਸਨੇ ਜਾਨ ਲੈਣ ਨਾਲੋ ਗੁਰੂ ਸਾਹਿਬ ਕੋਲੋ ਈਨ ਮਨਵਾਉਣ ਨੂੰ ਵਧੇਰੇ ਤਰਜੀ ਦੇਣ ਲੱਗਾ ਪਿਆ।ਉਸ ਨੇ ਗੁਰੂ ਅਰਜਨ ਦੇਵ ਜੀ ਅੱਗੇ ਆਪਣੀਆਂ ਤਿੰਨ ਸ਼ਰਤਾਂ ਰੱਖ ਦਿੱਤੀਆਂ।

ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋ 'ਇਨਕਾਰ ਸੁਣ ਕੇ ਚੰਦ ਪਾਪੀ ਅਤੇ ਉਸ ਦੀ ਲਾਬੀ ਨੇ ਗੁਰੂ ਸਾਹਿਬ ਨੂੰ ਯਾਸਾ(ਖੂਨ ਡੋਲ੍ਹਣ ਤੋ ਬਗੈਰ) ਦੇ ਕਾਨੂੰਨ ਤਹਿਤ ਸਖ਼ਤ ਸਜ਼ਾਵਾਂ ਦੇਣ ਦੀ ਠਾਣ ਲਈ ਇਨ੍ਹਾਂ ਸਜ਼ਾਵਾਂ ਤਹਿਤ ਜਿੱਥੇ ਗੁਰੂ ਸਾਹਿਬ ਨੂੰ ਜੇਠ ਮਹੀਨੇ ਦੀ ਕੜਕਦੀ ਧੁੱਪੇ ਉੱਬਲਦੀਆਂ ਦੇਗਾਂ 'ਚ ਉਬਾਲਿਆ ਗਿਆ, ਉਥੇ ਤੱਤੀ ਤਵੀ 'ਤੇ ਬਿਠਾ ਕੇ ਨੰਗੇ ਜਿਸਮ 'ਤੇ ਗਰਮ ਰੇਤ ਦੇ ਕੜਛੇ ਵੀ ਪਾਏ ਗਏ।

ਇਹ ਅਕਹਿ ਤੇ ਅਸਹਿ ਤਸੱ ਨੂੰ ਪੰਜਵੇ 'ਪਾਤਸ਼ਾਹ ਨੇ ਉਸ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨ ਲਿਆ ਅਤੇ 30 ਮਈ 1606 ਈ. ਨੂੰ ਸ਼ਹੀਦੀ ਪ੍ਰਾਪਤ ਕਰ ਗਏ ਗੁਰੂ ਸਾਹਿਬ ਦੀ ਇਸ ਸ਼ਹਾਦਤ ਨੇ ਸਿੱਖ ਇਤਿਹਾਸ ਨੂੰ ਇੱਕ ਇਨਕਲਾਬੀ ਮੋੜ ਵੱਲ ਮੋੜਨ ਦੇ ਨਾਨ-ਨਾਲ ਸਿੱਖ ਧਰਮ ਨੂੰ ਇੱਕ ਨਵੀਨ ਮੁਹਾਂਦਰਾ ਵੀ ਪ੍ਰਦਾਨ ਕੀਤਾ ਹੈ।

# ਨਵੀਂ ਬਨਣ ਜਾ ਰਹੀ ਸਰਕਾਰ ਗੋਚਰੇ ਕੰਮ



ਗੁਰਮੀਤ ਪਲਾਹੀ
91-98158-02070

**ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਦੇਸ਼ ਦੇ ਬਹੁ-ਗਿਣਤੀ ਨੇਤਾਵਾਂ ਨੇ ਜਿਸ ਢੰਗ ਨਾਲ ਬੇਸਿਰ ਪੈਰ ਦੀ ਬਿਆਨਬਾਜੀ ਕੀਤੀ ਹੈ, ਉਸ ਨੂੰ ਸੁਣ-ਦੇਖ ਕੇ ਦੇਸ਼ ਦੀ ਜਨਤਾ ਸਕਤੇ ਵਿੱਚ ਹੈ। ਲੋਕ ਇਸ ਗੱਲ ਤੋਂ ਪ੍ਰੇਸ਼ਾਨ ਹਨ ਕਿ ਕਿਸੇ ਨੇਤਾ ਵਲੋਂ ਉਹਨਾ ਵਲੋਂ ਪੁੱਛੇ ਗਏ ਸਵਾਲਾਂ ਦਾ ਸਹੀ ਜਵਾਬ ਨਹੀਂ ਦਿੱਤਾ ਜਾਂਦਾ। ਉਹਨਾ ਨੂੰ ਜੋ ਪੁੱਛਿਆ ਜਾਂਦਾ ਹੈ, ਉਸਦਾ ਜਵਾਬ ਕੁਝ ਹੋਰ ਮਿਲਦਾ ਹੈ।**

ਕੇਂਦਰ ਵਿੱਚ ਨਵੀਂ ਸਰਕਾਰ ਬਨਣ ਜਾ ਰਹੀ ਹੈ। ਚੋਣ ਨਤੀਜੇ 23 ਮਈ 2019 ਨੂੰ ਐਲਾਨੇ ਜਾਣਗੇ। ਕਿਸੇ ਇੱਕ ਪਾਰਟੀ ਨੂੰ ਜੇਕਰ ਬਹੁਮਤ ਨਾ ਮਿਲਿਆ ਤਾਂ ਗੱਠਜੋੜ ਸਰਕਾਰ ਬਣੇਗੀ। ਸਰਕਾਰ ਕਿਸ ਦੀ ਬਣੇਗੀ, ਇਹ ਤਾਂ ਭਵਿੱਖ ਦੀ ਕੁੱਖ ਵਿਚਲਾ ਸਵਾਲ ਹੈ।

ਸਰਕਾਰ ਜਿਸ ਕਿਸੇ ਦੀ ਵੀ ਆਵੇ, ਉਸਦੇ ਲਈ ਸ਼ੁਰੂ ਵਾਲੇ ਸੌ-ਡੇਢ ਸੌ ਦਿਨ ਬਿਲਕੁਲ ਵੀ ਸੌਖੇ ਨਹੀਂ ਹਨ, ਕਿਉਂਕਿ ਵਰਲਡ ਇਕਨੋਮਿਕ ਫੋਰਮ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਵਰ੍ਹੇ ਦੁਨੀਆ ਦੇ 70 ਫੀਸਦੀ ਦੇਸ਼ਾਂ ਵਿੱਚ ਮੰਦੀ ਦਾ ਦੌਰ ਹੋਣ ਦੇ ਆਸਾਰ ਹਨ ਅਤੇ ਭਾਰਤ ਉਹਨਾ ਵਿੱਚੋਂ ਇੱਕ ਹੈ। ਨਵੀਂ ਸਰਕਾਰ ਅੱਗੇ ਪਹਿਲੀ ਚਣੌਤੀ ਵਿਸ਼ਵ ਮੰਦੀ ਦੇ ਸਮਾਂਨਤਰ, ਵਿਕਾਸ ਦੀ ਬਹਾਲੀ ਕਰਨੀ ਹੋਵੇਗੀ। ਗਰੀਬੀ ਦੂਰ ਕਰਨ ਲਈ ਜ਼ਰੂਰੀ ਸੋਮਿਆਂ ਦੀ ਵਰਤੋਂ ਕਰਨੀ ਪਵੇਗੀ। ਬੇਰੁਜ਼ਗਾਰੀ ਤਾਂ ਮੁੱਖ ਮੁੱਦਾ ਹੈ ਹੀ, ਖੇਤੀ ਸੰਕਟ ਨੇ ਜਿਸ ਢੰਗ ਨਾਲ ਕਿਸਾਨਾਂ ਵਿੱਚ ਉਪਰਾਮਤਾ ਪੈਦਾ ਕੀਤੀ ਹੋਈ ਹੈ, ਉਹ ਬੇਰੁਜ਼ਗਾਰੀ ਨਾਲੋਂ ਵੀ ਵੱਡੀ ਹੈ ਅਤੇ ਆਉਣ ਵਾਲੀ ਸਰਕਾਰ ਲਈ ਖੇਤੀ ਸੰਕਟ ਮੁੱਖ ਚਣੌਤੀ ਬਣਕੇ ਉਭਰੇਗਾ।

ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਦੇਸ਼ ਦੇ ਬਹੁ-ਗਿਣਤੀ ਨੇਤਾਵਾਂ ਨੇ ਜਿਸ ਢੰਗ ਨਾਲ ਬੇਸਿਰ ਪੈਰ ਦੀ ਬਿਆਨਬਾਜੀ ਕੀਤੀ ਹੈ, ਉਸ ਨੂੰ ਸੁਣ-ਦੇਖ ਕੇ ਦੇਸ਼ ਦੀ ਜਨਤਾ ਸਕਤੇ ਵਿੱਚ ਹੈ। ਲੋਕ ਇਸ ਗੱਲ ਤੋਂ ਪ੍ਰੇਸ਼ਾਨ ਹਨ ਕਿ ਕਿਸੇ ਨੇਤਾ ਵਲੋਂ ਉਹਨਾ ਵਲੋਂ ਪੁੱਛੇ ਗਏ ਸਵਾਲਾਂ ਦਾ ਸਹੀ ਜਵਾਬ ਨਹੀਂ ਦਿੱਤਾ ਜਾਂਦਾ। ਉਹਨਾ ਨੂੰ ਜੋ ਪੁੱਛਿਆ ਜਾਂਦਾ ਹੈ, ਉਸਦਾ ਜਵਾਬ ਕੁਝ ਹੋਰ ਮਿਲਦਾ ਹੈ।

ਲੋਕਾਂ ਨੂੰ ਲੋਕਸ਼ਾਹੀ ਵਿੱਚ ਆਸ ਹੁੰਦੀ ਹੈ ਕਿ ਨੇਤਾ ਉਹਨਾ ਦਾ ਦੁੱਖ ਦਰਦ ਸਮਝਣ, ਉਹਨਾ ਦੀ ਗੱਲ ਸਾਰਿਆਂ ਦੇ ਸਾਹਮਣੇ ਰੱਖਣ, ਲੋਕ ਹਿਤੂ ਨੀਤੀਆਂ ਘੜਨ ਅਤੇ ਲੋਕਾਂ ਦੇ ਹਿੱਤਾਂ ਲਈ ਕੰਮ ਕਰਨ। ਅਸਲ ਵਿੱਚ ਤਾਂ ਨੇਤਾ, ਜਨਤਾ ਦਾ ਮਾਧਿਅਮ ਹੁੰਦਾ ਹੈ, ਜੋ ਨਿੱਜੀ ਸਵਾਰਥ ਛੱਡਕੇ ਲੋਕ ਭਲੇ ਲਈ ਕੰਮ ਕਰਦਾ ਹੈ। ਪਰ ਆਜ਼ਾਦੀ ਤੋਂ ਬਾਅਦ ਦੇਸ਼ ਵਿੱਚ ਜੋ ਸਿਆਸੀ ਦੌਰ ਚੱਲਿਆ ਹੈ, ਉਸ ਵਿੱਚ ਘਪਲਿਆਂ, ਘੁਟਾਲਿਆਂ, ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋਇਆ ਹੈ, ਨੈਤਿਕ ਮੁੱਲਾਂ ਦਾ ਘਾਣ ਹੋਇਆ ਹੈ। ਰਸੂਖਦਾਰ ਵੱਡੇ ਨੇਤਾਵਾਂ, ਮੰਤਰੀਆਂ ਅਤੇ ਅਫ਼ਸਰਸ਼ਾਹੀ ਦੀ ਮਿਲੀ ਭੁਗਤ ਨੇ ਭ੍ਰਿਸ਼ਟਾਚਾਰ ਅਤੇ ਕੰਮ ਚੋਰਾਂ ਵਾਲਾ ਦੇਸ਼ ਵਿੱਚ ਸਭਿਆਚਾਰ ਪੈਦਾ ਕਰ ਦਿੱਤਾ ਹੈ। ਆਪਣੀ ਸਵਾਰਥ ਸਿੱਧੀ ਲਈ ਨੇਤਾਵਾਂ ਵਲੋਂ ਦੇਸ਼ ਤੇ ਕੌਮ ਦੇ ਹਿੱਤ ਵੇਚੇ ਜਾ ਰਹੇ ਹਨ। ਧਰਮ, ਜਾਤ-ਪਾਤ ਦੇ ਨਾਮ ਉਤੇ ਰਾਜਨੀਤੀ ਕੀਤੀ ਜਾ ਰਹੀ ਹੈ। ਅਲੀ-ਬਲੀ ਦੀ ਰਾਜਨੀਤੀ ਜੋਰਾਂ ਉਤੇ ਹੈ। ਗੋਡਸੇ ਵਰਗੇ ਆਤੰਕਵਾਦੀ ਨੂੰ ਦੇਸ਼ ਭਗਤ ਗਰਦਾਨਿਆਂ ਜਾ ਰਿਹਾ ਹੈ। ਲੋਕਸ਼ਾਹੀ ਵਿੱਚ ਲੋਕਾਂ ਨੂੰ ਹਾਸ਼ੀਏ ਉਤੇ ਧੱਕ ਦਿੱਤਾ ਗਿਆ ਹੈ ਅਤੇ ਹੁਣ ਸਿਆਸਤ ਨੂੰ ਸਿਰਫ਼ ਪੈਸੇ ਵਾਲਿਆਂ ਲਈ ਰਿਜ਼ਰਵ ਕਰ ਦਿੱਤਾ ਗਿਆ ਹੈ। ਲੋਕ ਵੋਟ ਪਾਉਣ ਲਈ ਇਸ ਆਸ ਤੇ ਮਜ਼ਬੂਰ ਹਨ ਕਿ ਸ਼ਾਇਦ ਕੋਈ ਤਾਂ ਉਹਨਾ ਦੇ ਭਲੇ ਦੀ, ਉਹਦੇ ਹਿੱਤ ਦੀ ਗੱਲ ਕਰੇਗਾ। ਉਂਜ ਲੋਕ ਤਾਂ ਤਦ ਅੱਗੇ ਆਉਣਗੇ ਜੇਕਰ ਉਹਨਾ ਦਾ ਨੇਤਾ ਲੋਕਾਂ ਵਿੱਚੋਂ ਅੱਗੇ ਆਵੇ। ਹੁਣ ਦੀ ਰਾਜਨੀਤੀ ਵਿੱਚ ਲੋਕਾਂ ਨੂੰ ਆਪਣਾ ਨੇਤਾ ਚੁਨਣ ਦੀ ਛੋਟ ਹੀ ਨਹੀਂ ਹੈ। ਵੱਖੋ-ਵੱਖਰੇ ਸਿਆਸੀ ਦਲ ਆਪਣੇ ਨੇਤਾ ਲੋਕਾਂ ਕੋਲ ਚੋਣ ਕਰਨ ਲਈ ਥੋਪ ਦਿੰਦੇ ਹਨ, ਇਸ ਹਾਲਾਤ ਵਿੱਚ ਚੰਗਾ-ਮਾੜਾ ਜੋ ਵੀ ਨੇਤਾ ਦਿਸਦਾ ਹੈ, ਉਸਦੀ ਚੋਣ ਮਜ਼ਬੂਰ ਹੋਈ ਜਨਤਾ ਕਰ ਦਿੰਦੀ ਹੈ। ਇਹੋ ਜਿਹੇ 'ਚ ਚੁਣੇ ਹੋਏ ਨੇਤਾ ਲੋਕ ਭਲਾਈ ਦੇ ਕੰਮਾਂ ਨੂੰ ਉਵੇਂ ਹੀ ਕਰਨਗੇ, ਜਿਵੇਂ ਪਿਛਲੀ ਮੋਦੀ ਸਰਕਾਰ ਨੇ ਕੀਤੀ ਹੈ।

ਮੋਦੀ ਰਾਜ ਵਿੱਚ ਅਰਥ ਵਿਵਸਥਾ ਪੂਰੀ ਤਰ੍ਹਾਂ ਚਰ-ਮਰਾ ਗਈ। ਨੋਟਬੰਦੀ, ਜੀ ਐਸ ਟੀ ਨੇ ਲੋਕਾਂ ਦਾ ਦਮ ਘੁੱਟ ਦਿੱਤਾ । ਪੇਂਡੂ ਖੇਤਰ ਲਈ ਬਣਾਈਆਂ ਯੋਜਨਾਵਾਂ ਧਰੀਆਂ-ਧਰਾਈਆਂ ਰਹਿ ਗਈਆਂ। ਮਹਿੰਗੀਆਂ ਅਤੇ ਲੋਕ ਹਿਤੂ ਸਮਾਜ ਯੋਜਨਾਵਾਂ ਬੈਲੇ 'ਚ ਪਾਕੇ ਕੰਧ ਉਤੇ ਟੰਗ ਦਿੱਤੀਆਂ ਗਈਆਂ। ਰੁਜ਼ਗਾਰ ਸਿਰਜਣ ਦਾ ਕੋਈ ਉਪਾਅ ਨਹੀਂ ਕੀਤਾ ਗਿਆ, ਉਤਪਾਦਨ ਖੇਤਰ ਵਿੱਚ ਕੁਝ ਵੀ ਕਰਨ ਦਾ ਸਿਹਰਾ ਵੀ ਮੋਦੀ ਸਰਕਾਰ ਸਿਰ ਰਿਹਾ। ਏਅਰ ਇੰਡੀਆ ਅਤੇ ਹੋਰ ਸਰਕਾਰੀ ਸੰਸਥਾਵਾਂ 1.80 ਲੱਖ ਕਰੋੜ ਘਾਟੇ 'ਚ ਚਲੇ ਗਈਆਂ। ਸਰਵਜਨਕ ਬੈਂਕਾਂ 'ਚ ਵੱਡੇ ਘਪਲੇ ਹੋਏ। ਅਰਬਾਂ ਰੁਪਏ ਇਹਨਾ ਬੈਂਕਾਂ ਦੇ ਘਾਟੇ ਪੂਰਨ ਅਤੇ ਇਹਨਾ ਨੂੰ ਜੀਉਂਦੇ ਰੱਖਣ ਲਈ ਦੇ ਦਿੱਤੇ ਗਏ, ਪਰ ਦੇਸ਼ ਦੇ ਅੰਨਦਾਤਾ ਕਿਸਾਨ ਦੀ ਸਥਿਤੀ ਬੇਹਤਰ ਕਰਨ ਲਈ ਕਰਜ਼ਾ-ਮੁਆਫ਼ੀ ਦੀ ਯੋਜਨਾ ਮੋਦੀ ਸਰਕਾਰ ਨੇ ਪ੍ਰਵਾਨ ਨਾ ਕੀਤੀ। ਮੋਦੀ ਸਰਕਾਰ ਵਲੋਂ ਮੁੜ ਚੋਣਾਂ ਜਿੱਤਣ ਲਈ ਚੋਣ ਵਾਅਦੇ ਵੀ ਵੱਡੇ ਕੀਤੇ ਗਏ, ਭਾਜਪਾ ਨੇਤਾਵਾਂ ਭੜਕਾਊ ਨਾਹਰੇ ਵੀ ਵੱਧ ਚੜ੍ਹਕੇ ਲਾਏ, ਪਰ ਲੋਕ ਸਮੱਸਿਆਵਾਂ ਦਾ ਹੱਲ ਕਰਨ ਲਈ ਸੰਜੀਦਗੀ ਕਿਧਰੇ ਵੀ ਨਹੀਂ ਵਿਖਾਈ। ਰਾਸ਼ਟਰਵਾਦ, ਅੰਤਕਵਾਦ, ਧਰਮਯੁੱਧ, ਮੰਦਰ ਨਿਰਮਾਣ ਜਿਹੇ, ਲੋਕਤੰਤਰ ਦੇ ਸੂਰਬੀਰਾਂ ਦੇ ਇਹ ਨਾਹਰੇ ਕੀ ਜਨਤਾ ਦੀ ਕੁੱਖ ਭਰ ਸਕਣਗੇ? ਦੁੱਖਾਂ ਦਾ ਨਿਵਾਰਣ ਕਰ ਸਕਣਗੇ? ਇਸ ਬਾਰੇ ਭਾਜਪਾ ਦੀ ਹੀ ਨਹੀਂ, ਬਾਕੀ ਪਾਰਟੀਆਂ ਦੀ ਚੁੱਪੀ ਵੀ ਵੱਡਾ ਸਵਾਲ ਹੈ!

ਨਵੀਂ ਬਨਣ ਵਾਲੀ ਸਰਕਾਰ ਸਾਹਮਣੇ ਸਭ ਤੋਂ ਵੱਡੀ ਆਉਣ ਵਾਲੀ ਸਮੱਸਿਆ ਦੇਸ਼ ਦੇ 1.35 ਅਰਬ ਆਬਾਦੀ ਲਈ ਖਾਣ ਵਾਲੇ ਪਦਾਰਥ ਪੈਦਾ ਕਰਨਾ ਹੈ। ਨੈਸ਼ਨਲ ਸੈਂਪਲ ਸਰਵੇ ਆਫ਼ਿਸ (ਐਨ.ਐਸ.ਐਸ. ਓ.) ਦੇ ਅਨੁਸਾਰ 2011 ਦੇ ਖ਼ਪਤ ਖ਼ਰਚ ਸਰਵੇ ਤੋਂ ਪਤਾ ਚਲਿਆ ਹੈ ਕਿ ਇੱਕ ਔਸਤ ਭਾਰਤੀ ਆਪਣੇ ਮਾਸਿਕ ਖ਼ਰਚ ਦਾ ਲਗਭਗ 45 ਫੀਸਦੀ ਭੋਜਨ ਉਤੇ ਖ਼ਰਚ ਕਰਦਾ ਹੈ। ਇਸਦਾ ਮਤਲਬ ਹੈ ਕਿ ਭਾਰਤ ਵਿੱਚ ਖਾਣ ਵਾਲੇ ਪਦਾਰਥਾਂ ਦੀ ਮੰਗ ਆਉਣ ਵਾਲੇ ਦਿਨਾਂ ਵਿੱਚ ਵਧਣ ਵਾਲੀ ਹੈ। ਇਸ ਲਈ ਇੱਕ ਬੁਨਿਆਦੀ ਸਵਾਲ ਪੈਦਾ ਹੁੰਦਾ ਹੈ ਕਿ ਕੀ ਭਾਰਤ ਖੁਦ ਆਪਣੇ ਲਈ ਖਾਣ ਵਾਲੇ ਪਦਾਰਥ ਪੈਦਾ ਕਰ ਸਕਦਾਹੈ ਜਾਂ ਇਸਨੂੰ ਦੇਸ਼ ਤੋਂ ਬਾਹਰੋਂ ਖਾਣ ਵਾਲੇ ਪਦਾਰਥ ਮੰਗਵਾਉਣੇ ਪੈਣਗੇ। ਭਾਰਤ ਕੋਲ ਇਸ ਵੇਲੇ 14 ਕਰੋੜ ਹੈਕਟੇਅਰ ਖੇਤੀ ਯੋਗ ਜ਼ਮੀਨ ਹੈ। ਦੇਸ਼ 'ਚ ਧਰਤੀ ਹੇਠਲੇ ਪਾਣੀ ਦਾ ਸਤਰ ਘੱਟ ਰਿਹਾ ਹੈ। ਜਲਵਾਯੂ ਤਬਦੀਲੀ ਨਾਲ ਤਾਪਮਾਨ ਵਧ ਰਿਹਾ ਹੈ। ਸੋਕਾ ਵਧ ਰਿਹਾ ਹੈ ਅਤੇ ਖੇਤੀ ਜਿਹੜੀ ਪਹਿਲਾਂ ਹੀ ਬਰਸਾਤ ਉਤੇ ਨਿਰਭਰ ਹੈ, ਉਸ ਉਤੇ ਸੰਕਟ ਦਿਨੋ-ਦਿਨ ਮੰਡਰਾਉਣ ਲੱਗਾ ਹੈ। ਮੋਦੀ ਸਰਕਾਰ ਨੇ ਖੇਤੀ ਸੰਕਟ ਦੂਰ ਕਰਨ ਦੀ ਗੱਲ ਕੀਤੀ। ਕਿਸਾਨਾਂ ਦੀ ਆਮਦਨ ਦੋ ਗੁਣੀ ਕਰਨ ਦਾ ਨਾਹਰਾ ਵੀ ਦਿੱਤਾ। ਪਰ ਜ਼ਮੀਨੀ ਪੱਧਰ ਤੇ ਕੁਝ ਨਹੀਂ ਹੋਇਆ। ਨਵੀਂ ਸਰਕਾਰ ਸਾਹਮਣੇ ਇਹ ਵੱਡਾ ਮਸਲਾ ਹੋਏਗਾ ਕਿ ਘੱਟੋ-ਘੱਟ ਨੀਅਤ ਕੀਤੀ ਫਸਲਾਂ ਦੀ ਕੀਮਤ ਕਿਸਾਨ ਨੂੰ ਜ਼ਰੂਰ ਮਿਲੇ ਤਾਂ ਕਿ ਇਹਦਾ ਲਾਭ ਸਿੱਧਾ ਕਿਸਾਨਾਂ ਨੂੰ ਮਿਲੇ, ਦਲਾਲ ਹੀ ਸਭ ਕੁਝ ਲੁੱਟ ਕੇ ਨਾ ਲੈ ਜਾ ਸਕਣ, ਜਿਵੇਂ ਕਿ ਇਸ ਵੇਲੇ ਹੋ ਰਿਹਾ ਹੈ। ਜੇਕਰ ਕਿਸਾਨ ਖੁਸ਼ਹਾਲ ਹੋਣਗੇ ਤਾਂ ਹੀ ਦੇਸ਼ ਖੁਸ਼ਹਾਲ ਹੋਏਗਾ। ਦੇਸ਼ ਦੀ ਅੰਨ ਲੋੜ ਪੂਰੀ ਹੋਏਗੀ ਅਤੇ ਦੇਸ਼ ਦੀ ਆਰਥਿਕਤਾ ਸੁਧਰੇਗੀ।

ਅਸਲੀ ਸਰਕਾਰ ਗੋਚਰੇ ਵੱਡਾ ਕੰਮ ਆਮ ਆਦਮੀ ਦੀ ਜ਼ਿੰਦਗੀ ਦੇ ਪੱਧਰ ਨੂੰ ਉਚਾ ਚੁੱਕਣਾ ਹੈ। ਦੇਸ਼ ਦੇ ਹਰ ਨਾਗਰਿਕ ਨੂੰ ਸਿੱਖਿਆ, ਸਿਹਤ ਸਹੂਲਤਾਂ ਮਿਲਣ। ਗਰੀਬ ਪਰਿਵਾਰਾਂ ਦੀ ਘੱਟੋ-ਘੱਟ ਮਾਸਿਕ ਆਮਦਨ ਨਿਸ਼ਚਤ ਹੋਵੇ। ਅੱਜ ਲੱਖਾਂ ਟਨ ਅਨਾਜ ਗੁਦਾਮਾਂ ਵਿੱਚ ਸੜ ਜਾਂਦਾ ਹੈ, ਪਰ ਗਰੀਬ ਦੇ ਮੂੰਹ 'ਚ ਨਹੀਂ ਪੈਂਦਾ। ਨੌਜਵਾਨ ਦੇਸ਼ ਵਿਚਲੀ ਭੈੜੀ ਸਿੱਖਿਆ ਤੋਂ ਆਤੁਰ ਹੋਕੇ ਵਿਦੇਸ਼ਾਂ 'ਚ ਮਹਿੰਗੀ ਸਿਖਿਆ ਲੈਣ ਲਈ ਮਜ਼ਬੂਰ ਹੋ ਰਹੇ ਹਨ। ਸਸਤੇ ਪਾਣੀ ਦੀ ਸੋਧ ਦੀ ਘਾਟ ਕਾਰਨ ਕਰੋੜਾਂ ਲਿਟਰ ਪਾਣੀ ਵਿਅਰਥ ਗੁਆਇਆ ਜਾ ਰਿਹਾ ਹੈ। ਹਵਾ, ਪਾਣੀ, ਪ੍ਰਦੂਸ਼ਣ ਦੇਸ਼ ਵਿੱਚ ਵਧਦਾ ਹੀ ਜਾ ਰਿਹਾ ਹੈ। ਸਿੱਖਿਆ ਸੰਸਥਾਵਾਂ ਅਤੇ ਸਿਹਤ ਸੇਵਾਵਾਂ ਨਿੱਜੀ ਹੱਥਾਂ ਵਿੱਚ ਦਿੱਤੀਆਂ ਜਾ ਰਹੀਆਂ ਹਨ। ਨਵੀਂ ਸਰਕਾਰ ਜ਼ੁੰਮੇ ਇਹ ਬਹੁਤ ਵੱਡੀਆਂ ਚਣੌਤੀਆਂ ਹਨ। ਵੱਧ ਰਹੀ ਆਬਾਦੀ ਨਿਸ਼ਚਿਤ ਰੂਪ ਵਿੱਚ ਵੱਡੀ ਚਣੌਤੀ ਹੈ, ਪਰ ਕਿਉਂਕਿ ਕੁਲ ਆਬਾਦੀ ਦਾ ਦੋ ਤਿਹਾਈ ਭਾਰਤੀ 35 ਵਰ੍ਹਿਆਂ ਤੋਂ ਘੱਟ ਉਮਰ ਦੇ ਹਨ, ਜੇਕਰ ਇਸ ਜਵਾਨ ਭਾਰਤ ਨੂੰ ਵੋਕੇਸ਼ਨਲ ਸਿੱਖਿਆ ਦੇ ਕੇ, ਹੱਥੀਂ ਕੰਮ ਕਰਨ ਲਈ ਸਾਧਨ ਪੈਦਾ ਕੀਤੇ ਜਾਣ ਤਾਂ ਕੋਈ ਕਾਰਨ ਨਹੀਂ ਕਿ ਭਾਰਤ ਦੇਸ਼, ਦੁਨੀਆਂ ਦੀ ਵੱਡੀ ਅਰਥ ਵਿਵਸਥਾ ਬਣ ਜਾਏਗਾ। ਭਾਰਤ ਇਸ ਵੇਲੇ 2.5 ਟ੍ਰਿਲੀਅਨ ਡਾਲਰ ਦੀ ਅਰਥ ਵਿਵਸਥਾ ਹੈ। ਸਾਲ 2030 ਤੱਕ ਭਾਰਤ ਸਤ ਟ੍ਰਿਲੀਅਨ ਡਾਲਰ ਦੀ ਅਰਥ ਵਿਵਸਥਾ ਬਣ ਜਾਏਗਾ। ਸ਼ਹਿਰੀਕਰਨ,ਵਿਕਾਸ ਅਤੇ ਨੌਕਰੀਆਂ ਅਰਥ ਵਿਵਸਥਾ ਨੂੰ ਵਿਸਥਾਰ ਦੇਣ ਦੀ ਕੁੰਜੀ ਬਣ ਸਕਦੀ ਹੈ। ਰੁਜ਼ਗਾਰ ਮਾਨਵ ਪੂੰਜੀ ਹੈ ਅਤੇ ਜਿੰਨਾ ਰੁਜ਼ਗਾਰ ਸਿਰਜਨ ਹੋਏਗਾ, ਉਤਨਾ ਹੀ ਦੇਸ਼ ਦੀ ਸਥਿਤੀ ਸੁਧਰੇਗੀ, ਭੁੱਖਮਰੀ, ਗਰੀਬੀ ਘਟੇਗੀ। ਚੋਣਾਂ ਦੌਰਾਨ ਰਿਜ਼ਰਵੇਸ਼ਨ, ਖੇਤਰੀ ਭਾਸ਼ਾ ਵਿਵਾਦ, ਰਾਸ਼ਟਰਵਾਦ, ਅੰਤਕਵਾਦ, ਬੰਸਵਾਦ, ਮਜ਼ਹਬੀ ਕੱਟੜਤਾ, ਘੁਟਾਲੇ ਆਦਿ ਮੁੱਖ ਮੁੱਦੇ ਰਹੇ ਹਨ। ਨਵੀਂ ਸਰਕਾਰ ਅੱਗੇ ਮੁੱਖ ਮੁਦਾ ਦੇਸ਼ ਵਿੱਚ ਵੱਧ ਰਹੀ ਮਜ਼ਹਬੀ ਕੜਵਾਹਟ ਨੂੰ ਰੋਕਣਾ ਤੇ ਖਤਮ ਕਰਨਾ ਵੀ ਹੋਏਗਾ,ਅਤੇ ਦੇਸ਼ ਦੇ ਲੋਕਤੰਤਰ ਦੇ ਮੁੱਖ ਆਧਾਰ ਧਰਮ ਨਿਰਪੱਖਤਾ, ਬਰਾਬਰਤਾ (ਦੇਸ਼ ਦੇ ਅੱਧੀ ਆਬਾਦੀ ਔਰਤਾਂ, ਦੇ ਅਧਿਕਾਰਾਂ ਦੀ ਸੁਰੱਖਿਆ ਅਤੇ ਬਰਾਬਰੀ) ਨੂੰ ਬਿਨ੍ਹਾਂ ਕਿਸੇ ਭਿੰਨ ਭੇਦ ਦੇ ਲਾਗੂ ਵੀ ਰੱਖਣਾ ਹੋਵੇਗਾ।


# ਲੇਨਿਨ, ਪੇਰੀਆਰ ਤੋਂ ਬਾਅਦ ਈਸ਼ਵਰ ਚੰਦਰ ਵਿਦਿਆਸਾਗਰ ਦੇ ਬੁੱਤ ਨੂੰ ਤੋੜਨ ਦਾ ਅਰਥ : ਕਿਸ ਦਾ ਬੁੱਤ ਟੁੱਟਿਆ; ਉਹ ਕੌਣ ਸੀ



ਸਵਰਾਜਬੀਰ

ਇਹ ਉਨੀਵੀਂ ਸਦੀ ਦਾ ਬੰਗਾਲ ਹੈ। ਪੱਛਮੀ ਬੰਗਾਲ ਨਹੀਂ ਸਾਂਝਾ ਬੰਗਾਲ, ਜਿਸ ਵਿਚ ਅੱਜ ਦਾ ਬੰਗਲਾਦੇਸ਼ ਵੀ ਸ਼ਾਮਲ ਹੈ। ਉਸ ਬੰਗਾਲ ਵਿਚ ਨਵੇਂ ਵਿਚਾਰਾਂ ਦਾ ਤੂਫ਼ਾਨ ਉੱਠ ਰਿਹਾ ਹੈ। ਪੱਛਮ ਤੋਂ ਆਈ ਆਧੁਨਿਕਤਾ ਤੋਂ ਪ੍ਰਭਾਵਿਤ ਹੋਏ ਬੰਗਾਲੀ ਦਕਿਆਨੂਸੀ ਤੇ ਰਵਾਇਤੀ ਖ਼ਿਆਲਾਂ ਵਿਰੁੱਧ ਆਪਣੀ ਲੜਾਈ ਦਾ ਮੁੱਢ ਬੰਨ੍ਹ ਰਹੇ ਹਨ। ਵਿਚਾਰਾਂ ਦੀ ਕਸ਼ਮਕਸ਼ ਹੈ। ਇਉਂ ਲੱਗਦਾ ਹੈ ਜਿਵੇਂ ਇਹ ਨੌਜਵਾਨ ਪੁਰਾਣੇ ਤੇ ਵੇ.ਲਾ ਵਿਹਾਅ ਚੁੱਕੇ ਵਿਚਾਰਾਂ ਦੀ ਝੌਅ ਚੁੱਕੀ ਨਦੀਨ ਨੂੰ ਮੁੱਢੋਂ ਉਖਾੜ ਸੁੱਟਣਗੇ। ਇਸ ਕਾਫ਼ਲੇ ਦਾ ਮੋਹਰੀ ਰਾਮ ਮੋਹਨ ਰਾਇ ਹੈ। ਸੰਸਕ੍ਰਿਤ, ਫ਼ਾਰਸੀ, ਅਰਬੀ, ਅੰਗਰੇਜ਼ੀ, ਫਰਾਂਸੀਸੀ ਤੇ ਹੋਰ ਭਾਸ਼ਾਵਾਂ ਦਾ ਜਾਣੂੰ; ਉਹ ਨਵੀਂ ਤਰੀਕੇ ਦੀ ਵਿੱਦਿਆ ਤੇ ਔਰਤਾਂ ਦੇ ਅਧਿਕਾਰਾਂ ਦੇ ਹੱਕ ਵਿਚ ਅਤੇ ਸਤੀ ਤੇ ਮਰਦਾਂ ਵੱਲੋਂ ਬਹੁ-ਵਿਆਹ ਕਰਵਾਉਣ ਦੀ ਰਸਮ ਵਿਰੁੱਧ ਆਵਾਜ਼ ਉਠਾਉਂਦਾ ਹੈ; ਇਕ ਈਸ਼ਵਰਵਾਦ ਦਾ ਪ੍ਰਚਾਰ ਕਰਦਾ ਹੈ ਤੇ ਬ੍ਰਹਮੋ ਸਮਾਜ ਦੀ ਨੀਂਹ ਰੱਖਦਾ ਹੈ। ਉੱਥੇ ਹੈਨਰੀ ਵਿਲੀਅਮ ਡੀਰੋਜ਼ੀਓ ਵੀ ਹੈ, ਆਪਣੀਆਂ ਇਨਕਲਾਬੀ ਕਵਿਤਾਵਾਂ ਨਾਲ ਮਾਹੌਲ ਨੂੰ ਗਰਮਾਉਂਦਾ ਹੋਇਆ। ਰਾਬਿੰਦਰ ਨਾਥ ਟੈਗੋਰ ਦਾ ਪਿਤਾ ਦੇਬਿੰਦਰ ਨਾਥ ਟੈਗੋਰ ਵੀ ਉੱਥੇ ਹੈ, ਤੱਤਵ ਬੋਧਨੀ ਸਭਾ ਦੀ ਨੀਂਹ ਰੱਖਦਾ ਹੋਇਆ। ਉੱਥੇ ਕੇਸ਼ਬ ਚੰਦਰ ਸੇਨ ਹੈ। ਪਰ ਉੱਥੇ ਇਕ ਹੋਰ ਵੱਡੀ ਸ਼ਖ਼ਸੀਅਤ ਹੈ: ਈਸ਼ਵਰ ਚੰਦਰ ਵਿਦਿਆਸਾਗਰ, ਜਿਹੜਾ ਸੰਸਕ੍ਰਿਤ ਕਾਲਜ ਦਾ ਪ੍ਰਿੰਸੀਪਲ ਹੈ, ਜਿਸ ਦੀ ਬੁੱਧੀ ਅਤੇ ਉੱਤਮ ਚਰਿੱਤਰ ਦੀ ਚਾਰੇ ਪਾਸੇ ਧੁੰਮ ਹੈ। ਉਹ ਨਿੱਡਰ ਤੇ ਵੱਡੇ ਹੌਸਲੇ ਵਾਲਾ ਆਦਮੀ ਹੈ। ਉਸ ਦੀ ਕਹਿਣੀ ਤੇ ਕਰਨੀ ਵਿਚ ਸਮਾਨਤਾ ਹੈ। ਉਹ ਵੱਡਾ ਵਿਦਵਾਨ ਹੈ : ਉਸ ਨੇ ਸੰਸਕ੍ਰਿਤ ਪੜ੍ਹਾਉਣ ਦਾ ਨਵਾਂ ਤਰੀਕਾ ਲੱਭਿਆ ਹੈ, ਬੰਗਾਲੀ ਲਿੱਪੀ ਨੂੰ ਸੁਧਾਰਿਆ ਹੈ, ਬੰਗਾਲੀ ਗ਼ਲਪ ਨੂੰ ਨਵੀਂ ਦਿਸ਼ਾ ਦਿੱਤੀ ਹੈ; ਬੰਗਾਲੀ ਸਿੱਖਣ ਵਾਲਾ ਮੁੱਢਲਾ ਕਾਇਦਾ ਲਿਖਿਆ ਹੈ ਤੇ ਸੰਸਕ੍ਰਿਤ ਕਾਲਜ ਦੇ ਬੂਹੇ ਗ਼ੈਰ-ਬ੍ਰਾਹ-ਮਣਾਂ ਵਾਸਤੇ ਖੋਲ੍ਹੇ ਹਨ।

ਉਹ ਔਰਤਾਂ ਦੀ ਵਿੱਦਿਆ ਨੂੰ ਲਫ਼ਜ਼ੀ ਤੌਰ 'ਤੇ ਹੀ ਉਤਸ਼ਾਹ ਨਹੀਂ ਦਿੰਦਾ ਸਗੋਂ ਉਸ ਨੇ ਕੁੜੀਆਂ ਨੂੰ ਪੜ੍ਹਾਉਣ ਲਈ 35 ਸਕੂਲ ਵੀ ਖੋਲ੍ਹੇ ਹਨ ਜਿਨ੍ਹਾਂ ਦਾ ਖਰਚ ਉਹ ਆਪ ਦਿੰਦਾ ਹੈ। ਉਹ ਬਾਲ-ਵਿਆਹ ਤੇ ਬਹੁ-ਵਿਆਹ ਪ੍ਰਥਾ ਦਾ ਵਿਰੋਧੀ ਹੈ। ਉਹ ਸਭ ਤੋਂ ਜ਼ਿਆਦਾ ਜ਼ੋਰ ਇਸ ਸੁਧਾਰ 'ਤੇ ਲਾ ਰਿਹਾ ਹੈ ਕਿ ਵਿਧਵਾਵਾਂ ਨੂੰ ਦੁਬਾਰਾ ਵਿਆਹ ਕਰਵਾਉਣ ਦਾ ਹੱਕ ਹੋਣਾ ਚਾਹੀਦਾ ਹੈ। ਕਿਤਾਬ 'ਬਰਨਾਪ੍ਰੀਚੈ' ਦਾ ਪਹਿਲਾ ਸਫ਼ਾ ਇਤਿਹਾਸਕਾਰ ਬਿਪਨ ਚੰਦਰ 7 ਦਸੰਬਰ 1956 ਵਾਲੇ ਦਿਨ ਕੋਲਕਾਤਾ ਵਿਚ ਹੋਏ ਇਕ ਵਿਧਵਾ ਵਿਆਹ (ਹਿੰਦੋਸਤਾਨ ਵਿਚ ਕਿਸੇ ਵਿਧਵਾ ਦੀ ਕਾਨੂੰਨੀ ਤੌਰ 'ਤੇ ਹੋਈ ਪਹਿਲੀ ਸ਼ਾਦੀ) ਦੇ ਦਰਸ਼ਕ ਦੀ ਗਵਾਹੀ ਨੂੰ ਇਸ ਤਰ੍ਹਾਂ ਦਰਜ ਕਰਦਾ ਹੈ: ''ਮੈਂ ਕਦੇ ਵੀ ਉਸ ਦਿਹਾੜੇ ਨੂੰ ਭੁੱਲ ਨਹੀਂ ਸਕਦਾ। ਪੰਡਿਤ ਵਿਦਿਆਸਾਗਰ ਇਕ ਵੱਡੇ ਜਲੂਸ ਦੀ ਅਗਵਾਈ ਕਰਦਾ ਹੋਇਆ ਆਇਆ; ਉਹ ਜੰਞ ਸੀ ਤੇ ਲਾੜਾ ਪੰਡਿਤ ਵਿਦਿਆਸਾਗਰ ਦਾ ਦੋਸਤ। ਦਰਸ਼ਕਾਂ ਦੀ ਭੀੜ ਏਨੀ ਵੱਡੀ ਸੀ ਕਿ ਹਿੱਲਣ ਨੂੰ ਵੀ ਥਾਂ ਨਹੀਂ ਸੀ ਤੇ ਕਈ ਉਨ੍ਹਾਂ ਵੱਡੀਆਂ ਨਾਲੀਆਂ ਵਿਚ ਡਿੱਗ ਪਏ ਜਿਹੜੀਆਂ ਉਨ੍ਹੀਂ ਦਿਨੀਂ ਕੋਲਕਾਤਾ ਦੀਆਂ ਗਲੀਆਂ ਵਿਚ ਹੁੰਦੀਆਂ ਸਨ। ਵਿਆਹ ਤੋਂ ਬਾਅਦ ਇਸ ਮਸਲੇ ਬਾਰੇ ਹਰ ਥਾਂ 'ਤੇ ਬਹਿਸ ਹੋਣ ਲੱਗੀ; ਬਾਜ਼ਾਰਾਂ, ਦੁਕਾਨਾਂ, ਗਲੀਆਂ, ਚੌਕਾਂ, ਹੋਸਟਲਾਂ, ਦਫ਼ਤਰਾਂ ਤੇ ਪਿੰਡਾਂ ਦੀਆਂ ਸੱਥਾਂ ਵਿਚ; ਕੁਲੀਨ ਵਰਗ ਦੇ ਲੋਕਾਂ ਦੇ ਡਰਾਇੰਗ ਰੂਮਾਂ ਵਿਚ; ਇੱਥੋਂ ਤਕ ਕਿ ਔਰਤਾਂ ਵੀ ਆਪਸ ਵਿਚ ਇਸ ਬਾਰੇ ਬਹਿਸਣ ਲੱਗ ਪਈਆਂ। ਸ਼ਾਂਤੀਪੁਰ ਦੇ ਜੁਲਾਹਿਆਂ ਨੇ ਇਕ ਨਵੀਂ ਤਰ੍ਹਾਂ ਦੀ ਸਾੜ੍ਹੀ ਬੁਣੀ ਜਿਸ ਦੀ ਲੌਣ (ਬਾਡਰ) 'ਤੇ ਇਕ ਨਵਾਂ ਗੀਤ ਲਿਖਿਆ ਹੋਇਆ ਸੀ ਜਿਸ ਦੇ ਪਹਿਲੇ ਅੱਖਰ ਸਨ: ਵਿਦਿਆਸਾਗਰ ਦੀ ਉਮਰ ਲੰਮੀ ਹੋਵੇ।''



ਵਿਦਿਆਸਾਗਰ ਦੇ ਯਤਨਾਂ ਨਾਲ 1855 ਤੋਂ 1860 ਦੇ ਵਿਚਕਾਰ 25 ਵਿਧਵਾਵਾਂ ਨੇ ਦੁਬਾਰਾ ਵਿਆਹ ਕੀਤੇ। 1856 ਵਿਚ ਹਿੰਦੂ ਵਿਧਵਾਵਾਂ ਨੂੰ 'ਹਿੰਦੂ ਵਿਡੋਜ਼ ਰੀਮੈਰਿਜ ਐਕਟ, 1856' ਰਾਹੀਂ ਦੁਬਾਰਾ ਵਿਆਹ ਕਰਾਉਣ ਦਾ ਹੱਕ ਕਾਨੂੰਨੀ ਰੂਪ ਵਿਚ ਮਿਲ ਗਿਆ। ਇਹ ਕਾਨੂੰਨ ਪਾਸ ਕਰਾਉਣ ਵਿਚ ਵਿਦਿਆਸਾਗਰ ਤੇ ਉਸ ਦੇ ਦੋਸਤਾਂ ਨੇ ਅਹਿਮ ਭੂਮਿਕਾ ਨਭਾਈ। ਇਤਿਹਾਸਕਾਰ ਬਿਪਨ ਚੰਦਰ ਅਨੁਸਾਰ ਵਿਧਵਾਵਾਂ ਦੇ ਮੁੜ ਵਿਆਹ ਕਰਨ ਦੇ ਹੱਕ ਵਿਚ ਆਵਾਜ਼ ਉਠਾਉਣ ਕਾਰਨ ਵਿਦਿਆਸਾਗਰ ਨੇ ਦਕਿਆਨੂਸੀ ਹਿੰਦੂਆਂ ਦੀ ਦੁਸ਼ਮਣੀ ਸਹੇੜ ਲਈ ਅਤੇ ਉਸ ਨੂੰ ਕਈ ਵਾਰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ। ਜਿਊਂਦੇ ਜੀਅ ਤਾਂ ਈਸ਼ਵਰ ਚੰਦਰ ਵਿਦਿਆਸਾਗਰ ਕਿਸੇ ਨਾ ਕਿਸੇ ਤਰੀਕੇ ਨਾਲ ਬਚਿਆ ਰਿਹਾ ਪਰ 14 ਮਈ 2019 ਨੂੰ ਕੋਲਕਾਤਾ ਵਿਚ ਉਸ ਦਾ ਬੁੱਤ ਨਾ ਬਚ ਸਕਿਆ। ਟੁੱਟਿਆ ਹੋਇਆ ਬੁੱਤ14 ਮਈ ਨੂੰ ਕੋਲਕਾਤਾ ਵਿਚ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਦਾ ਰੋਡ ਸ਼ੋਅ ਸੀ। ਇਸ ਦੌਰਾਨ ਭਾਜਪਾ ਤੇ ਤ੍ਰਿਣਮੂਲ ਕਾਂਗਰਸ ਦੇ ਕਾਰਕੁਨਾਂ ਵਿਚ ਕਈ ਥਾਵਾਂ 'ਤੇ ਟਕਰਾਓ ਹੋਇਆ ਤੇ ਫਿਰ ਇਹ ਆਪਸੀ ਲੜਾਈ ਕਾਲਜ ਸਟਰੀਟ ਸਥਿਤ ਵਿਦਿਆਸਾਗਰ ਕਾਲਜ ਤਕ ਫੈਲ ਗਈ। ਖ਼ਬਰਾਂ ਅਨੁਸਾਰ ਭਾਜਪਾ ਦੇ ਹਮਾਇਤੀ ਕਾਲਜ ਵਿਚ ਵੜ ਗਏ ਅਤੇ ਉਨ੍ਹਾਂ ਨੇ ਈਸ਼ਵਰ ਚੰਦਰ ਵਿਦਿਆਸਾਗਰ ਦਾ ਬੁੱਤ ਤੋੜ ਦਿੱਤਾ। ਇਹ ਗੜਬੜ ਅਮਿਤ ਸ਼ਾਹ ਦੇ ਪਹੁੰਚਣ ਤੋਂ ਇਕ ਘੰਟਾ ਪਹਿਲਾਂ ਹੋਈ। ਮਮਤਾ ਬੈਨਰਜੀ ਨੇ ਇਸ ਨੂੰ ਇਕਦਮ ਜਜ਼ਬਾਤੀ ਮੁੱਦਾ ਬਣਾਇਆ ਅਤੇ ਈਸ਼ਵਰ ਚੰਦਰ ਵਿਦਿਆਸਾਗਰ ਦੇ ਬੁੱਤ ਦੇ ਟੁਕੜਿਆਂ ਨੂੰ ਆਪਣੀ ਗੋਦ ਵਿਚ ਸੰਭਾਲਦਿਆਂ ਬਹੁਤ ਹੀ ਜਜ਼ਬਾਤੀ ਬਿਆਨ ਦਿੱਤਾ। ਇਹ ਦੋਸ਼ ਲਾਇਆ ਗਿਆ ਹੈ ਕਿ ਬੁੱਤ ਤੋੜਨ ਵਾਲਿਆਂ ਵਿਚੋਂ ਕੁਝ ਇਹ ਨਾਅਰੇ ਲਾ ਰਹੇ ਸਨ, ''ਵਿਦਿਆਸਾਗਰ ਦੇ ਦਿਨ ਖ਼ਤਮ ਹੋ ਚੁੱਕੇ ਹਨ; ਹਉ ਇਜ ਦਾ ਜੋਸ਼'' (ਫਿਲਮ 'ਉੜੀ' ਦਾ ਇਕ ਸੰਵਾਦ ਹੈ ਜਿਸ ਨੂੰ ਪ੍ਰਧਾਨ ਮੰਤਰੀ ਨੇ ਕਈ ਵਾਰ ਦੁਹਰਾਇਆ ਹੈ)। ਕੋਲਕਾਤਾ ਤੋਂ ਛਪਣ ਵਾਲੇ ਇਕ ਅਖ਼ਬਾਰ ਨੇ ਇਸ ਘਟਨਾ ਨੂੰ ਦੋ ਸੱਭਿਆਚਾਰਾਂ ਦੀ ਲੜਾਈ ਦੱਸਿਆ ਹੈ; ਉਸ ਅਖ਼ਬਾਰ ਅਨੁਸਾਰ ਬੰਗਾਲੀ ਸੱਭਿਆਚਾਰ ਵਿਚ ਵੱਖ ਵੱਖ ਵਿਚਾਰਾਂ, ਪ੍ਰੰਪਰਾਵਾਂ ਤੇ ਪੰਥਾਂ ਲਈ ਥਾਂ ਹੈ ਜਦੋਂਕਿ ਭਾਜਪਾ ਦੇ ਹਮਾਇਤੀ ਸਿਰਫ਼ ਆਪਣੀ ਵਿਚਾਰਧਾਰਾ ਥੋਪਣ ਵਿਚ ਯਕੀਨ ਰੱਖਦੇ ਹਨ। ਭਾਜਪਾ ਨੇ ਇਨ੍ਹਾਂ ਖ਼ਬਰਾਂ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਇਹ ਬੁੱਤ ਉਸ ਦੇ ਕਾਰਕੁਨਾਂ ਨੇ ਨਹੀਂ ਸਗੋਂ ਤ੍ਰਿਣਮੂਲ ਕਾਂਗਰਸ ਦੇ ਕਾਰਕੁਨਾਂ ਨੇ ਤੋੜਿਆ ਹੈ। ਸਵਾਲ ਇਹ ਨਹੀਂ ਹੈ ਕਿ ਇਹ ਬੁੱਤ ਭਾਜਪਾ ਦੇ ਕਾਰਕੁਨਾਂ ਨੇ ਤੋੜਿਆ ਜਾਂ ਤ੍ਰਿਣਮੂਲ ਕਾਂਗਰਸ ਦੇ, ਸਵਾਲ ਇਹ ਹੈ ਕਿ ਕੀ ਉਹ ਲੋਕ, ਜਿਨ੍ਹਾਂ ਨੇ ਉਹ ਬੁੱਤ ਤੋੜਿਆ, ਜਾਣਦੇ ਸਨ ਕਿ ਉਹ ਕੀ ਕਰ ਰਹੇ ਹਨ? ਕਿਸ ਦਾ ਬੁੱਤ ਤੋੜ ਰਹੇ ਹਨ?

ਅਸੀਂ ਵੇਖ ਸਕਦੇ ਹਾਂ ਕਿ ਅਸੀਂ ਕਿੰਨੇ ਅਸਹਿਣਸ਼ੀਲ ਸਮਿਆਂ ਵਿਚ ਆ ਗਏ ਹਾਂ। ਈਸ਼ਵਰ ਚੰਦਰ ਵਿਦਿਆਸਾਗਰ ਦਾ ਨਾਂ ਉਨੀਵੀਂ ਸਦੀ ਦੌਰਾਨ ਬੰਗਾਲ ਵਿਚ ਆਈ ਪੁਨਰ-ਜਾਗ੍ਰਿਤੀ ਦੇ ਸਬੰਧ ਵਿਚ ਬਹੁਤ ਮਾਣ ਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਨਾਰੀ ਸੁਧਾਰਾਂ ਬਾਰੇ ਉਸ ਦਾ ਕੰਮ ਇਨਕਲਾਬੀ ਤਾਸੀਰ ਵਾਲਾ ਹੈ। ਇਸ ਤਰ੍ਹਾਂ ਈਸ਼ਵਰ ਚੰਦਰ ਵਿਦਿਆਸਾਗਰ ਮਹਿਜ਼ ਉਸ ਤਰ੍ਹਾਂ ਦਾ ਬੁੱਧੀਜੀਵੀKਦਾਨਿਸ਼ਵਰ ਹੀ ਨਹੀਂ ਸੀ ਜਿਸ ਦਾ ਕੰਮ ਲੇਖ ਤੇ ਕਿਤਾਬਾਂ ਲਿਖਣ ਤਕ ਹੀ ਸੀਮਤ ਹੋਵੇ; ਉਹ ਸਮਾਜ ਵਿਚ ਗਿਆ ਤੇ ਆਪਣੇ ਵਿਚਾਰਾਂ ਨੂੰ ਅਮਲੀ ਰੂਪ ਦੇਣ ਦੀ ਕੋਸ਼ਿਸ਼ ਕੀਤੀ; ਵੇਲੇ ਦੇ ਹਾਲਾਤ ਨਾਲ ਦੋ-ਚਾਰ ਹੁੰਦਿਆਂ ਉਸ ਨੂੰ ਉਸ ਤਿੱਖੇ ਤੇ ਜ਼ਹਿਰੀਲੇ ਵਿਰੋਧ ਦਾ ਸਾਹਮਣਾ ਕਰਨਾ ਪਿਆ, ਜਿਹੋ ਜਿਹਾ ਇਹੋ ਜਿਹੇ ਮਸਲਿਆਂ ਨੂੰ ਨਜਿੱਠਣ ਵੇ.ਲੇ ਹੁੰਦਾ ਹੈ। ਉਸ ਨੇ ਡਰਾਇੰਗ ਰੂਮ ਵਿਚ ਆਪਣੀ ਕੁਰਸੀ 'ਤੇ ਬਹਿ ਕੇ ਪ੍ਰਚਾਰ ਕਰਨ ਵਾਲਾ ਪ੍ਰਚਾਰਕ ਬਣਨ ਨਾਲੋਂ ਗਲੀਆਂ-ਬਾਜ਼ਾਰਾਂ ਦੀ ਮਿੱਟੀ ਤੇ ਚਿੱਕੜ ਵਿਚ ਲਿਬੜ ਕੇ ਵੇ.ਲੇ ਦੇ ਸਵਾਲਾਂ ਨਾਲ ਆਢਾ ਲਾਉਣ ਦਾ ਜੋਖ਼ਮ ਉਠਾਇਆ। ਉਸ ਨੇ ਆਪਣੇ ਅੰਤਲੇ ਦਿਨ ਸੰਥਾਲ ਕਬੀਲੇ ਦੇ ਲੋਕਾਂ ਨਾਲ ਰਹਿੰਦਿਆਂ ਗੁਜ਼ਾਰੇ। ਇਸ ਤਰ੍ਹਾਂ ਉਹ ਉਹੋ ਜਿਹੇ ਵਿਦਵਾਨਾਂ ਦੀ ਸ਼੍ਰੇਣੀ ਵਿਚ ਆਉਂਦਾ ਸੀ, ਜਿਨ੍ਹਾਂ ਨੂੰ ਗ੍ਰਾਮਸੀ ਸਜੀਵ (ਰਗਅਨਚਿ) ਬੁੱਧੀਜੀਵੀ ਕਹਿੰਦਾ ਹੈ। ਜੇਕਰ ਅਸੀਂ ਉਸ ਵਰਗੇ ਵਡੇਰਿਆਂ ਦੀ ਇੱਜ਼ਤ ਨਹੀਂ ਕਰਦੇ ਤਾਂ ਇਸ ਦੇ ਅਰਥ ਇਹੋ ਨਿਕਲਦੇ ਹਨ ਕਿ ਸਾਡੇ ਅੰਦਰ ਡੂੰਘੀ ਨਫ਼ਰਤ ਨਾਲ ਭਰ ਗਏ ਹਨ। ਅਸੀਂ ਇਸ ਨਫ਼ਰਤ ਸਾਹਮਣੇ ਮਜਬੂਰ ਹਾਂ। ਨਫ਼ਰਤ ਤੇ ਅਸਹਿਣਸ਼ੀਲਤਾ ਨੇ ਸਾਨੂੰ ਮਨੁੱਖ ਨਹੀਂ ਰਹਿਣ ਦਿੱਤਾ। ਅਸੀਂ ਸ਼ਾਇਦ ਨਹੀਂ ਜਾਣਦੇ ਕਿ ਅਸੀਂ ਕਿੱਧਰ ਜਾ ਰਹੇ ਹਾਂ। ਇਹ ਨਫ਼ਰਤ ਕਿਉਂ ਫੈਲਾਈ ਜਾ ਰਹੀ ਹੈ? ਕੀ ਸਾਡੇ ਦੇਸ਼ ਵਿਚ ਗੋਸ਼ਟਿ ਕਰਕੇ ਆਪਣੇ ਵਿਚਾਰਾਂ ਵਿਚਲੇ ਫ਼ਰਕ ਨੂੰ ਪ੍ਰਗਟਾਉਣ ਦਾ ਵੇ.ਲਾ ਖ਼ਤਮ ਹੋ ਚੁੱਕਾ ਹੈ? ਕਿਉਂ ਨਫ਼ਰਤ ਨੂੰ ਇਕ ਹਥਿਆਰ ਬਣਾ ਕੇ ਸਾਡੇ ਮਨਾਂ ਉੱਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ? ਘੱਟਗਿਣਤੀਆਂ ਦੇ ਵਿਰੁੱਧ ਨਫ਼ਰਤ, ਗਵਾਂਢੀ ਦੇਸ਼ਾਂ ਨਾਲ ਘਿਰਣਾ, ਵਿਰੋਧੀ ਵਿਚਾਰ ਰੱਖਣ ਵਾਲਿਆਂ ਪ੍ਰਤੀ ਨਫ਼ਰਤ, ਇਲਜ਼ਾਮਤਰਾਸ਼ੀ, ਚਰਿੱਤਰ-ਹਨਨ; ਇਹ ਸਾਡੇ ਸੂਝ-ਸਮਝ ਦੇ ਸੰਸਾਰ ਵਿਚ ਫੈਲ ਰਹੇ ਵੱਡੇ ਪ੍ਰਤੀਕਾਂ ਵਜੋਂ ਉੱਭਰ ਰਹੇ ਹਨ। ਏਦਾਂ ਕਿਉਂ ਹੋ ਰਿਹਾ ਹੈ; ਇਹ ਸੋਚਣ ਦਾ ਵੇ.ਲਾ ਹੈ?

**(ਹਵਾਲੇ : ਬਿਪਨ ਚੰਦਰ ਦੀ ਕਿਤਾਬ 'ਮਾਡਰਨ ਇੰਡੀਆ' ਤੇ ਪਾਰਥਾ ਚੈਟਰਜੀ ਦੀ 'ਨੈਸ਼ਨਲ ਥਾਟ ਐਂਡ ਦੀ ਕਲੋਨੀਅਲ ਵਰਲਡ' ਵਿਚੋਂ)**

# ਵਿਅੰਗ ਲੋਕ ਗ਼ਰੀਬ, ਲੀਡਰ ਅਮੀਰ

'ਹੋਰ ਬਈ! ਕੀ ਹਾਲ ਆ।' ਸੱਥ 'ਚ ਬੈਠੇ ਆਪਣੇ ਸਾਥੀਆਂ ਨੂੰ ਪੁੱਛ ਕੇ ਗੇਲੇ ਨੇ ਹਾਜ਼ਰੀ ਲਗਵਾਈ। ਏਨੇ ਨੂੰ ਬਾਬੇ ਮੇਹਰੂ ਨੇ ਸ਼ੁਰੂਆਤ ਕਰਦਿਆਂ ਕਿਹਾ 'ਗੇਲਿਆ ਹੋਰ ਸੁਣਾ ਕੋਈ ਖ਼ਬਰ।' ਤਾਂ ਗੇਲੇ ਨੇ ਕਿਹਾ 'ਬਾਬਾ ਜੀ ਖ਼ਬਰ ਅਜੇ ਕੋਈ ਖ਼ਾਸ ਨਹੀਂ। ਬਸ ਵੋਟਾਂ ਪੈ ਗਈਆਂ ਹਨ ਤੇ ਸਾਰੇ ਲੀਡਰ ਠੰਢੇ ਹੋ ਕੇ ਬਹਿ ਗਏ ਹਨ।' ਇਹ ਗੱਲ ਸੁਣ ਕੇ ਬਾਬੇ ਮੇਹਰੂ ਨੇ ਕਿਹਾ 'ਚੰਗਾ ਹੋਇਆ, ਮਸਾਂ ਰੌਲਾ-ਰੱਪਾ ਖ਼ਤਮ ਹੋਇਐ। ਰੋਜ਼ ਕੋਈ ਨਾ ਕੋਈ ਆਇਆ ਹੀ ਰਹਿੰਦਾ ਸੀ।' ਇੰਨੇ ਨੂੰ ਸ਼ਾਮ ਸਿੰਘ ਨੇ ਕਿਹਾ ਕਿ ਆਪਣੇ ਪਿੰਡ ਵਾਲਾ ਬੱਗਾ ਵੀ ਵੋਟਾਂ 'ਚ ਖੜ੍ਹਾ ਹੋਇਆ ਸੀ।' ਬਾਬੇ ਮੇਹਰੂ ਨੇ ਸਵਾਲ ਕੀਤਾ 'ਇਹ ਕਿਹੜੀ ਪਾਲਟੀ ਵੱਲੋਂ ਖੜ੍ਹਾ ਹੋਇਆ ਹੈ।' ਫ਼ੌਜੀ ਮਿੰਦੇ ਨੇ ਜਵਾਬ ਦਿੰਦਿਆਂ ਕਿਹਾ, 'ਇਹ ਕਿਸੇ ਪਾਰਟੀ ਵੱਲੋਂ ਨਹੀਂ ਸਗੋਂ ਇਹ ਤਾਂ ਆਜ਼ਾਦ ਉਮੀਦਵਾਰ ਵਜੋਂ ਖੜ੍ਹਾ ਹੋਇਆ ਸੀ।' ਬਾਬੇ ਮੇਹਰੂ ਨੇ ਫਿਰ ਕਿਹਾ ਕਿੰਨੀਆਂ ਕੁ ਵੋਟਾਂ ਪੈ ਜਾਣਗੀਆਂ ਇਸ ਨੂੰ?'' ਤਾਂ ਫ਼ੌਜੀ ਮਿੰਦੇ ਨੇ ਕਿਹਾ ਕਿ ਇਹ ਤਾਂ ਬਾਬਾ ਜੀ ਨਤੀਜੇ ਆਉਣ 'ਤੇ ਹੀ ਪਤਾ ਚੱਲੇਗਾ।' ਇੰਨੇ ਨੂੰ ਸ਼ਾਮ ਸਿੰਘ ਨੇ ਗੱਲ ਅੱਗੇ ਤੋਰਦਿਆਂ ਕਿਹਾ, 'ਵੋਟਾਂ 'ਚ ਲੜਨਾ ਆਮ ਬੰਦੇ ਦੇ ਵਸ ਦੀ ਗੱਲ ਕਿੱਥੇ ਹੁਣ?' ਇਹ ਤਾਂ ਵੱਡੇ ਅਮੀਰਾਂ ਦੀ ਖੇਡ ਬਣ ਗਈ ਆ।' ਤਾਂ ਗੇਲੇ ਨੇ ਹੁੰਗਾਰਾ ਭਰਦਿਆਂ ਕਿਹਾ, 'ਹਾਂਜੀ ਬਿਲਕੁਲ! ਬਾਕੀ ਇਹ ਵੋਟਾਂ ਤਾਂ ਵੱਡੀਆਂ ਨੇ, ਇਲਾਕਾ ਵੀ ਵੱਡਾ ਆ ਜਾਂਦਾ ਹੈ ਇਨ੍ਹਾਂ ਵਿਚ।' ਫ਼ੌਜੀ ਮਿੰਦੇ ਨੇ ਲੀਡਰਾਂ 'ਤੇ ਵਿਅੰਗ ਕਰਦਿਆਂ ਕਿਹਾ 'ਬੰਦਾ ਭਾਵੇਂ ਅਮੀਰ ਹੋਵੇ ਜਾਂ ਗ਼ਰੀਬ, ਜੇ ਇਕ ਵਾਰ ਕੰਮ ਲੋਟ ਆ ਜਾਵੇ ਤਾਂ ਜਿੱਤਣ ਵਾਲਾ ਗ਼ਰੀਬ ਵੀ ਅਮੀਰਾਂ ਦੀ ਸੂਚੀ 'ਚ ਸ਼ਾਮਲ ਹੋ ਕੇ ਟੀਸੀ 'ਤੇ ਪਹੁੰਚ ਜਾਂਦਾ ਹੈ। ਆਹ ਹੁਣੇ ਹੋਈਆਂ ਚੋਣਾਂ 'ਚ ਖੜ੍ਹੇ ਹੋਏ ਵੱਡੀਆਂ ਪਾਰਟੀਆਂ ਦੇ ਉਮੀਦਵਾਰ ਜ਼ਿਆਦਾਤਰ ਕਰੋੜਪਤੀ ਹੀ ਸਨ।' ਇਹ ਗੱਲ ਪੂਰੀ ਹੋਣ ਤੋਂ ਬਾਅਦ ਬਾਬਾ ਮੇਹਰੂ ਬੋਲਿਆ 'ਅੱਛਾ! ਇਹ ਤਾਂ ਕਹਿੰਦੇ ਰਹਿੰਦੇ ਨੇ ਕਿ ਅਸੀਂ ਤਾਂ ਲੋਕਾਂ ਦੀ ਸੇਵਾ ਕਰਨ ਆਏ ਹਾਂ, ਪਰ ਸੇਵਾ ਆਵਦੀ ਹੀ ਕਰੀ ਜਾਂਦੇ ਆ।' ਏਨੇ ਨੂੰ ਸ਼ਾਮ ਸਿੰਘ ਬੋਲਿਆ 'ਗੱਲ ਤਾਂ ਪਹਿਲਾਂ ਲੋਕਾਂ ਦੀ ਸੇਵਾ ਤੋਂ ਸ਼ੁਰੂ ਕਰਦੇ ਨੇ, ਇਹ ਗੱਲ ਹੋਰ ਹੈ ਕਿ ਜਿੱਤ ਕੇ ਮਗਰੋਂ ਆਪਣੀ ਸੇਵਾ ਕਰੀ ਜਾਂਦੇ ਹਨ।' ਗੇਲੇ ਨੇ ਕਿਹਾ ਕਿ ਲੀਡਰਾਂ ਦਾ ਆਹ ਹਾਲ ਦੇਖ ਕੇ ਵੋਟ ਪਾਉਣ ਨੂੰ ਵੀ ਮਨ ਨਹੀਂ ਕਰਦਾ। ਲੋਕਾਂ ਦਾ ਬੁਰਾ ਹਾਲ ਹੋਇਆ ਪਿਆ ਹੈ।

ਲੋਕ ਗ਼ਰੀਬ ਹੋਈ ਜਾਂਦੇ ਹਨ ਤੇ ਲੀਡਰ ਅਮੀਰ।' ਇੰਨੇ ਨੂੰ ਬਾਬੇ ਮੇਹਰੂ ਨੇ ਕਿਹਾ 'ਗੇਲਿਆ! ਤੇਰੀ ਗੱਲ ਸੋਲਾਂ ਆਨੇ ਸੱਚ ਹੈ। ਆਹ ਦੇਖ ਲੈ ਸਾਡੀ ਸਾਰੀ ਉਮਰ ਲੰਘ ਗਈ ਵੋਟਾਂ ਪਾਉਂਦਿਆਂ ਦੀ। ਅਜੇ ਤਕ ਤਾਂ ਇਹੋ ਜਿਹਾ ਕੋਈ ਨੀ ਦੇਖਿਆ ਜਿਹਨੇ ਲੋਕਾਂ ਦੀ ਸੱਚੀ ਸੇਵਾ ਕੀਤੀ ਹੋਵੇ। ਜਿਹੜਾ ਵੀ ਆਉਂਦਾ ਹੈ, ਉਸ ਦੀ ਪੂਰੀ ਕੋਸ਼ਿਸ਼ ਹੁੰਦੀ ਹੈ ਕਿ ਜਨਤਾ ਨੂੰ ਦੋਹੇਂ ਹੱਥੀਂ ਲੁੱਟਿਆ ਜਾਵੇ। ਖ਼ਬਰੇ ਬਾਅਦ ਵਿਚ ਮੌਕਾ ਮਿਲੇ ਜਾਂ ਨਾ।' ਬਾਬੇ ਦੀ ਗੱਲ ਵਿਚ ਹਾਂ ਮਿਲਾਉਂਦੇ ਹੋਏ ਸਾਰੇ ਜਣੇ ਆਪੋ-ਆਪਣੇ ਘਰਾਂ ਨੂੰ ਤੁਰ ਪਏ।

# ਹੁਸ਼ਿਆਰਪੁਰ 'ਚ ਭੜਕੇ ਲੋਕਾਂ ਘੇਰਿਆ ਟ੍ਰੈਵਲ ਏਜੰਟ ਦਾ ਦਫ਼ਤਰ

**ਹੁਸ਼ਿਆਰਪੁਰ :** ਇੱਥੋਂ ਦੇ ਪੁਰਹੀਰਾਂ ਖੇਤਰ ਵਿਚ ਕੁਵੈਤ ਵਿਚ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਕਰੀਬ ਪੰਜ ਸੌ ਲੋਕਾਂ ਤੋਂ ਦੋ ਕਰੋੜ ਰੁਪਏ ਤੋਂ ਜ਼ਿਆਦਾ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਜਦੋਂ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਤਾਂ ਉਨ੍ਹਾਂ ਮੰਗਲਵਾਰ ਨੂੰ ਟ੍ਰੈਵਲ ਏਜੰਟ ਦਾ ਦਫ਼ਤਰ ਘੇਰ ਕੇ ਖ਼ੂਬ ਹੰਗਾਮਾ ਕੀਤਾ। ਪ੍ਰਦਰਸ਼ਨ ਦੌਰਾਨ ਏਜੰਟ ਦੇ ਦਫ਼ਤਰ ਨੂੰ ਤਾਲਾ ਲੱਗਾ ਹੋਇਆ ਸੀ। ਉਸ ਤੋਂ ਬਾਅਦ ਲੋਕ ਪੁਰਹੀਰਾਂ ਚੌਕੀ ਪਹੁੰਚੇ ਅਤੇ ਪੁਲਿਸ ਨੂੰ ਹੱਡਬੀਤੀ ਸੁਣਾਈ। ਇਸ ਦੌਰਾਨ ਥਾਣਾ ਮਾਡਲ ਟਾਊਨ ਦੇ ਐੱਸਐੱਚਓ ਭਰਤ ਮਸੀਹ ਮੌਕੇ 'ਤੇ ਪਹੁੰਚੇ ਅਤੇ ਉਨ੍ਹਾਂ ਠੱਗੀ ਦੇ ਸ਼ਿਕਾਰ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਠੱਗੀ ਕਰਨ ਵਾਲੇ ਟ੍ਰੈਵਲ ਏਜੰਟ ਖ਼ਿਲਾਫ਼ ਬਣਦੀ ਕਾਰਵਾਈ ਹੋਵੇਗੀ। ਇਸ ਤੋਂ ਬਾਅਦ ਲੋਕ ਸ਼ਾਂਤ ਹੋਏ ਅਤੇ ਪੁਲਿਸ ਨੇ ਟ੍ਰੈਵਲ ਏਜੰਟ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।




Shangara Ram
Realtor CalBRE# 01969522

BERKSHIRE HATHAWAY
Home Services
ELITE REAL ESTATE

BH HS BERKSHIRE HATHAWAY HOMESERVICES

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


# ਭਾਰਤ ਵਿਚ ਸਮੁੰਦਰੀ ਤੂਫ਼ਾਨਾਂ ਦਾ ਵਧਦਾ ਖ਼ਤਰਾ



ਡਾ. ਗੁਰਿੰਦਰ ਕੌਰ
91-99156-82196

3 ਮਈ, 2019 ਨੂੰ ਸਵੇਰੇ 8 ਵਜੇ ਦੇ ਕਰੀਬ ਚੱਕਰਵਾਤੀ ਤੂਫ਼ਾਨ ਫ਼ਾਨੀ ਨੇ ਓਡੀਸ਼ਾ ਦੇ ਪੁਰੀ ਸ਼ਹਿਰ ਦੇ ਨੇੜੇ ਟਕਰਾਉਣ ਤੋਂ ਬਾਅਦ ਇਸ ਰਾਜ ਵਿਚ ਭਾਰੀ ਤਬਾਹੀ ਮਚਾ ਦਿੱਤੀ। ਪੁਰੀ ਸ਼ਹਿਰ ਵਿਚ ਪੁਰਾਣੀਆਂ ਇਮਾਰਤਾਂ, ਕੱਚੇ ਘਰਾਂ, ਦੁਕਾਨਾਂ ਅਤੇ ਹੋਰ ਵੱਡੀਆ ਇਮਾਰਤਾਂ ਨੂੰ ਭਾਰੀ ਨੁਕਸਾਨ ਪੁੱਜਾ ਹੈ। ਓਡੀਸ਼ਾ ਵਿਚ ਹੁਣ ਤੱਕ ਲਗਭਗ 34 ਵਿਅਕੀਤਆਂ ਦੀ ਮੌਤ ਹੋਈ ਹੈ ਅਤੇ ਲਗਭਗ 200 ਵਿਅਕਤੀ ਜਖ਼ਮੀ ਹੋਏ ਹਨ। ਤੂਫ਼ਾਨ ਕਾਰਨ ਬਿਜਲੀ ਅਤੇ ਟੈਲੀਫ਼ੋਨ ਸੇਵਾਵਾਂ ਪੂਰੀ ਤਰ੍ਹਾਂ ਠੱਪ ਹੋ ਗਈਆਂ। ਇਸ ਦੇ ਨਾਲ ਭੁਵਨੇਸ਼ਰ ਸ਼ਹਿਰ ਦੇ ਏਅਰਪੋਰਟ ਅਤੇ ਏਮਜ਼ ਵਿਚ ਵੀ ਕਾਫ਼ੀ ਨੁਕਸਾਨ ਹੋਇਆ ਹੈ। ਚੱਕਰਵਾਤੀ ਤੂਫ਼ਾਨ ਫ਼ਾਨੀ ਵਿਚਲੀਆਂ ਹਵਾਵਾਂ ਦੀ ਗਤੀ ਬਹੁਤ ਤੇਜ਼ ਸੀ ਜੋ 175 ਤੋਂ 245 ਕਿਲੋਮੀਟਰ ਪ੍ਰਤਿ ਘੰਟਾ ਦੀ ਰਫ਼ਤਾਰ ਨਾਲ ਚਲ ਰਹੀਆਂ ਸਨ। ਹਵਾਵਾਂ ਦੀ ਰਫ਼ਤਾਰ ਜ਼ਿਆਦਾ ਹੋਣ ਕਰਕੇ ਸਮੁੰਦਰ ਵਿਚ 8 ਮੀਟਰ ਤੱਕ ਉੱਚੀਆਂ ਲਹਿਰਾਂ ਉੱਠੀਆਂ ਜਿਨ੍ਹਾਂ ਨਾਲ ਤੱਟਵਰਤੀ ਨੀਵੇਂ ਇਲਾਕੇ ਬੁਰੀ ਤਰ੍ਹਾਂ ਪਾਣੀ ਵਿਚ ਡੁੱਬ ਗਏ। ਇਹ ਤੂਫ਼ਾਨ ਇੰਨਾ ਭਿਆਨਕ ਸੀ ਇਸ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ 2 ਅਤੇ 3 ਮਈ ਕੋਲਕਤਾ-ਚੇਨਈ ਰੂਟ ਦੀਆਂ 200 ਤੋਂ ਵੱਧ ਰੇਲਗੱਡੀਆਂ ਅਤੇ ਭੁਬਨੇਸ਼ਵਰ ਅਤੇ ਕੋਲਕੱਤੇ ਦੇ ਹਵਾਈ ਅੱਡਿਆਂ ਤੋਂ ਤਕਰੀਬਨ ਸਾਰੀਆਂ ਹਵਾਈ ਉਡਾਣਾਂ ਰੱਦ ਕਰ ਦਿੱਤੀਆ ਗਈਆਂ ਸਨ। ਚੌਕਸੀ ਵਜੋਂ ਰਾਜ ਸਰਕਾਰ ਨੇ ਦੋ ਦਿਨ ਪਹਿਲਾਂ ਹੀ 10,000 ਪਿੰਡਾਂ ਅਤੇ 52 ਸ਼ਹਿਰਾਂ ਤੋਂ ਲਗਭਗ 11 ਲੱਖ ਵਿਅਕਤੀਆਂ ਨੂੰ ਸੁਰੱਖਿਅਤ ਥਾਵਾਂ ਉੱਤੇ ਪਹੁੰਚਾ ਦਿੱਤਾ ਸੀ। ਲੋਕਾਂ ਨੂੰ 4000 ਟਿਕਾਣਿਆਂ ਵਿਚ ਪਨਾਹ ਦਿੱਤੀ ਗਈ ਅਤੇ ਇਸ ਦੇ ਨਾਲ 800 ਵਿਸ਼ੇਸ਼ ਕੇਂਦਰ ਬਣਾਏ ਗਏ। ਇਸ ਤੋਂ ਇਲਾਵਾ ਲੋਕਾਂ ਦੀ ਮਦਦ ਲਈ 300 ਹੰਗਾਮੀ ਸਹਾਇਤਾ ਕੇਂਦਰ ਅਤੇ 936 ਮੈਡੀਕਲ ਟੀਮਾਂ ਦਾ ਵੀ ਇੰਤਜ਼ਾਮ ਕੀਤਾ ਹੋਇਆ ਸੀ ਅਤੇ ਲਗਭਗ 1000 ਗਰਭਵਤੀ ਔਰਤਾਂ ਨੂੰ ਖ਼ਤਰੇ ਵਾਲੀਆਂ ਥਾਵਾਂ ਤੋਂ ਕੱਢ ਕੇ ਹਸਪਤਾਲ ਵੀ ਪਹੁੰਚਾਇਆ ਗਿਆ।

ਸਮੁੰਦਰੀ ਤੱਟ ਉੱਤੇ ਵੱਸੇ ਹੋਣ ਕਰਕੇ ਓਡੀਸ਼ਾ ਵਿਚ ਚੱਕਰਵਾਤੀ ਤੂਫ਼ਾਨਾਂ ਦਾ ਆਉਣਾ ਕੋਈ ਨਵੀਂ ਜਾਂ ਅਨੋਖੀ ਗੱਲ ਨਹੀਂ ਹੈ। ਓਡੀਸ਼ਾ ਵਿਚ ਪਿੱਛਲੇ ਸੌ ਸਾਲਾਂ ਵਿਚ ਤਕਰੀਬਨ ਸੋ ਅਜਿਹੇ ਤੂਫ਼ਾਨ ਆਏ ਹੋਣਗੇ, ਪਰ ਅਜਿਹਾ ਖ਼ਰਨਾਕ ਚੱਕਰਵਾਤੀ ਤੂਫ਼ਾਨ ਲਗਭਗ 20 ਸਾਲ ਪਹਿਲਾਂ 1999 ਵਿਚ ਆਇਆ ਸੀ ਜਿਸ ਵਿਚ 10000 ਤੋਂ ਵਧ ਲੋਕ ਮਾਰੇ ਗਏ ਸਨ। ਭਾਰਤ ਦਾ ਇਕੱਲਾ ਓਡੀਸ਼ਾ ਹੀ ਅਜਿਹਾ ਰਾਜ ਨਹੀਂ ਹੈ ਜਿੱਥੇ ਚੱਕਰਵਾਤੀ ਤੂਫ਼ਾਨ ਆਉਂਦੇ ਹਨ। ਸਾਡੇ ਦੇਸ ਦੇ 10 ਰਾਜ ਪੱਛਮੀ ਬੰਗਾਲ, ਓਡੀਸ਼ਾ, ਆਂਧਰਾ ਪ੍ਰਦੇਸ਼, ਤੇਲੰਗਾਨਾ, ਤਾਮਿਲਨਾਡੂ, ਕੇਰਲ, ਗੋਆ, ਕਰਨਾਟਕ, ਮਹਾਂਰਾਸ਼ਟਰ ਅਤੇ ਗੁਜਰਾਤ ਅਤੇ ਚਾਰ ਕੇਂਦਰੀ ਸ਼ਾਸਤ ਰਾਜ ਅੰਡੇਮਾਨ-ਨਿਕੋਬਾਰ, ਲਕਸ਼ਦੀਪ, ਪੋਡੋਚਰੀ ਅਤੇ ਦਮਨ-ਦਿਯੂ ਤੱਟਵਰਤੀ ਖੇਤਰ ਵਿਚ ਪੈਂਦੇ ਹਨ ਜਿਹੜੇ ਹਰ ਸਾਲ ਸਮੁੰਦਰ ਨਾਲ ਸੰਬੰਧਿਤ ਕਿਸੇ ਨਾ ਕਿਸੇ ਆਫ਼ਤ ਦਾ ਸ਼ਿਕਾਰ ਹੁੰਦੇ ਹਨ। ਭਾਰਤ ਵਿਚ ਚੱਕਰਵਾਤੀ ਤੂਫ਼ਾਨ ਆਮ ਤੌਰ ਉੱਤੇ ਮੌਨਸੂਨ ਆਉਣ ਤੋਂ ਪਹਿਲਾਂ ਅਪ੍ਰੈਲ ਅਤੇ ਮਈ ਅਤੇ ਮੌਨਸੂਨ ਦੇ ਜਾਣ ਬਾਅਦ ਅਕਤੂਬਰ ਤੋਂ ਦਸੰਬਰ ਦੇ ਮਹੀਨਿਆਂ ਵਿਚ ਆਉਂਦੇ ਹਨ ਪਰ ਇਨ੍ਹਾਂ ਵਿਚੋਂ ਜ਼ਿਆਦਾਤਰ ਚੱਕਰਵਾਤੀ ਤੂਫ਼ਾਨ ਅਕਤੂਬਰ ਤੋਂ ਦਸੰਬਰ ਦੇ ਮਹੀ-ਨਿਆਂ ਵਿਚ ਆਉਂਦੇ ਹਨ ਕਿਉਂਕਿ ਚੱਕਰਵਾਤੀ ਤੂਫ਼ਾਨ ਬਣਨ ਲਈ ਸਮੁੰਦਰ ਦੇ ਪਾਣੀ ਦਾ ਤਾ-ਪਮਾਨ ਔਸਤ ਤਾਪਮਾਨ ਤੋਂ ਜ਼ਿਆਦਾ ਹੋਣਾ ਚਾਹੀਦਾ ਹੈ। ਵਿ-ਗਆਨੀਆਂ ਅਨੁਸਾਰ ਚੱਕਰਵਾਤ ਬਣਨ ਲਈ ਸਮੁੰਦਰੀ ਪਾਣੀ ਦੀ ਉੱਪਰੀ 60 ਮੀਟਰ ਸਤਹ ਦਾ ਤਾਪਮਾਨ 28 ਡਿਗਰੀ ਸੈਲੀਅਸ ਤੋਂ ਜ਼ਿਆਦਾ ਹੋਣਾ ਚਾਹੀਦਾ ਹੈ ਅਤੇ ਭਾਰਤ ਉੱਤਰੀ ਅਰਧ ਗੋਲੇ ਵਿਚ ਪੈਂਦਾ ਹੈ ਜਿੱਥੇ ਗਰਮੀਆਂ ਦੀ ਰੁੱਤ ਮਈ ਤੋਂ ਲੈ ਕੇ ਸਤੰਬਰ ਤੱਕ ਦੇ ਮਹੀਨਿਆਂ ਤੱਕ ਰਹਿੰਦੀ ਹੈ ਜਿਸ ਨਾਲ ਧਰਤੀ ਦੇ ਨਾਲ ਨਾਲ ਸਮੁੰਦਰ ਦਾ ਪਾਣੀ ਵੀ ਗਰਮ ਹੋ ਜਾਂਦਾ ਹੈ।



ਓਡੀਸ਼ਾ ਵਿਚ ਹਾਲ ਵਿਚ ਆਇਆ ਫ਼ਾਨੀ ਤੂਫ਼ਾਨ ਬੰਗਾਲ ਦੀ ਖਾੜੀ ਵਿਚ ਆਉਣ ਵਾਲੇ ਚੱਕਰਵਾਤੀ ਤੂਫ਼ਾਨਾਂ ਤੋਂ ਆਪਣੇ ਆਉਣ ਦੇ ਸਮੇਂ, ਤੀਬਰਤਾ ਅਤੇ ਰੂਟ ਕਰਕੇ ਅਲੱਗ ਹੈ ਜੋ ਇੱਕ ਵਿਚਾਰ ਕਰਨ ਵਾਲਾ ਗੰਭੀਰ ਵਿਸ਼ਾ ਹੈ। ਅਪ੍ਰੈਲ ਅਤੇ ਮਈ ਵਿਚ ਆਉਣ ਵਾਲੇ ਚੱਕਰਵਾਤੀ ਤੂਫ਼ਾਨਾਂ ਦੀ ਗਿਣਤੀ ਬਹੁਤ ਹੀ ਘੱਟ ਹੁੰਦੀ ਹੈ। 1891 ਤੋਂ ਲੈ ਕੇ ਹੁਣ ਤੱਕ ਸਿਰਫ਼ 14 ਚੱਕਰਵਾਤੀ ਤੂਫ਼ਾਨ ਆਏ ਹਨ ਜਿਨ੍ਹਾਂ ਵਿਚੋਂ ਸਿਰਫ਼ ਇਕ 1956 ਵਿਚ ਭਾਰਤ ਵਿਚ ਦਾਖ਼ਲ ਹੋਇਆ ਸੀ ਅਤੇ ਬਾਕੀ ਸਾਰੇ ਬੰਗਲਾਦੇਸ਼, ਮਿਆਂਮਾਰ ਅਤੇ ਦੱਖਣੀ-ਪੂਰਬੀ ਏਸ਼ੀਆ ਦੇ ਹੋਰ ਦੇਸਾਂ ਵਿਚ ਦਾਖ਼ਲ ਹੋਏ ਸਨ, ਪਰ ਉਨ੍ਹਾਂ ਸਾਰਿਆਂ ਵਿਚੋਂ ਕੋਈ ਵੀ ਇੰਨੀ ਤੀਬਰਤਾ ਵਾਲਾ ਨਹੀਂ ਸੀ। ਫ਼ਾਨੀ ਤੂਫ਼ਾਨ ਵਿਚਲੀਆਂ ਹਵਾਵਾਂ ਦੀ ਗਤੀ ਕਈ ਥਾਵਾਂ ਉੱਤੇ 245 ਕਿਲੋਮੀਟਰ ਪ੍ਰਤੀ ਘੰਟਾ ਵੀ ਸੀ ਜਿਸ ਕਰਕੇ ਇਹ ਖ਼ਤਰਨਾਕ ਚੱਕਰਵਾਤਾਂ ਦੀ ਸ਼੍ਰੇਣੀ ਵਿਚ ਆਂਕਿਆ ਗਿਆ ਹੈ। ਇਸ ਤੂਫ਼ਾਨ ਵਿਚ ਹਵਾਵਾਂ ਦੀ ਤੀਬਰਤਾ ਦਾ ਮੁੱਖ ਕਾਰਨ ਸਮੁੰਦਰ ਦੇ ਪਾਣੀ ਦੇ ਤਾਪਮਾਨ ਦਾ ਔਸਤ ਤੋਂ ਬਹੁਤ ਜ਼ਿਆਦਾ ਗਰਮ ਹੋਣਾ ਹੈ। ਡੈਨੀਅਲ ਲੈਵਿਟ ਅਤੇ ਨਿਕੋ ਕੈਮਨੇਡਾ ਨੇ ਆਪਣੀ ਇਕ ਖੋਜ ਰਾਹੀਂ ਇਹ ਤੱਕ ਸਾਹਮਣੇ ਲਿਆਂਦਾ ਹੈ ਕਿ ਜੇਕਰ ਸਮੁੰਦਰੀ ਪਾਣੀ ਦੇ ਤਾਪਮਾਨ ਵਿਚ 1 ਡਿਗਰੀ ਦਾ ਵਾਧਾ ਹੁੰਦਾ ਹੈ ਤਾਂ ਸਮੁੰਦਰੀ ਤੂਫ਼ਾਨ ਵਿਚਲੀ ਹਵਾ ਦੀ ਗਤੀ ਵਿਚ 5 ਫ਼ੀਸਦ ਵਾਧਾ ਹੋ ਜਾਂਦਾ ਹੈ ਅਤੇ ਵੱਧ ਗਤੀ ਵਾਲੀ ਹਵਾ ਨਾਲ ਸਮੁੰਦਰੀ ਤੂਫ਼ਾਨ ਵੱਧ ਤਬਾਹੀ ਮਚਾਉਂਦਾ ਹੈ। ਇਸੇ ਕਰਕੇ ਪਿੱਛਲੇ ਸਾਲਾਂ ਵਿਚ ਆਏ ਹਾਰਵੇ, ਮਾਰੀਆ, ਇਰਮਾ, ਫ਼ਲੋਰੈਂਸ ਮਾਈਕਲ, ਹੁੱਦਹੁੱਦ, ਓਖੀ ਆਦਿ ਤੂਫ਼ਾਨਾਂ ਨੇ ਭਾਰੀ ਤਬਾਹੀ ਮਚਾਈ ਹੈ। ਇੱਥੇ ਚਿੰਤਾ ਵਾਲੀ ਗੱਲ ਇਹ ਹੈ ਕਿ ਜੇਕਰ ਅਪ੍ਰੈਲ-ਮਈ ਵਿਚ ਗਰਮ ਰੁੱਤ ਦੀ ਸ਼ੁਰੂਆਤ ਵਿਚ ਸਮੁੰਦਰ ਦੇ ਪਾਣੀ ਦਾ ਤਾਪਮਾਨ ਇੰਨਾ ਜ਼ਿਆਦਾ ਸੀ ਜਿਸ ਨੇ ਫ਼ਾਨੀ ਵਰਗੇ ਚੱਕਰਵਾਤੀ ਤੂਫ਼ਾਨ ਨੂੰ ਪੈਦਾ ਕੀਤਾ ਤਾਂ ਬਾਅਦ ਵਿਚ ਆਉਣ ਵਾਲੇ ਚੱਕਰਵਾਤੀ ਤੂਫ਼ਾਨਾ ਦੀ ਤੀਬਰਤਾ ਕੀ ਹੋਵੇਗੀ ਅਤੇ ਉਹ ਕਿੰਨੇ ਖ਼ਤਰਨਾਕ ਹੋਣਗੇ? ਇਸ ਤੋਂ ਇਲਾਵਾ ਇਸੇ ਸਾਲ (2019) ਵਿਚ ਆਈ ਇਕ ਰਿਪੋਰਟ ਨੇ ਖ਼ੁਲਾਸਾ ਕੀਤਾ ਹੈ ਕਿ ਸਮੁੰਦਰ ਦੇ ਪਾਣੀ ਦਾ ਤਾਪਮਾਨ ਪਿੱਛਲੇ ਅਨੁਮਾਨਿਤ ਅੰਕੜਿਆਂ ਨਾਲੋਂ 40 ਫ਼ੀਸਦ ਵੱਧ ਤੇਜ਼ੀ ਨਾਲ ਗਰਮ ਹੋ ਰਿਹਾ ਹੈ। ਇਸ ਦੇ ਨਾਲ ਨਾਲ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਸਮੁੰਦਰੀ ਪਾਣੀ ਦੇ ਤਾਪਮਾਨ ਵਿਚ ਵਾਧਾ ਹੋਣ ਨਾਲ ਸਮੁੰਦਰੀ ਪਾਣੀ ਦੇ ਤਾਪਮਾਨ ਵਿਚ ਵਾਧਾ ਹੋਣ ਨਾਲ ਸਮੁੰਦਰੀ ਜਲਪੱਧਰ ਵੀ ਤੇਜ਼ੀ ਨਾਲ ਉੱਚਾ ਹੋ ਰਿਹਾ ਹੈ ਜਿਸ ਨਾਲ ਸੁਨਾਮੀ ਲਹਿਰਾਂ ਦੀ ਆਮਦ ਦੀ ਗਿਣਤੀ ਅਤੇ ਉਸ ਤੋਂ ਹੋਣ ਵਾਲ ਨੁਕਸਾਨ ਵਿਚ ਵਾਧਾ ਹੁੰਦਾ ਹੈ। ਸਿੰਘਾਪੁਰ ਦੀ ਨਾਨਯਾਂਗ ਟੋਕਨੋਲੋਜ਼ੀਕਲ ਯੂਨੀਵਰਸਿਟੀ ਦੀ ਇਕ ਖੋਜ ਅਨੁਸਾਰ ਸਮੁੰਦਰ ਜਲਪੱਧਰ ਵਿਚ 0.5 ਮੀਟਰ ਦੇ ਵਾਧੇ ਨਾਲ ਸੁਨਾਮੀ ਦੇ ਖ਼ਤਰਿਆ ਵਿਚ 2.4 ਗੁਣਾ ਅਤੇ ਇਕ ਮੀਟਰ ਵਾਧੇ ਨਾਲ 4.7 ਗੁਣਾ ਵਾਧਾ ਹੋ ਸਕਦਾ ਹੈ।

ਓਡੀਸ਼ਾ ਵਿਚ ਚੱਕਰਵਾਤੀ ਤੂਫ਼ਾਨ ਫ਼ਾਨੀ ਦੀ ਆਮਦ ਦੀ ਲੋਕਾਂ ਨੂੰ ਅਗਾਊ ਸੂਚਨਾ ਦੇ ਕੇ ਅਤੇ ਉਨ੍ਹਾਂ ਨੂੰ ਸੁਰੱਖਿਅਤ ਟਿਕਾਣਿਆਂ ਦੇ ਪਹੁੰਚਾਉਣ ਕਰਕੇ ਓਡੀਸ਼ਾ ਸਰਕਾਰ ਦੀ ਦੁਨੀਆਂ ਭਰ ਵਿਚ ਸ਼ਲਾਘਾ ਹੋ ਰਹੀ ਹੈ ਕਿ ਰਾਜ ਸਰਕਾਰ ਨੇ ਲੱਖਾਂ ਮਨੁੱਖੀ ਜ਼ਿੰਦਗੀਆਂ ਨੂੰ ਉਚਿੱਤ ਪ੍ਰਬੰਧ ਕਰਕੇ ਬਚਾ ਲਿਆ ਹੈ। ਇੱਥੇ ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਸਮੁੰਦਰ ਦੇ ਪਾਣੀ ਦੇ ਤਾਪਮਾਨ ਵਿਚ ਤੇਜ਼ੀ ਨਾਲ ਵਾਧਾ ਹੋਣ ਕਰਕੇ ਭਾਰਤ ਦੇ ਤੱਟਵਰਤੀ ਖੇਤਰਾਂ ਦੇ ਨਾਲ ਲੱਗਦੇ ਸਮੁੰਦਰ ਦਾ ਜਲ ਪੱਧਰ ਔਸਤਨ 1.6-1.7 ਮਿਲੀਮੀਟਰ ਦੀ ਦਰ ਨਾਲ ਪ੍ਰਤਿ ਸਾਲ ਵਧ ਰਿਹਾ ਹੈ ਜਿਸ ਨਾਲ ਤੱਟਵਰਤੀ ਰਾਜਾਂ ਦੇ ਨੀਵੇਂ ਖੇਤਰ ਹੌਲੀ ਹੌਲੀ ਸਮੁੰਦਰ ਵਿਚ ਸਮਾਂ ਰਹੇ ਹਨ। ਬੰਗਾਲ ਦੀ ਖਾੜੀ ਵਿਚ ਜਲਪੱਧਰ ਬਾਕੀ ਥਾਵਾਂ ਨਾਲੋਂ ਤੇਜ਼ੀ ਨਾਲ ਉੱਚਾ ਹੋਣ ਕਰਕੇ ਇੱਥੋਂ ਦੇ ਕਈ ਟਾਪੂ ਸਮੁੰਦਰ ਵਿਚ ਸਮਾ ਚੁੱਕੇ ਹਨ।

ਅਮਰੀਕਾ ਦੀ ਇਕ ਸੰਸਥਾ ਨੌਆ ਦੇ ਅੰਕੜਿਆਂ ਅਨੁਸਾਰ ਭਾਰਤ ਵਿਚ ਤਾਪਮਾਨ ਦੇ ਵਾਧੇ ਨਾਲ ਤੂਫ਼ਾਨ, ਹੜ੍ਹ, ਸੋਕੇ ਆਦਿ ਵਰਗੀਆਂ ਕੁਦਰਤੀ ਆਫ਼ਤਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। 1960ਵਿਆਂ ਦੇ ਦਹਾਕੇ ਵਿਚ ਇਨ੍ਹਾਂ ਕੁਦਰਤੀ ਆਫ਼ਤਾਂ ਦੀ ਗਿਣਤੀ ਸਿਰਫ਼ 32 ਸੀ ਜਿਹੜੀ 2010-2020 ਦੇ ਦਹਾਕੇ ਵਿਚ ਵਧ ਕੇ 110 ਹੋ ਗਈ ਹੈ। ਇਸ ਦੇ ਨਾਲ ਨਾਲ ਇਸ ਸੰਸਥਾ ਨੇ ਇਹ ਵੀ ਖੁਲਾਸਾ ਕੀਤਾ ਹੈ ਕਿ ਕੁਦਰਤੀ ਮਾਰ ਤੋਂ ਹੁਣ ਪਹਿਲਾਂ ਨਾਲੋਂ ਜ਼ਿਆਦਾ ਲੋਕ ਪ੍ਰਭਾਵਿਤ ਹੋ ਰਹੇ ਹਨ। ਭਾਰਤ ਵਿਚ 1900 ਵਿਚ ਕੁਦਰਤੀ ਆਫ਼ਤਾਂ ਤੋਂ ਸਿਰਫ਼ 1 ਮਿਲੀਅਨ ਲੋਕ ਪ੍ਰਭਾਵਿਤ ਹੋਏ ਸਨ, ਪਰ ਹੁਣ ਇਨ੍ਹਾਂ ਦੀ ਗਿਣਤੀ ਵਧ ਕੇ 596 ਮਿਲੀਅਨ ਹੋ ਗਈ ਹੈ। ਅਖੌਤੀ ਆਰਥਿਕ ਵਿਕਾਸ ਦੀ ਦਰ ਵਧਣ ਦੇ ਨਤੀਜੇ ਵਜੋਂ ਇਨ੍ਹਾ ਕੁਦਰਤੀ ਆਫ਼ਤਾਂ ਤੋਂ ਹੋਣ ਵਾਲੇ ਨੁਕਸਾਨ ਵਿਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਪਿਛਲੇ ਦਹਾਕੇ (2000-2010) ਵਿਚ ਕੁਦਰਤੀ ਆਫ਼ਤਾਂ ਨਾਲ ਹੋਣ ਵਾਲਾ ਨੁਕਸਾਨ 19.9

(ਬਾਕੀ ਸਫਾ 22 ‘ਤੇ)






## ਹਾਲਾਤ-ਏ-ਸਰਕਾਰੀ ਸਕੂਲ

ਸਕੂਲਾਂ ਵਿੱਚ ਬੱਚਿਆਂ ਦੀ ਲੈਂਦੇ ਨਹੀਓਂ ਸਾਰ।
ਟਿਊਸ਼ਨਾਂ ਪੜ੍ਹਾਈਏ ਘਰ ਵਿਚ ਚਾਰ ਚਾਰ।
ਵਿਦਿਆ ਵਿਚਾਰੀ ਨੂੰ ਤਾਂ ਵੇਚ ਖਾ ਰਹੇ,
ਗੁਰੂ ਉਸਤਾਦ ਨਾਮ ਦੇ ਹੀ ਰਹਿ ਗਏ,
ਪੈਸਾ ਮੁੱਖ ਹੋ ਗਿਆ ਕਲੰਕ ਲਾ ਰਹੇ।

ਚੋਰਾਂ ਸੰਗ ਰਲਗੀ ਹੈ ਕੁੱਤੀ ਇਸ ਦੇਸ਼ ਚ।
ਅੰਦਰੋਂ ਨੇ ਡਾਕੂ ਬਾਹਰੋਂ ਸਾਧਾਂ ਵਾਲੇ ਭੇਸ ਚ।
ਮਾਇਆ ਰਾਣੀ ਦੇ ਹੀ ਬਹੁਤੇ ਗੁਣ ਗਾ ਰਹੇ,,,,
ਗੁਰੂ,,,,,

ਬੜੀ ਤਰ੍ਹਾਂ ਨੇ ਲੈ ਲੈ ਫੰਡ ਕਰਦੇ ਉਗਰਾਹੀ।
ਸਾਰੇ ਮਾਪਿਆਂ ਨੂੰ ਜਾਂਦੇ ਨੇ ਚਪਤ ਇਹੇ ਲਾਈ।
ਪਰ ਬੱਚਿਆਂ ਦੇ ਨਹੀਂ ਕੁੱਝ ਪੱਲੇ ਨਾ ਰਹੇ,,,,
ਗੁਰੂ,,,,,

ਸਾਲ ਵਿੱਚ ਸੈਂਕੜੇ ਹੀ ਆ ਜਾਣ ਛੁੱਟੀਆਂ।
ਸਿਲੇਬਸ ਨਾ ਪੂਰਾ ਹੋਵੇ ਰਹਿੰਦੀਆਂ ਤਰੁੱਟੀਆਂ।
ਦੇਸ਼ ਦੇ ਭਵਿੱਖ ਨੂੰ ਇਹ ਢਾਹ ਲਾ ਰਹੇ,,,,
ਗੁਰੂ,,,,

ਬੈਗਾਂ ਵਾਲਾ ਦਿਨੋਂ ਦਿਨ ਭਾਰ ਵਧੀ ਜਾਂਦਾ ਹੈ।
ਪੜ੍ਹਾਈ ਵਾਲਾ ਦੋਸਤੋ ਮਿਆਰ ਘਟੀ ਜਾਂਦਾ ਹੈ।
ਵਰਦੀਆਂ ਕਿਤਾਬਾਂ ਚੋਂ ਵੀ ਵੱਢੀ ਖਾ ਰਹੇ,,,,
ਗੁਰੂ,,,,

ਪੰਜਾਬੀ ਪੜ੍ਹੋ ਤੇ ਪੜ੍ਹਾਵੋ ਵਾਲਾ ਦੇਈ ਜਾਣ ਹੋਕਾ।
ਆਪ ਬੋਲਦੇ ਅੰਗਰੇਜ਼ੀ ਨਹੀਓਂ ਛੱਡਦੇ ਕੋਈ ਮੌਕਾ।
ਕੌਨਵੈਂਟਾਂ ਵਿੱਚ ਬੱਚੇ ਖੁਦ ਨੇ ਪੜ੍ਹਾ ਰਹੇ,,,,
ਗੁਰੂ,,,,

ਦੱਦਾਹੂਰੀਆ ਇਹ ਆਖੇ ਉਸਤਾਦ ਕਈ ਚੰਗੇ।
ਜਿੰਨਾਂ ਬਦਲੀ ਨੁਹਾਰ ਨਾਲੇ ਟਾਈਮ ਦੇ ਪਾਬੰਦੇ।
ਪੂਰੀ ਲਗਨ ਦੇ ਨਾਲ ਸੇਵਾ ਜੋ ਨਿਭਾ ਰਹੇ,,
ਗੁਰੂ,,,,



–
**ਜਸਵੀਰ ਸ਼ਰਮਾ ਦੱਦਾਹੂਰ**
**91-95691-49556**

## ਸ਼ਾਦੀ

ਅੱਜ ਦਿਓਰ ਦਾ ਵਿਆਹ ਮੈਨੂੰ ਗੋਡੇ ਗੋਡੇ ਚਾਅ
ਭੈਣ ਬਣ ਗਈ ਦਰਾਣੀ ਮੈਂ ਵੀ ਉਲਾਂਭਾ ਦਿੱਤਾ ਲਾਹ
ਪੈਣ ਸ਼ਗਨ ਤੇ ਪਿੱਛੋਂ ਗਿੱਧਾ ਪਾਇਓ ਕੁੜੀਓ
ਮੈਂ ਤਾਂ ਨੱਚਣਾ ਤੇ ਧਰਤੀ ਨੇ ਕੰਬਣਾ
ਤੇ ਮੈਨੂੰ ਨਾ ਹਟਾਇਓ ਕੁੜੀਓ

ਦੋਵੇਂ ਇਕੋ ਘਰ ਭੈਣਾਂ ਦੁੱਖ ਸਾਂਝਾ ਕਰ ਲੈਣਾ
ਸਦਾ ਮਾਪੇ ਖੁਸ਼ ਰਹਿੰਦੇ ਕੋਈ ਫਿਕਰ ਨਾ ਰਹਿਣਾ
ਮਿਲੇ ਮੌਕਾ ਤੁਸੀਂ ਕਦੇ ਨਾ ਖੁੰਝਾਇਓ ਕੁੜੀਓ
ਮੈਂ ਤਾਂ ਨੱਚਣਾ ਤੇ ਧਰਤੀ ਨੇ ਕੰਬਣਾ ਤੇ ਮੈਨੂੰ ਨਾ ..

ਦੱਸ ਭੈਣ ਦੀ ਮੈਂ ਪਾਈ ਸਾਰੀ ਗੱਲ ਸਮਝਾਈ
ਕੋਈ ਫਿਕਰ ਨਾ ਕਰ ਪੂਰੀ ਕਰ ਤੂੰ ਪੜ੍ਹਾਈ
ਪੜ੍ਹੇ-ਲਿਖੇ ਨੂੰ ਹੀ ਰਿਸ਼ਤਾ ਕਰਾਇਓ ਕੁੜੀਓ
ਮੈਂ ਤਾਂ ਨੱਚਣਾ ਤੇ ਧਰਤੀ ਨੇ ਕੰਬਣਾ ਤੇ ਮੈਨੂੰ ਨਾ ..

ਦਿਓਰ ਭਾਬੀਆਂ ਦਾ ਗਹਿਣਾ ਵੈਸੇ ਮੰਨਣਾ ਤਾਂ ਪੈਣਾ
ਨੀ ਤੂੰ ਮੌਕਾ ਨਾ ਖੁੰਝਾਈ ਮੈਨੂੰ ਮਾਂ ਮੇਰੀ ਕਹਿਣਾ
ਪਰ ਦਾਜ ਦੇ ਲੋਭੀ ਨੂੰ ਮੂੰਹ ਨਾ ਲਾਇਓ ਕੁੜੀਓ
ਮੈਂ ਤਾਂ ਨੱਚਣਾ ਤੇ ਧਰਤੀ ਨੇ ਕੰਬਣਾ ਤੇ ਮੈਨੂੰ ਨਾ ..

ਉਹਦੇ ਜੁੰਡੀ ਦੇ ਤਾਂ ਯਾਰ ਜੰਨ ਜਾਣ ਨੂੰ ਤਿਆਰ
ਆ ਗਏ ਬੈਂਡ ਵਾਜੇ ਵਾਲੇ ਕੀਤੇ ਕਾਰ ਦਾ ਸ਼ਿੰਗਾਰ
ਸੇਹਰਾ 'ਦੇਵ ਘੋਲੀਏ' ਦੇ ਸਿਰ 'ਤੇ ਸਜਾਓ ਕੁੜੀਓ
ਮੈਂ ਤਾਂ ਨੱਚਣਾ ਤੇ ਧਰਤੀ ਨੇ ਕੰਬਣਾ
ਤੇ ਮੈਨੂੰ ਨਾ ਹਟਾਇਓ ਕੁੜੀਓ।



**– ਦੇਵ ਘੋਲੀਆ (ਫਰਿਜ਼ਨੋ)**
**559-232-7764**

## ਭੀਮ ਰਾਓ ਨਹੀਂ ਤੇਰੀ ਦੇਣ ਭੁਲਾਵਾਂਗੇ



ਭੀਮ ਰਾਓ ਨਹੀਂ ਤੇਰੀ ਦੇਣ ਭੁਲਾਵਾਂਗੇ
ਘਰ ਘਰ ਜਾ ਕੇ ਤੇਰਾ ਮਿਸ਼ਨ ਫੈਲਾਵਾਂਗੇ।
ਭੀਮ ਰਾਓ ...

ਹੱਕ ਵੋਟ ਦਾ ਮਜ਼ਲੂਮਾਂ ਲਈ ਠੰਢੀ ਬੋਹੜ ਦੀ ਛਾਂ ਵਰਗਾ
ਹਿੱਕ ਨਾਲ ਗਰੀਬਾਂ ਨੂੰ ਤੂੰ ਪਿਆਰ ਦਿੱਤਾ ਸੀ ਮਾਂ ਵਰਗਾ
ਤੇਰੀ ਦਿੱਤੀ ਕੁਰਬਾਨੀ ਨੂੰ, ਦਿਲਾਂ ਦੇ ਨਾਲ ਨਿਭਾਵਾਂਗੇ
ਭੀਮ ਰਾਓ ...

ਦੁਨੀਆਂ ਯਾਦ ਕਰਦੀ ਏ ਤੇਰੀ ਦਿੱਤੀ ਕੁਰਬਾਨੀ ਨੂੰ
ਮਰਦ ਬਰਾਬਰ ਹੱਕ ਦਿਲਾਏ ਤੈਂ ਭਾਰਤ ਵਿਚ ਜਨਾਨੀ ਨੂੰ
ਤੇਰੇ ਸ਼ੁਭ ਵਿਚਾਰਾਂ ਉਤੇ ਸਦਾ ਹੀ ਫੁੱਲ ਚੜ੍ਹਾਵਾਂਗੇ
ਭੀਮ ਰਾਓ ...

ਗਿੱਦੜੋ ਸ਼ੇਰ ਨੇ ਬਣਗੇ ਜਿਹੜੇ ਚੰਡੇ ਤੇਰਿਆਂ ਹੱਥਾਂ ਦੇ
ਅੱਗ ਲੁਕਾ ਕੇ ਰੱਖਣੀ ਔਖੀ ਹੁਣ ਤੇ ਥੱਲੇ ਕੱਖਾਂ ਦੇ
'ਪ੍ਰੇਮ ਚੁੰਬਰ' ਦੇ ਵਾਂਗੂ ਸਾਹਿਬ ਤੇਰੇ ਹੀ ਗੁਣ ਗਾਵਾਂਗੇ
ਭੀਮ ਰਾਓ ...

**– ਪ੍ਰੇਮ ਕੁਮਾਰ ਚੁੰਬਰ** (916) 947-8920

## ਕਾਵਿ ਵਿਅੰਗ
## ਐਗਜ਼ਿਟ ਪੋਲ-ਢੋਲ ਦਾ ਪੋਲ !

ਰੌਲ਼ਾ ਮੁੱਕਿਆ ਚੋਣ-ਪ੍ਰਚਾਰ ਵਾਲ਼ਾ
ਵਾਗਾਂ ਲੀਡਰਾਂ ਘਰਾਂ ਨੂੰ ਮੋੜੀਆਂ ਨੇ ।
ਇੱਕ ਦੂਜੇ ਦਾ ਭੰਡੀ ਪ੍ਰਚਾਰ ਕਰਕੇ
ਕਦਰਾਂ-ਕੀਮਤਾਂ ਪਿਛਲੀਆਂ ਤੋੜੀਆਂ ਨੇ ।
ਮਾਇਆ ਨਸ਼ੇ ਤੇ ਗੱਪਾਂ ਦੇ ਆਸਰੇ ਜੀ
ਇੱਧਰੋਂ ਉਧਰੋਂ ਵੋਟਾਂ ਹੀ ਜੋੜੀਆਂ ਨੇ ।
ਛੋਹੀ ਤੰਦ ਨਾ ਲੋਕਾਂ ਦੇ ਮਸਲਿਆਂ ਦੀ
ਗਾਈਆਂ ਹੋਰ ਹੀ ਹੋਰ ਕੋਈ ਘੋੜੀਆਂ ਨੇ।
ਮੱਤ-ਦਾਨ ਕਰ ਹੋ ਗਏ ਲੋਕ ਵਿਹਲੇ
ਤੇਈ ਮਈ 'ਤੇ ਨਜ਼ਰਾਂ ਹੁਣ ਗੱਡੀਆਂ ਜੀ।
'ਈ.ਵੀ.ਐਮ' ਦੇ ਬੋਲਿਆਂ ਪਤਾ ਲੱਗੂ
'ਐਗਜ਼ਿਟ ਪੋਲ' ਨੂੰ ਸਮਝ ਲਓ ਠੱਗੀਆਂ ਜੀ



**ਤਰਲੋਚਨ ਸਿੰਘ 'ਦੁਪਾਲ ਪੁਰ'**
**001-408-915-1268**

## ਮਿੰਨੀ ਕਹਾਣੀ / ਨੱਥ

ਲੰਬੜਦਾਰ ਸੁੱਚਾ ਸਿਉਂ ਦਾ ਸਾਂਝੀ ਜਦੋਂ ਬਲਦ ਰੇਹੜਾ ਲੈ ਕੇ ਪਿੰਡ ਦੀ ਸੱਥ 'ਚੋਂ ਲੰਘਿਆ ਤਾਂ ਬੈਠੇ ਭਗਤੂ ਬਾਬੇ ਨੇ ਕੋਲ ਖੜ੍ਹੇ ਮਾਸਟਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵੇਖ ਜਗਜੀਤ ਸਿਹਾਂ ਕਿਵੇਂ ਇਨਸਾਨ ਨੇ ਸਦੀਆਂ ਤੋਂ ਇਹਨਾਂ ਬੇਜ਼ੁਬਾਨਾਂ ਨੂੰ ਆਪਣੇ ਦਿਮਾਗ ਦੀ ਸੂਝ-ਬੂਝ ਨਾਲ ਕਾਬੂ ਕਰਕੇ ਵੱਸ ਕੀਤਾ ਹੋਇਆ ਹੈ।

ਬਾਬਾ ਜੀ ਜੇਕਰ ਇਹ ਨੱਥ ਅੱਜ ਦੇ ਭਰਿਸ਼ਟਾਚਾਰੀ ਅਫਸਰਸ਼ਾਹੀ, ਅਖੌਤੀ ਤੇ ਗੈਰ ਮਿਆਰੀ ਲੀਡਰਸ਼ਿਪ, ਬਲਤਕਾਰੀ, ਦਾਜ ਦੇ ਲੋਭੀਆਂ, ਦੇਸ਼ ਦੇ ਗੱਦਾਰਾਂ, ਨਸ਼ਾ ਤਸਕਰਾਂ, ਭਰੂਣ ਹਤਿਆਰਿਆਂ, ਪਖੰਡੀ ਸਾਧਾਂ, ਬਾਬਿਆਂ ਨੂੰ ਪਾਈ ਜਾਵੇ ਤਾਂ ਸਮਾਜ ਸੁਧਰ ਸਕਦਾ ਹੈ ਤੇ ਇਨਸਾਨੀਅਤ ਬਚ ਸਕਦੀ ਹੈ। ਇਹਨਾਂ ਕਹਿ ਕੇ ਕਈ ਸੁਚੇਤ ਸੁਨੇਹੇ ਛੱਡਦਾ ਮਾਸਟਰ ਸਕੂਟਰ 'ਤੇ ਸਵਾਰ ਹੋ ਕੇ ਰੂਪੋਸ਼ ਹੋ ਗਿਆ।



**– ਤਸਵਿੰਦਰ ਸਿੰਘ ਬੜੈਚ 91-98763-22677**

## ਭਾਰਤ ਵਿਚ ਸਮੁੰਦਰੀ ਤੂਫਾਨਾਂ ਦਾ ਵਧਦਾ ਖ਼ਤਰਾ

**(ਸਫਾ 21 ਦੀ ਬਾਕੀ)**

ਬਿਲੀਅਨ ਅਮਰੀਕਨ ਡਾਲਰ ਸੀ ਜਿਹੜਾ ਅਨੁਮਾਨਿਤ ਅੰਕੜਿਆਂ ਅਨੁਸਾਰ ਇਸ ਦਹਾਕੇ (2010-2020) ਵਿਚ 53.6 ਬਿਲੀਅਨ ਅਮਰੀਕੀ ਡਾਲਰ ਤੱਕ ਹੋ ਸਕਦਾ ਹੈ। ਕੁਦਰਤੀ ਆਫ਼ਤਾਂ ਤੋਂ ਹੋਣ ਵਾਲੇ ਨੁਕਸਾਨ ਵਿਚ ਵਾਧਾ ਹੋਣ ਦਾ ਮੁੱਖ ਕਾਰਨ ਤਾਂ ਇਹ ਹੈ ਕਿ ਰਾਜ ਅਤੇ ਕੇਂਦਰ ਸਰਕਾਰਾਂ ਅਕਸਰ ਭੂ-ਵਿਗਿਆਨੀਆਂ ਜਾਂ ਵਾਤਾਵਰਨ ਮਾਹਿਰਾਂ ਦੀ ਰਾਇ ਲਏ ਬਿਨਾਂ ਹੀ ਵਾਤਾਵਰਨ ਸੰਦਵੇਨਸ਼ੀਨ ਥਾਵਾਂ ਉੱਤੇ ਵੱਡੇ ਵੱਡੇ ਪ੍ਰੋਜੈਕਟ ਬਣਵਾ ਦਿੰਦੀਆਂ ਹਨ ਜਿਵੇਂ ਕੇਰਲ ਵਿਚ 2018 ਵਿਚ ਆਏ ਭਿਆਨਕ ਹੜ੍ਹ ਦਾ ਮੁਖ ਕਾਰਨ ਗਾਡਗਿਲ ਰਿਪੋਰਟ ਦੀ ਅਣਦੇਖੀ ਕਰਕੇ ਵਾਤਾਵਰਨ ਸੰਵੇਦਨਸ਼ੀਲ ਇਲਾਕਿਆਂ ਵਿਚ ਰਾਜ ਦੇ ਆਰਥਿਕ ਵਿਕਾਸ ਲਈ ਵੱਡੇ ਵੱਡੇ ਪ੍ਰੋਜੈਕਟ ਲਗਾਉਣਾ ਸੀ। ਇਸ ਲਈ ਕੇਂਦਰ ਸਰਕਾਰ ਦਾ ਬਣਦਾ ਹੈ ਕਿ ਆਰਥਿਕ ਵਿਕਾਸ ਦੀ ਦਰ ਵਧਾਉਣ ਲਈ ਤੱਟਵਰਤੀ ਖੇਤਰਾਂ ਦੇ ਵਾਤਾਵਰਨ ਵਿਚ ਉਸਾਰੀ ਦੇ ਨਿਯਮਾਂ ਨੂੰ ਪੇਤਲਾ ਨਾ ਕਰੇ ਜਿਸ ਤਰ੍ਹਾਂ 28 ਦਸੰਬਰ, 2018 ਨੂੰ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਵਿਚ ਕੀਤਾ ਗਿਆ ਹੈ। ਉਸ ਤਰ੍ਹਾਂ ਦੇ ਨਵੇਂ ਨਿਯਮਾਂ ਨਾਲ ਫ਼ਾਇਦਾ ਤਾਂ ਸਿਰਫ਼ ਜਾਇਦਾਦ ਕਾਰੋਬਾਰੀਆਂ ਅਤੇ ਸੈਰਸਪਾਟੇ ਵਿਭਾਗ ਨੂੰ ਹੀ ਹੋਵੇਗਾ, ਜਦਕਿ ਤੱਟਵਰਤੀ ਖੇਤਰਾਂ ਦੇ ਵਾਤਾਵਰਨ ਅਤੇ ਸਥਾਨੀ ਲੋਕਾਂ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ। ਆਰਥਿਕ ਵਿਕਾਸ ਦੀ ਦਰ ਵਧਾਉਣ ਲਈ ਤੱਟਵਰਤੀ ਖੇਤਰਾਂ ਦੇ ਵਾਤਾਵਰਨ ਸੰਵੇਦਨਸ਼ੀਲ ਇਲਾਕਿਆਂ ਨੂੰ ਮੁਨਾਫ਼ਾ ਕਮਾਉਣ ਲਈ ਤਾਂ ਸਹਿਸਗਾਹਾਂ ਦੇ ਤੌਰ ਤੇ ਵਿਕਸਤ ਕੀਤਾ ਜਾ ਸਕਦਾ ਹੈ, ਪਰ ਇਹ ਵੀ ਯਾਦ ਰੱਖਣਾ ਜ਼ਰੂਰੀ ਹੈ ਕਿ ਤੱਟਵਰਤੀ ਖੇਤਰਾਂ ਦੀ ਕੁਦਰਤੀ ਬਨਸਪਤੀ, ਜਲਗਾਹਾਂ, ਰੇਤਲੇ ਮੈਦਾਨ ਆਦਿ ਕੁਦਰਤ ਵੱਲੋਂ ਦਿੱਤੀਆਂ ਗਈਆਂ ਉਹ ਅਨਮੋਲ ਸੁਗਾਤਾਂ ਹਨ ਜੋ ਸਾਨੂੰ ਚੱਕਰਵਾਤਾਂ, ਸੁਨਾਮੀਆਂ, ਸਮੁੰਦਰੀ ਤੂਫ਼ਾਨਾਂ ਆਦਿ ਵਰਗੀਆਂ ਕੁਦਰਤੀ ਆਫ਼ਤਾਂ ਤੋਂ ਬਚਾਉਣ ਲਈ ਸਹਾਈ ਹੁੰਦੀਆਂ ਹਨ।

ਓਡੀਸ਼ਾ ਸਰਕਾਰ ਦੇ ਉਪਰਾਲੇ ਸ਼ਲਾਘਾਯੋਗ ਹਨ, ਪਰ ਇਸਦੇ ਨਾਲ ਨਾਲ ਕੇਂਦਰ ਸਰਕਾਰ ਦਾ ਬਣਦਾ ਹੈ ਕਿ ਕੁਝ ਕੁ ਲੋਕਾਂ ਦੇ ਹਿੱਤਾਂ ਦੀ ਖ਼ਾਤਰ ਲੱਖਾਂ ਲੋਕਾਂ ਦੀ ਜਾਨ ਅਤੇ ਮਾਲ ਦਾਅ ਉੱਤੇ ਨਾ ਲਾ ਕੇ ਦੇਸ਼ ਅਤੇ ਤੱਟਵਰਤੀ ਖੇਤਰਾਂ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਲਈ ਉਚਿਤ ਉਪਰਾਲੇ ਕਰੇ।

## ਮਨੁੱਖੀ ਜਿੰਦਗੀ ਲਈ ਬੇਹੱਦ ਘਾਤਕ ਹੈ ਤੰਬਾਕੂ ਦਾ ਸੇਵਨ

**(ਸਫਾ 16 ਦੀ ਬਾਕੀ)**

ਨਿਸ਼ਾਨਾ ਸਿਰਫ ਵਰਤਮਾਨ ਅਤੇ ਆਉਣ ਵਾਲੀ ਪੀੜ੍ਹੀ ਨੂੰ ਤੰਬਾਕੂਨੋਸ਼ੀ ਦੇ ਸਰੀਰ ਤੇ ਪੈਣ ਵਾਲੇ ਦੁਸ਼ਪ੍ਰਭਾਵਾਂ ਬਾਰੇ ਸੁਚੇਤ ਕਰਨਾ ਹੀ ਨਹੀ ਬਲਕਿ ਤੰਬਾਕੂਨੋਸ਼ੀ ਕਾਰਨ ਹੁੰਦੇ ਸਮਾਜਿਕ, ਵਾਤਾਵਰਨਿਕ ਅਤੇ ਆਰਥਿਕ ਨੁਕਸਾਨ ਬਾਰੇ ਵੀ ਚੇਤੰਨ ਕਰਨਾ ਹੈ।ਤੰਬਾਕੂ ਦੀ ਵਰਤੋ ਕਰਨ ਨਾਲ ਦਿਲ ਦੀ ਧੜਕਨ ਅਤੇ ਲਹੂ ਦੇ ਦਬਾਅ ਵਿੱਚ ਵਾਧਾ ਹੁੰਦ ਹੈ ਜਿਸ ਨਾਲ ਕੁਝ ਸਮੇ ਲਈ ਸਰੀਰ ਦੀ ਸਮਰੱਥਾ ਤਾਂ ਵਧ ਜਾਂਦੀ ਹੈ, ਪਰ ਇਸ ਦੀ ਵਰਤੋ ਕਾਰਨ ਸਰੀਰ ਕਈ ਪ੍ਰਕਾਰ ਦੀਆਂ ਗੰਭੀ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ।

ਵਿਸ਼ਵ ਵਿੱਚ ਤੰਬਾਕੂ ਦੀ ਵਰਤੋ ਰਾਹੀ ਹਰ 6 ਸੈਕਿੰਡ ਬਾਅਦ ਵਿੱਚ ਵਿਅਕਤੀ ਦੀ ਮੌਤ ਹੋ ਰਹੀ ਹੈ।ਇੱਕ ਅਧਿਐਨ ਮੁਤਾਬਕ ਸੰਸਾਰ ਵਿੱਚ ਮਰਨ ਵਾਲੇ 10 ਬਾਲਗ ਵਿਅਕਤੀਆਂ ਵਿੱਚ ਮਰਨ ਵਾਲਾ 1 ਵਿਅਕਤੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਤੰਬਾਕੂਨੋਸ਼ੀ ਦਾ ਸ਼ਿਕਾਰ ਹੁੰਦਾ ਹੈ।ਤੰਬਾਕੂ ਦੀ ਵਰਤੋ ਕਨ ਵਾਲਿਆਂ ਵਿੱਚੋ ਲਗਭਗ 50 ਫੀਸ਼ਦੀ ਵਿਅਕਤੀ ਤੰਬਾਕੂ ਰਾਹੀ ਹੁੰਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਕੇ ਮਰ ਜਾਂਦੇ ਹਨ।ਕਈ ਦੇਸ਼ਾਂ ਵਿੱਚ ਗਰੀਬ ਘਰਾਂ ਦੇ ਬੱਚੇ ਮਾੜੀ ਆਰਥਿਕ ਹਾਲਤ ਕਾਰਨ ਪਰਿਵਾਰ ਦੇ ਗੁਜਾਰੇ ਲਈ ਤੰਬਾਕੂ ਬਣਾਉਣ ਵਾਲੇ ਕਾਰਖਾਨਿਆਂ ਵਿੱਚ ਮਜਦੂਰੀ ਕਰਨ ਜਾਂਦੇ ਹਨ।ਕਾਰਖਾਨਿਆਂ ਵਿੱਚ ਨੰਗੇ ਹੱਥਾਂ ਨਾਲ ਕੰਮ ਕਰਨ ਸਮੇ ਤੰਬਾਕੂ ਦੇ ਗਿੱਲੇ ਪੱਤਿਆਂ ਰਾਹੀ ਨਿਕੋਟੀਨ ਇਨ੍ਹਾਂ ਬੱਚਿਆਂ ਦੀ ਚਮੜੀ ਵਿੱਚ ਚਲੀ ਜਾਂਦੀ ਹੈ, ਜਿਸ ਨਾਲ ਉਹ ਖਤਰਨਾਕ ਬਿਮਾਰੀਆਂ ਦੀ ਜਕੜ ਵਿੱਚ ਆ ਜਾਂਦੇ ਹਨ।

ਤੰਬਾਕੂ ਦੇ ਧੂੰਏ ਵਿੱਚ 4 ਹਜ਼ਾਰ ਰਸਾਇਣਕ ਤੱਕ ਹੁੰਦੇ ਹਨ, ਇਨ੍ਹਾਂ ਵਿੱਚ 250 ਰਸਾਇਣ ਸਾਡੇ ਸਰੀਰ ਲਈ ਬਹੁਤ ਹਾਨੀਕਾਰਕ ਹੁੰਦੇ ਹਨ ਅਤੇ 50 ਤੋ ਜਿਆਦਾ ਰਸਾਇਣ ਕੈਂਸਰ ਵਰਗੀ ਲਾ-ਇਲਾਜ ਅਲਾਮਤ ਦਾ ਮੁੱਖ ਕਾਰਨ ਬਣਦੇ ਹਨ।ਤੰਬਾਕੂ ਦਾ ਧੂੰਆਂ ਛੋਟੇ ਬੱਚਿਆਂ ਨੂੰ ਬੜੀ ਜਲਦੀ ਪ੍ਰਭਾਵਿਤ ਕਰਕੇ ਉਨਾਂ ਦੀ ਮੌਤ ਦਾ ਕਾਰਨ ਬਣਦਾ ਹੈ।ਸਰਵਜਨਕ ਥਾਵਾਂ ਤੇ ਲਗਭਗ 50 ਪ੍ਰਤੀਸ਼ਤ ਬੱਚੇ ਤੰਬਾਕੂ ਦੇ ਧੂੰਏਂ ਕਾਰਨ ਪ੍ਰਦੂਸ਼ਿਤ ਹੋਈ ਹਵਾ ਵਿੱਚ ਸਾਹ ਲੈਣ ਲਈ ਮਜਬੂਰ ਹਨ।40 ਪ੍ਰਤੀਸ਼ਤ ਤੋ ਜ਼ਿਆਦਾ ਬੱਚਿਆਂ ਦੇ ਮਾਤਾ-ਪਿਤਾ 'ਚੋ ਕੋਈ ਇੱਕ ਜਾਣਾ ਤੰਬਾਕੂ ਦਾ ਸੇਵਨ ਕਰਨ ਵਾਲਾ ਹੈ।

ਤੰਬਾਕੂ ਦੀ ਵਰਤੋ ਸਬੰਧੀ ਬਣੇ ਹੋਏ ਕਾਨੂੰਨਾਂ ਰਾਹੀ ਤੰਬਾਕੂ ਦੀ ਵਰਤੋਂ ਨਾ ਕਰਨ ਵਾਲੇ ਵਿਅਕਤੀਆਂ ਦੀ ਸਿਹਤ ਦੀ ਰੱਖਿਆ ਕੀਤੀ ਜਾ ਸਕਦੀ ਹੈ।ਤੰਬਾਕੂਨੋਸ਼ੀ ਕਰਨ ਵਾਲੇ ਵਿਅਕਤੀਆਂ ਨੂੰ ਤੰਬਾਕੂ ਦੇ ਗੰਭੀਰ ਸਿੱਟਿਆਂ ਬਾਰੇ ਦੱਸ ਕੇ ਇਸ ਦੀ ਵਰਤੋਂ ਨਾ ਕਰਨ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ।ਚੀਨ ਵਿੱਚ ਕੀਤੇ ਇੱਕ ਅਧਿਐਨ ਤੋ ਪਤਾ ਲੱਗਿਆ ਹੈ ਕਿ ਤੰਬਾਕੂ ਦੀ ਵਰਤੋ ਕਰਨ ਵਾਲੇ ਬਹੁਤ ਹੀ ਥੋੜੇ ਲੋਕਾਂ ਨੂੰ ਇਹ ਪਤਾ ਹੈ ਕਿ ਤੰਬਾਕੂ ਸਰੀਰ ਲਈ ਨੁਕਸਾਨਦੇਹ ਹੈ ਅਤੇ ਇਸ ਦੀ ਵਰਤੋ ਕਰਨ ਨਾਲ ਕੈਂਸਰ, ਟੀ.ਬੀ., ਦਿਲ ਦਾ ਦੌਰਾ ਅਤੇ ਭਿਆਨਕ ਬਿਮਾਰੀਆਂ ਲੱਗ ਜਾਂਦੀਆਂ ਹਨ।ਤੰਬਾਕੂਨੋਸ਼ੀ ਕਰਨ ਵਾਲੀ ਵੱਡੀ ਗਿਣਤੀ ਅਜੇ ਇਸ ਦੀ ਵਰਤੋ ਤੋ ਹੋਣ ਵਾਲੇ ਰੋਗਾ ਤੋ ਅਣਜਾਣ ਹੈ।ਇਸ ਲਈ ਤੰਬਾਕੂ ਦੇ ਨੁਕਸਾਨਾਂ ਬਾਰੇ ਜਾਗਰੂਕਤਾ ਫੈਲਾਉਣ ਦੀ ਬੜੀ ਜਰੂਰਤ ਹੈ।ਤੰਬਾਕੂਨੋਸ਼ੀ ਕਰਨੇ ਵਾਲੇ ਜਿਹੜੇ ਵਿਅਕਤੀ ਇਸ ਤੋ ਹੋਣ ਵਾਲੇ ਨੁਕਸਾਨਾਂ ਤੋਂ ਜਾਣੂ ਹਨ ਅਤੇ ਉਹ ਇਸ ਲਤ ਤੋਂ ਛੁਟਕਾਰਾ ਪਾਉਣ ਚਾਹੁੰਦਾ ਹਨ, ਉਨ੍ਹਾਂ ਦੀ ਹਰ ਤਰ੍ਹਾਂ ਦੀ ਸਹਾਇਤਾ ਕਰਕੇ ਉਨ੍ਹਾਂ ਨੂੰ ਮੌਤ ਦੇ ਮੂੰਹ ਵਿੱਚ ਜਾਣ ਤੋ ਬਚਾਇਆ ਜਾਣਾ ਚਾਹੀਦਾ ਹੈ।

ਤੰਬਾਕੂ ਵੇਚਣ ਵਾਲੀਆਂ ਕੰਪਨੀਆਂ ਹਰ ਸਾਲ ਲਗਭਗ 10 ਬਿਲੀਅਨ ਡਾਲਰ ਤੰਬਾਕੂ ਦੀ ਇਸ਼ਤਿਹਾਰਬਾਜ਼ੀ, ਪ੍ਰਚਾਰ ਅਤੇ ਸਪਾਸ਼ਰਸ਼ਿਪ ਲਈ ਖਰਚ ਕਰਦੀਆਂ ਹਨ।ਕੰਪਨੀਆਂ ਦੁਆਰਾ ਤੰਬਾਕੂ ਦੀ ਖੁੱਲੇ ਰੂਪ ਵਿੱਚ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ ਅਤੇ ਪ੍ਰਚਾਰ ਕਾਰਨ ਵਿਸ਼ਵ ਦੀ ਲਗਭਗ ਇੱਕ ਤਿਹਾਈ ਜਵਾਨੀ ਸ਼ੌਕ-ਸ਼ੌਕ ਵਿੱਚ ਹੀ ਤੰਬਾਕੂ ਦੀ ਵਰਤੋਂ ਕਰਨ ਦੀ ਆਦੀ ਹੋ ਰਹੀ ਹੈ। ਤੰਬਾਕੂਨੋਸੀ ਕਰਨ ਵਾਲੇ 10 ਵਿਅਕਤੀਆਂ ਵਿੱਚੋ 9 ਵਿਅਕਤੀ 18 ਸਾਲ ਦੀ ਉਮਰ ਤੋ ਪਹਿਲਾਂ ਹੀ ਤੰਬਾਕੂ ਦੀ ਵਰਤੋ ਸ਼ੁਰੂ ਕਰ ਦਿੰਦੇ ਹਨ ਅਤੇ ਇਨ੍ਹਾਂ ਵਿੱਚੋ 80 ਅਜਿਹੇ ਹੁੰਦੇ ਹਨ, ਜਿਹੜੇ ਤੰਬਾਕੂ ਦੇ ਮਸ਼ਹੂਰ ਤਿੰਨ ਬਰਾਂਡਾ ਵਿੱਚ ਕਿਸੇ ਇੱਕ ਨੂੰ ਚੁਣਦੇ ਹਨ।ਬਾਜਾਰ ਵਿੱਚ ਉਪਲਬਧ ਤੰਬਾਕੂ ਵਾਲੀਆਂ ਵਸਤਾਂ ਵਿੱਚ ਵੱਖ-ਵੱਖ ਫਲਾਂ ਦੇ ਸਵਾਦ, ਸਿਗਰਟਾਂ ਦੇ ਦਿਲ ਖਿੱਚਵੇ ਆਕਾਰ ਅਤੇ ਆਕਰਸ਼ਕ ਪੈਕਿੰਗ ਕਰਕੇ ਬਾਜ਼ਾਰ ਵਿੱਚ ਉਤਾਰਿਆ ਜਾਂਦਾ ਹੈ ਤਾਂ ਕਿ ਲੋਕ ਇਨ੍ਹਾਂ ਤੋ ਆਕਰਸ਼ਿਤ ਹੋ ਕੇ ਵਰਤੋ ਕਰਨ।20ਵੀ ਸਦੀ ਵਿੱਚ ਤੰਬਾਕੂ ਦੇ ਦੁਸ਼ਪ੍ਰਭਾਵਾਂ ਕਾਰਨ ਕਰੀਬ 100 ਮਿਲੀਅਨ ਮੌਤਾਂ ਹੋਈਆਂ ਸਨ, ਜੇਕਰ ਇਹ ਸਭ ਇਸੇ ਤਰ੍ਹਾਂ ਹੀ ਚਲਦਾ ਰਿਹਾ ਤਾਂ 21ਵੀਂ ਸਦੀ ਵਿੱਚ ਲਗਭਗ 1 ਬਿਲੀਅਨ ਮੌਤਾਂ ਤੰਬਾਕੂ ਕਾਰਨ ਹੋਣਗੀਆਂ। ਤੰਬਾਕੂਨੋਸ਼ੀ ਕਾਰਨ ਇੱਕ ਸਾਲ ਵਿੱਚ ਇਕੱਲੇ ਭਾਰਤ ਵਿੱਚ ਹੀ 10 ਲੱਖ ਲੋਕ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ।

'ਅੰਤਰ ਰਾਸ਼ਟਰੀ ਤੰਬਾਕੂ ਉਤਪਾਦਕ ਸੰਘ ਦਾ ਮੰਨਣਾ ਹੈ ਕਿ ਵਿਸ਼ਵ ਸਿਹਤ ਸੰਗਠਨ ਵੱਲੋ ਚਲਾਈ ਜਾ ਰਹੀ ਤੰਬਾਕੂ ਵਿਰੋਧੀ ਮੁਹਿੰਮ ਕਾਮਯਾਬ ਹੋ ਸਕਦੀ ਹੈ ।ਵਿਸ਼ਵ ਦੀ ਅਬਾਦੀ ਦੇ ਇੱਕ ਵੱਡੇ ਹਿੱਸੇ ਨੂੰ ਤੰਬਾਕੂ ਪ੍ਰਭਾਵ ਤੋ ਮੁਕਤ ਕਰਨ ਲਈ ਮਿਲ ਕੇ ਯਤਨ ਕਰਨ ਦੀ ਲੋੜ ਹੈ।ਵਿਸ਼ਵ ਸਿਹਤ ਸੰਗਠਨ ਵੱਲੋ ਤੰਬਾਕੂ ਦੀ ਵਰਤੋ ਵਿਰੁੱਧ ਸ਼ੁਰੂ ਕੀਤੀ ਗਈ ਲੜਾਈ ਵਿੱਚ ਅਜੇ ਬਹੁਤ ਕੁਝ ਕਰਨਾ ਬਾਕੀ ਹੈ।ਤੰਬਾਕੂਨੋਸ਼ੀ ਰੋਕਣ ਲਈ ਬਣੇ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਣੀ ਚਾਹੀਦੀ ਹੈ ਅਤੇ ਕਾਨੂੰਨ ਵਿੱਚ ਢਿੱਲ ਵਰਤਣ ਵਾਲੇ ਕਰਮਚਾਰੀਆਂ ਦੀ ਵੀ ਪੁੱਛ ਪੜਤਾਲ ਕੀਤੀ ਜਾਣੀ ਚਾਹੀਦੀ ਹੈ।ਤੰਬਾਕੂਨੋਸ਼ੀ ਕਰਨ ਵਾਲੇ ਵਿਅਕਤੀਆਂ ਨੂੰ ਇਸ ਦੇ ਸਿਹਤ ਅਤੇ ਵਾਤਾਵਰਨ ਤੇ ਪੈ ਰਹੇ ਬੁਰਾ ਪ੍ਰਭਾਵਾਂ ਬਾਰੇ ਜਾਣਕਾਰੀ ਦੇ ਕੇ ਇਸ ਮਾੜੀ ਲਤ ਤੋ ਛੁਟਕਾਰਾ ਦਿਵਾਉਣਾ ਚਾਹੀਦਾ ਹੈ।ਆਉ ਸਾਰੇ ਰਲ ਕੇ ਪ੍ਰਣ ਕਰੀਏ ਕਿ ਅਸੀ ਆਪਣੇ ਆਲੇ-ਦੁਆਲੇ ਦੇ ਤੰਬਾਕੂਨੋਸੀ ਕਰਨ ਵਾਲੇ ਵਿਅਕਤੀਆਂ ਨੂੰ ਇਸ ਦੇ ਮਾੜੇ ਨਤੀਜੇ ਦੱਸ ਕੇ ਤੰਬਾਕੂਨੋਸ਼ੀ ਕਰਨ ਤੋ ਰੋਕ ਕੇ ਇਸ ਮੁਹਿਮ ਵਿੱਚ ਆਪਣਾ ਬਣਦਾ ਯੋਗਦਾਨ ਪਾ ਕੇ ਤੰਬਾਕੂਨੋ ਕਾਰਨ ਹੁੰਦੀਆਂ ਮੌਤਾਂ ਦੀ ਗਿਣਤੀ ਘਟਾਉਣ ਲਈ ਯਤਨ ਕਰਾਂਗੇ।

# TANDOOR
**Indian Restaurant**

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

**Ph. 510-885-1212, Fax. 510-885-1532**

**We are open seven days 11 AM to 10 PM**





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust




**DO YOU HAVE $3,000? If yes, we can help you buy your own home today using a down-payment assistance loan program.**

**ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404**




3-4 Bedrooms, 2.5 Bathrooms
Sq Ft: 1963, Lot Size:
Listing Price: 424,900
Roseville, CA




4 Bedrooms, 2.5 Bathrooms, Sq Ft: 1596
Lot Size: 6,098,
Listing Price: 279,900
Sacramento, CA




3 Bedrooms, 2.0 Bathrooms,
Sq Ft: 1,118, Lot Size: 6,970,
Listing Price: 279,000
Sacramento, CA




4 Bedrooms, 3.5 Bathrooms,
Sq Ft: 2,612, Lot Size: 8,425,
Listing Price: 619,000
Tracy, CA




Auto Repair & Lube Shop
Lot Size: 2000, Rent is ONLY
$1500/mo.
Listing Price: $139,000
Sacramento, CA




Liquor Store for Sale in Santa Clara
Monthly Gross Sale: $90K
Listing Price: 599,000 plus Inventory




5 Bedrooms, 2.5 Bathrooms,
Sq Ft: 2,504, Lot Size: 6,574,
Listing Price $399,000
Sacramento, CA




5 Bedrooms, 3 Bathrooms,
Sq Ft: 2.045, Lot Size: 5,284,
Listing Price $419,000
Elk Grove, CA




Subway
for Sale in Sacramento
Listing Price: 239,900




Indian Restaurant
for Sale in Sacramento
Listing Price: 149,000




Liquor Store for Sale in Sacramento
Monthly Gross Sale: 110K
Down Payment: 400K (Seller will carry Rest)
Listing Price: 599,000 plus Inventory




2 Bedrooms, 2 Bathrooms
Sq Ft: 1,116, Rental,Income: $1500 Month
Listing Price $159,000
Sacramento, CA




BH HS BERKSHIRE HATHAWAY HOMESERVICES

**BERKSHIRE HATHAWAY**
**Home Services**
**Elite Real Estate**

**SPECIALISE IN BANK REPO**
**APARTMENTS, COMMERCIAL PROPERTIES, GAS STATIONS, HOTELS AND AGRICULTURAL LAND**

**OFFICE: 7412 ELSIE AVE., SACRAMENTO, CA 95828**